
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 22
September 12, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




9/11 ਦੇ ਭਿਆਨਕ ਦਹਿਸ਼ਤਗਰਦ ਹਮਲੇ ਦਾ ਸ਼ਿਕਾਰ ਹੋਏ ਲੋਕਾਂ ਨੂੰ ਅਦਾਰਾ 'ਦੇਸ਼-ਦੁਆਬਾ' ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।
(ਰਿਪੋਰਟ ਦੇਖੋ ਸਫਾ 3 'ਤੇ)

# ਕੈਰੋਲਿਨਾ ਵੱਲ ਵੱਧ ਰਿਹਾ ਹੈ ਖਤਰਨਾਕ ਤੂਫਾਨ

**ਵਾਸ਼ਿੰਗਟਨ (ਬਿਊਰੋ)** ਤਾਕਤਵਰ ਤੂਫਾਨ ਫਲੋਰੈਂਸ ਕੈਟੇਗਰੀ 4 ਦਾ ਰੂਪ ਅਖਤਿਆਰ ਕਰਕੇ ਸੋਮਵਾਰ ਨੂੰ 140 ਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਪੂਰਬੀ ਤਟ ਵੱਲ ਵੱਧ ਰਿਹਾ ਹੈ। ਨੈਸ਼ਨਲ ਹਰੀਕੇਨ ਸੈਂਟਰ ਨੇ ਇਸ ਤੂਫਾਨ ਨੂੰ ਕਾਫੀ ਖਤਰਨਾਕ ਦੱਸਿਆ ਹੈ ਅਤੇ ਅੰਦਾਜ਼ਾ ਲਗਾਇਆ ਹੈ ਕਿ ਇਹ ਇੰਨਾ ਤਾਕਤਵਰ ਹੋ ਸਕਦਾ ਹੈ ਕਿ ਮੰਗਲਵਾਰ ਨੂੰ ਕੈਟੇਗਰੀ 5 ਤੱਕ ਪਹੁੰਚ ਜਾਵੇਗਾ। ਸੈਂਟਰ ਦੀ ਮੰਨੀਏ ਤਾਂ ਫਲੋਰੈਂਸ ਮੰਗਲਵਾਰ ਅਤੇ ਬੁੱਧਵਾਰ ਨੂੰ ਬਰਮੂਡਾ ਅਤੇ ਬਹਿਮਾਸ ਵਿਚੋਂ ਲੰਘੇਗਾ।

ਸੰਭਾਵਨਾ ਹੈ ਕਿ ਵੀਰਵਾਰ ਨੂੰ ਫਲੋਰੈਂਸ ਅਮਰੀਕਾ ਦੇ ਪੂਰਬੀ ਤਟ ਨਾਲ ਟਕਰਾ ਸਕਦਾ ਹੈ। ਸਾਊਥ ਕੈਰੋਲਿਨਾ ਸਰਕਾਰ ਨੇ 10 ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਲਿਜਾਣ ਦਾ ਆਦੇਸ਼ ਦਿੱਤਾ ਹੈ। ਤੂਫਾਨ ਦੇ ਕਾਰਨ 220 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਹਵਾਵਾਂ ਚੱਲਣਗੀਆਂ। ਨੌਰਥ ਕੈਰੋਲਿਨਾ ਦੇ ਮਸ਼ਹੂਰ ਸੈਰ ਸਪਾਟਾ ਸਥਾਨ ਆਊਟਰ ਬੈਂਕਸ ਸਮੇਤ ਕਈ ਥਾਵਾਂ ਨੂੰ ਖਾਲੀ ਕਰਵਾ ਲਿਆ ਗਿਆ ਹੈ।



ਸਾਊਥ ਕੇਰੋਲਿਨਾ ਦੇ ਗਵਰਨਰ ਹੈਨਰੀ ਮੈਕਮਾਸਟਰ ਮੁਤਾਬਕ ਇਹ ਕਾਫੀ ਤਾਕਤਵਰ ਤੂਫਾਨ ਹੈ। ਅਸੀਂ ਕੋਈ ਖਤਰਾ ਨਹੀਂ ਲੈ ਸਕਦੇ। ਤਟੀ ਇਲਾਕਿਆਂ ਤੋਂ ਲੋਕ ਆਪ ਹੀ ਬਾਹਰ ਨਿਕਲ ਰਹੇ ਹਨ। ਫਲੋਰੈਂਸ ਨੂੰ ਕੈਟੇਗਰੀ 4 ਦਾ ਤੂਫਾਨ ਦੱਸਿਆ ਜਾ ਰਿਹਾ ਹੈ। ਇਹ ਬੀਤੇ ਦਹਾਕਿਆਂ ਦਾ ਸਭ ਤੋਂ ਤੇਜ਼ ਹਰੀਕੇਨ ਹੋ ਸਕਦਾ ਹੈ। ਤੂਫਾਨ ਦੇ ਕਾਰਨ ਤੇਜ਼ ਬਾਰਿਸ਼ ਅਤੇ ਹੜ੍ਹਾਂ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ।


ਅਮੋਲਕ ਸਿੰਘ ਗਾਖਲ


ਮੱਖਣ ਸਿੰਘ ਬੈਂਸ

14ਵੇਂ ਵਿਸ਼ਵ ਕਬੱਡੀ ਕੱਪ ਦੇ ਸਾਰੇ ਪ੍ਰਬੰਧ ਮੁਕੰਮਲ। 16 ਸਤੰਬਰ ਨੂੰ ਮਾਂ-ਖੇਡ ਕਬੱਡੀ ਦੇ ਰੰਗ ਵੇਖਣ ਲਈ ਯੂਨੀਅਨ ਸਿਟੀ ਪਹੁੰਚਣ ਦਾ ਖੁੱਲਾ ਸੱਦਾ
(ਰਿਪੋਰਟ ਦੇਖੋ ਸਫਾ 3 ਅਤੇ 11 'ਤੇ)

# ਸ਼ਿਕਾਗੋ ਹਾਈ ਸਕੂਲ ਦੇ ਬਾਹਰ ਗੋਲੀਬਾਰੀ, 3 ਲੜਕੇ ਜ਼ਖਮੀ

**ਸ਼ਿਕਾਗੋ (ਬਿਊਰੋ)—** ਅਮਰੀਕਾ ਦੇ ਸ਼ਿਕਾਗੋ ਸਥਿਤ ਹਾਈ ਸਕੂਲ ਦੇ ਬਾਹਰ ਗੋਲੀਬਾਰੀ ਦੀ ਘਟਨਾ ਵਾਪਰੀ। ਇਹ ਜਾਣਕਾਰੀ ਸਥਾਨਕ ਪੁਲਸ ਨੇ ਦਿੱਤੀ। ਇਸ ਗੋਲੀਬਾਰੀ ਦੀ ਘਟਨਾ ਵਿਚ 3 ਲੜਕਿਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਦੱਸਿਆ ਜਾ ਰਿਹਾ ਹੈ ਕਿ ਸਥਾਨਕ ਸਮੇਂ ਅਨੁਸਾਰ 4.00 ਵਜੇ ਦੇ ਕਰੀਬ ਗੋਲੀਬਾਰੀ ਦੀ ਇਹ ਘਟਨਾ ਵਾਪਰੀ। ਗੋਲੀਬਾਰੀ 'ਚ ਜ਼ਖਮੀ ਹੋਏ ਤਿੰਨੋਂ ਲੜਕਿਆਂ ਦੀ ਉਮਰ 16 ਤੋਂ 18 ਸਾਲ ਦਰਮਿਆਨ ਹੈ। ਅਧਿਕਾਰੀਆਂ ਮੁਤਾਬਕ 16 ਸਾਲਾ ਲੜਕੇ ਦਾ ਖੱਬਾ ਮੋਢਾ, 17 ਸਾਲਾ ਲੜਕੇ ਦੀ ਖੱਬੀ ਲੱਤ ਅਤੇ 18 ਸਾਲਾ ਲੜਕੇ ਦੀ ਸੱਜੀ ਬਾਂਹ 'ਤੇ ਗੋਲੀ ਲੱਗੀ ਹੈ। ਤਿੰਨਾਂ 'ਚੋਂ ਇਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ਅਤੇ ਉਸ ਨੂੰ ਯੂਨੀਵਰਸਿਟੀ ਆਫ ਸ਼ਿਕਾਗੋ ਹਸਪਤਾਲ ਲਿਜਾਇਆ ਗਿਆ। ਦੱਸਣਯੋਗ ਹੈ ਕਿ ਸਕੂਲ 'ਚ ਛੁੱਟੀ ਹੋਣ ਤੋਂ ਤੁਰੰਤ ਬਾਅਦ ਇਹ ਘਟਨਾ ਵਾਪਰੀ।



ਸ਼ਿਕਾਗੋ ਸਨ-ਟਾਈਮਜ਼ ਦੀ ਰਿਪੋਰਟ ਮੁਤਾਬਕ ਗੋਲੀਬਾਰੀ ਦੀ ਇਹ ਘਟਨਾ ਚਾਥਮ ਅਕੈਡਮੀ ਹਾਈ ਸਕੂਲ ਦੇ ਬਾਹਰ ਵਾਪਰੀ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਕਿ ਹਮਲਾਵਰ ਆਪਣੀ ਕਾਰ 'ਚ ਸਵਾਰ ਹੋ ਕੇ ਆਏ ਅਤੇ ਉਨ੍ਹਾਂ ਨੇ ਕਈ ਵਾਰ ਗੋਲੀਬਾਰੀ ਕੀਤੀ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


Don't wait until it's too late. Come give your car a break at Brake Time
Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
Joe Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ

# 14ਵੇਂ ਵਿਸ਼ਵ ਕਬੱਡੀ ਕੱਪ ਦੇ ਸਾਰੇ ਪ੍ਰਬੰਧ ਮੁਕੰਮਲ

## 16 ਸਤੰਬਰ ਨੂੰ ਮਾ-ਖੇਡ ਕਬੱਡੀ ਦੇ ਰੰਗ ਵੇਖਣ ਲਈ ਯੂਨੀਅਨ ਸਿਟੀ ਪਹੁੰਚਣ ਦਾ ਖੁੱਲ੍ਹਾ ਸੱਦਾ : ਗਾਖਲ

**ਯੂਨੀਅਨ ਸਿਟੀ (ਬਿਓਰੋ)-** ਉੱਤਰੀ ਅਮਰੀਕਾ ਦੇ ਹੀ ਨਹੀਂ ਸਗੋਂ ਹੋਰ ਵਿਸ਼ਵ ਕਬੱਡੀ ਖੇਡ ਜਗਤ ਵਿੱਚ ਵਿਸ਼ੇਸ਼ ਥਾਂ ਰੱਖਣ ਵਾਲਾ ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆ ਦਾ 14ਵਾਂ ਵਿਸ਼ਵ ਕਬੱਡੀ ਕੱਪ 16 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਸਵੇਰੇ 9 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਇਆ ਜਾ ਰਿਹਾ ਹੈ। ਇਸ ਖੇਡ ਮੇਲੇ ਦੇ ਮੁੱਖ ਸਰਪ੍ਰਸਤ ਤੇ ਰੂਹੇ-ਰਵਾਰ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਏਸ ਵੇਲੇ ਕੈਲੇਫੋਰਨੀਆ ਦੀ ਧਰਤੀ ਤੇ ਚੋਟੀ ਦੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀ ਪਹੁੰਚ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਬੱਡੀ ਦੇ ਇਸ ਕੁੰਭ ਵਿੱਚ ਉਹ ਸਾਰੇ ਕਬੱਡੀ ਖਿਡਾਰੀ ਸ਼ਿਰਕਤ ਕਰਨਗੇ, ਜਿਨ੍ਹਾਂ ਨੂੰ ਵੇਖਣ ਲਈ ਪੰਜਾਬੀ ਦਰਸ਼ਕਾਂ ਵਿੱਚ ਹਮੇਸ਼ਾ ਉਤਸੁਕਤਾ ਬਣੀ ਰਹੀ ਹੈ। ਸ. ਗਾਖਲ ਨੇ ਕਿਹਾ ਕਿ ਇਸ ਵਾਰ ਪਹਿਲਾਂ ਨਾਲੋਂ ਵੀ ਵਧੇਰੇ ਦਰਸ਼ਕਾਂ ਦੀ ਆਮਦ ਹੋਣ ਦੀ ਆਸ ਬੱਝੀ ਹੋਈ ਹੈ। ਏਸੇ ਕਰਕੇ ਪਾਰਕਿੰਗ, ਗੁਰੂ ਕੇ ਲੰਗਰ, ਚਾਹ-ਪਾਣੀ, ਮੁਫਤ ਦਾਖਲਾ ਅਤੇ ਸਕਿਓਰਿਟੀ ਪੱਖੋਂ ਹਰ ਤਰ੍ਹਾਂ ਦਾ ਪ੍ਰਬੰਧ, ਹਰ ਸੁਵਿਧਾ ਲਈ ਕੀਤਾ ਗਿਆ ਹੈ। ਕਬੱਡੀ ਦੇ ਖੁੱਲ੍ਹੇ ਮੁਕਾਬਲਿਆਂ ਵਿੱਚ ਸ਼ੇਰੇ-ਪੰਜਾਬ ਸਪੋਰਟਸ ਕਲੱਬ ਲਾਸ ਵੈਨਸ (ਲੱਛਰ ਭਰਾ), ਬੇ-ਏਰੀਆ ਸਪੋਰਟਸ ਕਲੱਬ (ਬਲਜੀਤ ਸੰਧੂ), ਰਾਇਲ ਕਿੰਗ ਯੂ. ਐੱਸ. ਏ. (ਸ਼ੱਬਾ ਥਿਆੜਾ), ਮਿਡ ਵੈਸਟ ਕਲੱਬ (ਵਿੱਕੀ ਅਤੇ ਤਾਰੀ), ਕਨੇਡਾ ਕਲੱਬ (ਸੇਵਾ ਸਿੰਘ ਰੰਧਾਵਾ ਤੇ ਪੰਮਾ ਦਿਓਲ), ਟੀਮਾਰ ਭਾਗ ਲੈ ਰਹੀਆਂ ਹਨ, ਜਦੋਂ ਕਿ ਅੰਡਰ-20 ਫਾਈਵ ਵਿੱਚ ਯੂਬਾ ਬ੍ਰਦਰਜ਼, ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਦੇ ਕਬੱਡੀ ਖਿਡਾਰੀ ਦਰਸ਼ਕਾਂ ਨੂੰ ਕਬੱਡੀ ਦੇ ਰੰਗ ਦਿਖਾਉਣ ਲਈ ਨਿੱਤਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਖੇਡ ਮੇਲੇ ਦਾ ਹਰ ਪਲ ਦਰਸ਼ਕ ਦੇ ਚੇਤੇ 'ਚੋਂ ਕਦੇ ਨਹੀਂ ਵਿਸਰੇਗਾ।


ਸ. ਅਮੋਲਕ ਸਿੰਘ ਗਾਖਲ

ਤਕਰੀਬਨ ਇੱਕ ਦਰਜਨ ਤੋਂ ਵੱਧ ਪੁਲਿਸ ਅਫਸਰਾਂ ਅਤੇ 30 ਦੇ ਕਰੀਬ ਸਕਿਓਰਿਟੀ ਅਫਸਰ ਇਸ ਖੇਡ ਮੇਲੇ ਦੀ ਦੇਖ-ਰੇਖ ਕਰਦੇ ਰਹਿਣਗੇ। ਟੂਰਨਾਮੈਂਟ ਦਾ ਉਦਘਾਟਨ ਸ. ਸੁਰਜੀਤ ਸਿੰਘ ਟੁੱਟ, ਮਾਈਕ ਬੌਪਾਰਾਏ, ਜਸਪ੍ਰੀਤ ਸਿੰਘ ਅਟਾਰਨੀ, ਮੇਜਰ ਸਿੰਘ ਬੈਂਸ ਅਤੇ ਹਰਦੁੰਮਣ ਸਿੰਘ ਬਿੱਲਾ ਸੰਘੇੜਾ, ਜਦੋਂ ਕਿ ਖਡੂਰ ਸਾਹਿਬ ਵਾਲੇ ਸੰਤ ਬਾਬਾ ਸੇਵਾ ਸਿੰਘ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਮੁੱਖ ਮਹਿਮਾਨ ਵਜੋਂ ਇਸ ਖੇਡ ਮੇਲੇ ਵਿੱਚ ਹਾਜ਼ਰ ਹੋਣਗੇ। ਇੱਥੇ ਰਾਜਾ ਸਵੀਟਸ ਵਿਖੇ ਹੋਈ ਅਹਿਮ ਪ੍ਰਬੰਧਾਂ ਦੇ ਨਿਰੀਖਣ ਲਈ ਹੋਈ ਮੀਟਿੰਗ ਵਿੱਚ ਚੇਅਰਮੈਨ ਸ. ਮੱਖਣ ਸਿੰਘ ਬੈਂਸ, ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਬਲਬੀਰ ਭਾਟੀਆ, ਪਲਵਿੰਦਰ ਸਿੰਘ ਗਾਖਲ, ਇੰਦਰਜੀਤ ਥਿੰਦ, ਸਾਧੂ ਸਿੰਘ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਐੱਸ ਅਸ਼ੋਕ ਭੌਰਾ ਆਦਿ ਹਾਜ਼ਰ ਸਨ। ਸ. ਮੱਖਣ ਸਿੰਘ ਬੈਂਸ ਨੇ ਕਿਹਾ ਕਿ ਰਾਜਾ ਸਵੀਟਸ ਵਲੋਂ ਚਾਹ-ਪਕੌੜਿਆਂ ਦੀ ਸੇਵਾ ਮੁਫਤ ਕੀਤੀ ਜਾਵੇਗੀ। ਗੁਰੂ ਕਾ ਲੰਗਰ ਗੁਰਦੁਆਰਾ ਸਾਹਿਬ ਸੈਨਹੋਜ਼ੇ, ਫਰੀਮਾਂਟ, ਮਿਲਪੀਟਸ ਅਤੇ ਸਟਾਕਟਨ ਵਲੋਂ ਵਰਤਾਇਆ ਜਾਵੇਗਾ। ਸ. ਗਾਖਲ ਨੇ ਸਮੂਹ ਸਪਾਸਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਬੱਡੀ ਦਾ ਵੱਡਾ ਖੇਡ ਮੇਲਾ ਉਨ੍ਹਾਂ ਦੇ ਸਹਿਯੋਗ ਨਾਲ ਹੀ ਦੁਨੀਆਂ ਭਰ ਦੇ ਕਬੱਡੀ ਪ੍ਰੇਮੀਆਂ ਵਿੱਚ ਹਰਮਨ ਪਿਆਰਾ ਹੋ ਸਕਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਚਲੋ ਜਿਹੜਾ ਢਿੱਲਾ ਮੱਠਾ ਹੈ ਉਹ ਤਾਂ ਘਰ ਰਹੇ, ਬਾਕੀਆਂ ਨੂੰ ਪਰਿਵਾਰ ਸਮੇਤ ਹੁੰਮ ਹੁੰਮਾ ਕੇ ਪਹੁੰਚਣ ਦੀ ਸਨਿਮਰ ਬੇਨਤੀ ਹੈ। ਹੋਰ ਜਾਣਕਾਰੀ ਲਈ ਜਨਰਲ ਸਕੱਤਰ ਐੱਸ ਅਸ਼ੋਕ ਭੌਰਾ ਨਾਲ 510-415-3315 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 9/11 ਹਮਲੇ ਨਾਲ ਕੰਬ ਉੱਠਿਆ ਸੀ ਅਮਰੀਕਾ, ਲੋਕਾਂ ’ਚ ਅੱਜ ਵੀ ਹੈ ਖੌਫ

**ਵਾਸ਼ਿੰਗਟਨ—** 11 ਸਤੰਬਰ 2001 ਦਾ ਦਿਨ ਮਨੁੱਖੀ ਇਤਿਹਾਸ ਵਿਚ ਭੁੱਲਿਆਂ ਵੀ ਭੁਲਾਇਆ ਨਹੀਂ ਜਾ ਸਕਦਾ। 17 ਸਾਲ ਪਹਿਲਾਂ ਅਮਰੀਕਾ ਦਾ ਸਾਹਮਣਾ ਉਸ ਤ੍ਰਾਸਦੀ ਨਾਲ ਹੋਇਆ ਸੀ, ਜਿਸ ਨੇ ਪੂਰੀ ਦੁਨੀਆ ਵਿਚ ਦਹਿਸ਼ਤ ਪੈਦਾ ਕਰ ਦਿੱਤੀ ਸੀ। ਨਿਊਯਾਰਕ ਸ਼ਹਿਰ ਹੀ ਨਹੀਂ ਪੂਰੀ ਦੁਨੀਆ ਇਸ ਅੱਤਵਾਦੀ ਧਮਾਕੇ ਨਾਲ ਕੰਬ ਗਈ ਸੀ। ਅੱਤਵਾਦੀ ਸੰਗਠਨ ਅਲਕਾਇਦਾ ਨੇ ਅਮਰੀਕਾ ਵਿਚ 4 ਟਿਕਾਣਿਆਂ ’ਤੇ ਹਮਲੇ ਕੀਤੇ, ਜਿਸ ਕਾਰਨ ਹਜ਼ਾਰਾਂ ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਹਮਲਿਆਂ ਨੇ ਅਮਰੀਕਾ ਨੂੰ ਆਰਥਿਕ ਪੱਧਰ ’ਤੇ ਵੀ ਵੱਡਾ ਝਟਕਾ ਦਿੱਤਾ।

ਅਮਰੀਕਾ ਨੂੰ ਆਰਥਿਕ ਨੁਕਸਾਨ ਪਹੁੰਚਾਉਣ ਲਈ ਅੱਤਵਾਦੀਆਂ ਨੇ ਵਰਲਡ ਟਰੇਡ ਸੈਂਟਰ ਨੂੰ ਨਿਸ਼ਾਨਾ ਬਣਾਇਆ। ਇਸ ਅੱਤਵਾਦੀ ਹਮਲੇ ਵਿਚ ਅਰਬਾਂ ਡਾਲਰ ਦਾ ਨੁਕਸਾਨ ਹੋਇਆ ਅਤੇ ਤਕਰੀਬਨ 3,000 ਲੋਕਾਂ ਨੇ ਜਾਨ ਗਵਾਈ, ਜਿਨ੍ਹਾਂ ਵਿਚ 400 ਪੁਲਸ ਕਰਮਚਾਰੀ ਅਤੇ ਫਾਇਰ ਬ੍ਰਿਗੇਡ ਦਸਤੇ ਦੇ ਸੁਰੱਖਿਆ ਕਰਮਚਾਰੀ ਵੀ ਸ਼ਾਮਲ ਸਨ। ਨਿਊਯਾਰਕ ਦੇ ਵਰਲਡ ਟਰੇਡ ਸੈਂਟਰ ਅਤੇ ਪੈਂਟਾਗਨ ’ਤੇ ਹੋਏ ਅੱਤਵਾਦੀ ਹਮਲੇ ਵਿਚ ਮਾਰੇ ਗਏ ਲੋਕਾਂ ’ਚੋਂ ਤਕਰੀਬਨ 1,000 ਲੋਕਾਂ ਦੀ ਅਜੇ ਤਕ ਪਛਾਣ ਨਹੀਂ ਹੋਈ ਹੈ। ਡੀ. ਐੱਨ. ਏ. ਟੈਸਟ ਲਈ ਸਾਰੇ ਸੰਭਾਵਿਤ ਵਿਗਿਆਨਕ ਉਪਾਅ ਕੀਤੇ ਜਾ ਰਹੇ ਹਨ। ਲੈਬ ਦੇ ਇਕ ਸੀਨੀਅਰ ਵਿਗਿਆਨੀ ਨੇ ਦੱਸਿਆ ਕਿ ਹੱਡੀਆਂ ਦੇ ਬਚੇ ਹੋਏ ਅਵਸ਼ੇਸ਼ਾਂ ਤੋਂ ਡੀ. ਐੱਨ. ਏ. ਤੈਅ ਕਰਨਾ ਸਾਡੇ ਲਈ ਬਹੁਤ ਮੁਸ਼ਕਲ ਕੰਮ ਹੈ।



### ਆਓ ਜਾਣਦੇ ਹਾਂ ਉਸ ਹਮਲੇ ਦੇ ਦਿਨ ਦੀ ਪੂਰੀ ਕਹਾਣੀ

11 ਸਤੰਬਰ 2001 ਦਾ ਦਿਨ ਹਮੇਸ਼ਾ ਲਈ ਇਤਿਹਾਸ ਦੇ ਪੰਨਿਆਂ ਵਿਚ ਦਰਜ ਹੋ ਗਿਆ। ਦਹਿਸ਼ਤ ਪੈਦਾ ਕਰਨ ਲਈ ਅੱਤਵਾਦੀ ਸੰਗਠਨ ਅਲਕਾਇਦਾ ਨੇ 4 ਅਮਰੀਕੀ ਜਹਾਜ਼ਾਂ ਨੂੰ ਅਗਵਾ ਕਰ ਲਿਆ, ਜਿਨ੍ਹਾਂ ’ਚੋਂ ਦੋ ਜਹਾਜ਼ ਵਰਲਡ ਟਰੇਡ ਸੈਂਟਰ ਦੇ ਟਾਵਰ ਨਾਲ ਟਕਰਾਏ, ਤੀਜਾ ਜਹਾਜ਼ ਵਾਸ਼ਿੰਗਟਨ ਡੀ. ਸੀ. ਦੇ ਬਾਹਰ ਪੈਂਟਾਗਨ ਅਤੇ ਚੌਥਾ ਜਹਾਜ਼ ਪੇਨਸਿਲਵੇਨੀਆ ਦੇ ਖੇਤਾਂ ’ਚ ਡਿੱਗਿਆ। ਹਮਲੇ ਨੇ ਪੂਰੀ ਦੁਨੀਆ ਦੇ ਸਾਹਮਣੇ ਅੱਤਵਾਦ ਨਾਲ ਨਜਿੱਠਣ ਦੀ ਚੁਣੌਤੀ ਰੱਖ ਦਿੱਤੀ। ਇਸ ਹਮਲੇ ਮਗਰੋਂ ਅਮਰੀਕਾ ਨੇ ਆ-ਪਣੀਆਂ ਸਰਹੱਦਾਂ ਨੂੰ ਇੰਨਾ ਕੁ ਮਜ਼ਬੂਤ ਕਰ ਦਿੱਤਾ ਕਿ ਅੱਜ ਤਕ ਕੋਈ ਵੀ ਅੱਤਵਾਦੀ ਸੰਗਠਨ ਅੱਖ ਚੁੱਕ ਕੇ ਦੇਖਣ ਦੀ ਹਿੰਮਤ ਨਹੀਂ ਕਰ ਸਕਿਆ। ਅਮਰੀਕਾ ਨੇ ਇਨ੍ਹਾਂ ਹਮਲਿਆਂ ਦੇ ਤੁਰੰਤ ਬਾਅਦ ਅਲਕਾਇਦਾ ਦੇ ਮੁਖੀ ਓਸਾਮਾ ਬਿਨ ਲਾਦੇਨ ਨੂੰ ਜ਼ਿੰਦਾ ਜਾਂ ਮੁਰਦਾ ਫੜਨ ਲਈ 2.5 ਕਰੋੜ ਡਾਲਰ ਦਾ ਇਨਾਮ ਰੱਖਿਆ ਸੀ। 2 ਮਈ 2011 ’ਚ ਪਾਕਿਸਤਾਨ ਵਿਚ ਲੁਕੇ ਇਸ ਅੱਤਵਾਦੀ ਨੂੰ ਅਮਰੀਕੀ ਫੌਜ ਨੇ ਮਾਰ ਮੁਕਾਇਆ।




# ਇੰਡੀਅਨ ਅਮਰੀਕਨ ਸਟੂਡੈਂਟ ਨੂੰ ਸੈਂਟਾ ਕਰੂਜ ਪੁਲਿਸ ਦੁਆਰਾ ਗਲਤ ਤਰੀਕੇ ਨਾਲ ਗ੍ਰਿਫਤਾਰ ਕਰਨ ਦਾ ਦੋਸ਼

**ਸੈਂਟਾ ਕਰੂਜ (ਹੁਸਨ ਲੜੋਆ ਬੰਗਾ)–** ਇਕ ਭਾਰਤੀ ਅਮਰੀਕੀ ਵਿਦਿਆਰਥੀ ਨਿਤਿਨ ਕੁਮਾਰ ਰਾਚਾ ਜੋ ਸੈਂਟਾ ਕ੍ਰੂਜ਼, ਕੈਲੀਫੋਰਨੀਆ ਵਿਚ ਇਕ ਗੈਸ ਸਟੇਸ਼ਨ ਵਿਚ ਕੰਮ ਕਰਦਾ ਸੀ, ਦਾ ਦਾਅਵਾ ਹੈ ਕਿ ਪੁਲਿਸ ਨੇ ਉਸ ਨੂੰ ਗਲਤ ਢੰਗ ਨਾਲ ਗ੍ਰਿਫਤਾਰ ਕੀਤਾ ਸੀ ਕਿਉਂਕਿ ਉਸ ਨੇ ਬੇਘਰੇ ਲੋਕਾਂ ਦੇ ਇਕ ਗਰੁੱਪ ਤੋਂ ਆਪਣਾ ਆਪ ਬਚਾਉਣ ਦੀ ਕੋਸ਼ਿਸ਼ ਕੀਤੀ ਸੀ ਜਿਨ੍ਹਾਂ ਨੇ ਪ੍ਰਾਪਰਟੀ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ।

ਨਿਤਿਨ ਕੁਮਾਰ ਰਾਚਾ ਹੈਦਰਾਬਾਦ ਦਾ 26 ਸਾਲਾ ਵਿਅਕਤੀ ਹੈ ਜੋ ਸਿਲੀਕਾਨ ਵੈਲੀ ਯੂਨੀਵਰਸਿਟੀ ਵਿਖੇ ਸੂਚਨਾ ਤਕਨਾਲੋਜੀ ਵਿਚ ਆਪਣੀ ਮਾਸਟਰ ਡਿਗਰੀ ਪ੍ਰਾਪਤ ਕਰਨ ਦਾ ਅਧਿਐਨ ਕਰ ਰਿਹਾ ਹੈ। ਉਸ ਨੂੰ ਸ਼ਹਿਰ ਦੇ 76 ਗੈਸ ਸਟੇਸ਼ਨ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਜਿੱਥੇ ਉਹ ਰਾਤ ਦੀ ਸ਼ਿਫਟ ਕਰਦਾ ਸੀ, ਜ਼ਿਆਦਾਤਰ ਦਿਨ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ, ਦੋਸਤਾਂ ਨੇ 10 ਵਜੇ ਉਨ੍ਹਾਂ ਦੀ ਜ਼ਮਾਨਤ 25 ਹਜਾਰ ਦੇ ਬਾਂਡ ਤੇ ਕਰਵਾਈ। ਨਿਤਿਨ ਕੁਮਾਰ ਰਾਚਾ ਨੂੰ ਇਕ ਘਾਤਕ ਹਥਿਆਰ ਦੇ ਨਾਲ ਇਸ ਹਮਲੇ ਦਾ ਦੋਸ਼ੀ ਪਾਇਆ ਗਿਆ ਸੀ, ਜਿਸ ਦੌਰਾਨ ਜੇਲ੍ਹ ਵਿੱਚ ਤਿੰਨ ਸਾਲ ਦੀ ਵੱਧ ਤੋਂ ਵੱਧ ਸਜ਼ਾ ਦਿੱਤੀ ਜਾ ਸਕਦੀ ਹੈ। ਨਿਤਿਨ ਕੁਮਾਰ ਰਾਚਾ ਨੇ ਦੱਸਿਆ ਕਿ ਰਾਤ ਨੂੰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ, ਚਾਰ ਬੇਘਰਿਆਂ ਦਾ ਇਕ ਗਰੁੱਪ ਗੈਸ ਸਟੇਸ਼ਨ ਦੇ ਬਾਹਰ ਦੇਖਿਆ ਗਿਆ ਸੀ ਉਹ ਸੈਂਟਾ ਕਰੂਜ਼ ਦੇ 1506 ਸੁਕੇਲ 'ਤੇ ਚਾਰ ਬੇਘਰੇ



ਗ੍ਰਾਹਕਾਂ ਲਈ ਪਰੇਸ਼ਾਨੀ ਪੈਦਾ ਕਰ ਰਹੇ ਸਨ ਤੇ ਉਸਨੇ ਬੇਘਰੇ ਗਰੁੱਪ ਨੂੰ ਜਾਣ ਲਈ ਕਿਹਾ ਪਰ ਉਨਾਂ ਵਿਚੋਂ ਇਕ ਮੈਂਬਰ ਨੇ ਉਸ ਤੇ ਹਮਲਾ ਕੀਤਾ, ਤੇ ਧਮਕੀ ਦਿੱਤੀ। ਉਸਨੇ ਕਿਹਾ ਕਿ ਉਹ ਬੇਸਬਾਲ ਬੱਲਾ ਲੈਣ ਲਈ ਅੰਦਰ ਵਾਪਸ ਚਲਾ ਗਿਆ। ਜਦੋਂ ਉਹ ਇਸ ਗਰੁੱਪ ਕੋਲ ਆਇਆ ਤਾਂ "ਇਕ ਬੰਦੇ ਨੇ ਮੇਰੇ 'ਤੇ ਹਮਲਾ ਕੀਤਾ. ਉਸ ਨੇ ਮੇਰੇ ਬੱਲਾ ਅਤੇ ਮੇਰੇ ਸੈੱਲ ਫੋਨ ਨੂੰ ਫੜ ਲਿਆ ਕਿਉਂਕਿ ਮੈਂ ਪੁਲਿਸ ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ, ਉਸਨੇ ਭਾਵੁਕ ਤੌਰ ਤੇ ਕਿਹਾ ਕਿ "ਉਸ ਦੇ ਚਿਹਰੇ ਤੇ ਝਰੀਟਾਂ ਅਤੇ ਉਨਾਂ ਵਲੋਂ ਹਮਲਾ ਸਾਫ ਦਿਖਾਈ ਦਿੰਦੀ ਸੀ। ਜਦੋਂ ਪੁਲਿਸ ਪਹੁੰਚੀ, ਉਨ੍ਹਾਂ ਨੇ ਝਗੜੇ ਲਈ ਨਿਤਿਨ ਕੁਮਾਰ ਰਾਚਾ ਨੂੰ ਦੋਸ਼ੀ ਠਹਿਰਾਇਆ ਅਤੇ ਹਿਰਾਸਤ ਵਿਚ ਲੈ ਲਿਆ ਤੇ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈਣ ਤੋਂ ਪਹਿਲਾਂ ਬੋਲਣ ਦੀ ਆਗਿਆ ਨਹੀਂ ਦਿੱਤੀ।

ਉਸਨੇ ਕਿਹਾ ਕਿ "ਮੈਂ ਸਮਝਾਉਣ ਦੀ ਕੋਸ਼ਿਸ਼ ਕੀਤੀ," ਪਰ ਪੁਲਿਸ ਨੇ ਧਿਆਨ ਨਹੀਂ ਦਿੱਤਾ। ਪੁਲਿਸ ਨੇ ਨਿਗਰਾਨੀ ਕੈਮਰਾ ਦੀ ਫੁਟੇਜ ਆਪਣੇ ਕਬਜੇ 'ਚ ਲੈ ਲਈ ਅਤੇ ਤਫਤੀਸ਼ ਕੀਤੀ। ਸੈਂਟਾ ਕ੍ਰੂਜ਼ ਪੁਲਿਸ ਡਿਪਾਰਟਮੈਂਟ ਦੇ ਇਕ ਪ੍ਰਵਕਤਾ ਜੋਇਸ ਬਲੇਸ਼ਕੇ ਨੇ ਕਿਹਾ ਕਿ ਲੰਬੇ ਸਮੇਂ ਦੀ ਜਾਂਚ ਦੇ ਬਾਅਦ, ਇਹ ਨਿਰਣਾ ਕੀਤਾ ਹੈ ਕਿ ਨਿਤਿਨ ਰਾਚਾ ਨੇ ਉਨ੍ਹਾਂ ਨੂੰ ਬੇਸਬਾਲ ਬੱਲੇ ਨਾਲ ਮਾਰਿਆ ਸੀ, ਜਿਸ ਕਰਕੇ ਉਸਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਿਆ ਹੈ।।

# ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਪਾਕਿਸਤਾਨ ਵੱਲੋਂ ਹਾਂ-ਪੱਖੀ ਹਾਮੀ ਦਾ ਸਵਾਗਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ ਦੇ ਸਾਂਝੇ ਲਾਂਘੇ ਰਾਹੀਂ ਬਿਨਾ ਵੀਜਾ ਸੰਗਤਾਂ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਲਈ ਪਾਕਿਸਤਾਨ ਵੱਲੋਂ ਹਾਂ-ਪੱਖੀ ਹਾਮੀ ਦਾ ਦੇਸ਼-ਪੱਖੀ ਹਾਮੀ ਦਾ ਦੇਸ਼ ਵਿਦੇਸ਼ ਦੀ ਸਿੱਖ ਸੰਗਤਾਂ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ।



ਪਾਕਿਸਤਾਨ ਫੇਰੀ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਪਾਕਿਸਤਾਨੀ ਫੌਜ ਦੇ ਮੁਖੀ ਜਾਵੇਦ ਕੁਮਾਰ ਬਾਜਵਾ ਨਾਲ ਮੁਲਾਕਾਤ ਦੌਰਾਨ ਗਲਵੱਕੜੀ ਪਾ ਕੇ ਮਿਲਣ ਬਾਅਦ ਛਿੜੇ ਵਿਵਾਦ ਕਰਕੇ ਮਾਮਲਾ ਸਾਹਮਣੇ ਆਇਆ ਅਤੇ ਬਿਆਨਬਾਜ਼ੀ ਦੀ ਲੜੀ ਛਿੜ ਗਈ। ਹਰ ਰੋਜ਼ ਅਰਦਾਸ ਵਿਚ ਬੇਨਤੀ-ਅਰਜੋਈ ਕੀਤੀ ਜਾਂਦੀ ਹੈ ਕਿ ਗੁਰਦੁਆਰਿਆਂ ਤੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਬਖਸ਼ੀ। ਇਵੇਂ ਲੱਗਦਾ ਬਾਬੇ ਨ ਅਰਦਾਸ ਪੂਰੀ ਕਰ ਦਿੱਤੀ ਹੈ। ਬੇਸ਼ੱਕ ਮਾਮਲਾ ਅਜੇ ਜੁਬਾਨੀ ਕਲਾਮੀ ਚੱਲ ਰਿਹਾ ਹੈ ਪਰ ਇਸ ਨੂੰ ਅਮਲੀ ਰੂਪ ਦੇਣਾ ਕੋਈ ਔਖਾ ਨਹੀਂ। ਨਿਸ਼ਾਨਦੇਹੀ ਕਰਕੇ ਕੰਡੇਦਾਰ ਤਾਰ ਲਾ ਕੇ ਦਰਿਆ ਤੇ ਬਈ ਦਾ ਪੁੱਲ ਬੰਨ੍ਹਵਾ ਕੇ ਨਵੀਆਂ ਸੁਰੱਖਿਆ ਪੋਸਟਾਂ ਤਿਆਰ ਕਰਕੇ ਸੰਗਤਾਂ ਲਈ ਰਸਤਾ ਖੋਲ੍ਹਿਆ ਜਾ ਸਕਦਾ ਹੈ।

ਜੇਕਰ ਦੋਵੇਂ ਸਰਕਾਰਾਂ ਅੰਦਰੋਂ ਸਾਫ ਹੋ ਕੇ ਇਮਾਨਦਾਰੀ ਨਾਲ ਕੰਮ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਮਸਲਾ ਹੱਲ ਕਰਨ ਦੀ ਨੀਤੀ ਹੋਵੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਕਰਤਾਰਪੁਰ ਸਾਹਿਬ ਇਕ ਵਾਰ ਰਾਵੀ ਦਰਿਆ ਦਾ ਹੜ੍ਹ ਆਉਣ ਕਰਕੇ ਢਹਿ ਢੇਰੀ ਹੋ ਗਿਆ ਸੀ, ਜਿਸ ਨੂੰ ਨਿਊਜਰਸੀ (ਅਮਰੀਕਾ) ਤੋਂ ਜੰਗ ਬਹਾਦਰ ਸਿੰਘ ਪਰਮਾਰ ਨੇ ਉਚੇਚੇ ਤੌਰ 'ਤੇ ਜਾ ਕੇ ਦੁਬਾਰਾ ਉਸਾਰਿਆ ਸੀ ਤੇ ਸੰਗਤਾਂ ਲਾਹੌਰ ਰਾਹੀਂ ਦਰਸ਼ਨ ਕਰਨ ਜਾਂਦੀਆਂ ਹਨ।

ਸਿਆਟਲ ਤੋਂ ਸਤਵਿੰਦਰ ਸਿੰਘ ਸੰਧੂ ਪ੍ਰਧਾਨ ਬਾਬਾ ਬੁੱਢਾ ਐਸੋਸੀਏਸ਼ਨ ਤੇ ਸਮੂਹ ਅਹੁਦੇਦਾਰਾਂ ਤੇ ਹੋਰ ਸੰਗਤ ਦੀ ਭਾਰੀ ਮੰਗ ਹੈ ਕਿ ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ ਦੇ ਸਾਂਝੇ ਲਾਂਘੇ ਰਾਹੀਂ ਸੰਗਤਾਂ ਨੂੰ ਦਰਸ਼ਨ ਕਰਨ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ। ਡੇਰਾ ਬਾਬਾ ਨਾਨਕ ਨਾਲ ਲੱਗਦੇ ਪਿੰਡ ਮੰਗੀਆਂ ਦੇ ਜੰਮਪਲ ਅਜੀਤ ਸਿੰਘ ਸੰਧੂ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਖੁੱਲ੍ਹੇ ਦਰਸ਼ਨ ਕਰਨ ਲਈ ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਦੇ ਬਿਆਨ ਦੀ ਸ਼ਲਾਘਾ ਕੀਤੀ ਹੈ। ਜਲੰਧਰ ਤੋਂ ਗੁਰਪ੍ਰਤਾਪ ਸਿੰਘ ਵਡਾਲਾ ਨੇ ਵੀ ਸਾਂਝਾ ਰਸਤਾ ਖੋਲ੍ਹਣ ਦੀ ਸਿਫਾਰਸ਼ ਕੀਤੀ ਹੈ। ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਮੰਨਦੇ ਹੋਏ ਭਾਰਤ ਸਰਕਾਰ ਨੂੰ ਵੀ ਪਹਿਲਕਦਮੀ ਕਰਨੀ ਚਾਹੀਦੀ ਹੈ ਅਤੇ ਗੁਰਪੁਰਬ ਮੌਕੇ ਸੰਗਤਾਂ ਨੂੰ ਦਰਸ਼ਨ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ।

# ਫਰਿਜਨੋ, ਕੈਲੀਫੋਰਨੀਆ ਵਿਚ ਪਤੀ ਅਤੇ ਪਤਨੀ ਦੀ ਗੋਲੀ ਮਾਰ ਕੇ ਹੱਤਿਆ, ਦੋਸ਼ੀ ਗ੍ਰਿਫਤਾਰ

**ਫਰਿਜਨੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਤਾਜਾ ਮਿਲੀ ਖਬਰ ਮੁਤਾਬਕ ਦੱਖਣ ਪੂਰਬੀ ਫਰਿਜਨੋ ਵਿੱਚ ਗੋਲੀਬਾਰੀ ਵਿਚ ਦੋ ਲੋਕਾਂ ਦੀ ਮੌਤ ਹੋ ਗਈ ਜਿਨਾਂ ਦੀ ਸ਼ਨਾਖਤ ਰਵਿੰਦਰਪਾਲ ਸਿੰਘ (59) ਅਤੇ ਪਤਨੀ ਰਾਜਬੀਰ ਕੌਰ (59) ਵਜੋਂ ਹੋਈ ਹੈ। ਪੁਲਿਸ ਮੁਤਾਬਕ ਪੀੜਤਾਂ ਦੀ ਧੀ ਜੋ ਘਰ ਦੇ ਉਪਰਲੇ ਹਿੱਸੇ ਚ ਸੌਂ ਰਹੀ ਸੀ, ਤੇ ਉਸਦੇ ਮਾਂ ਬਾਪ ਥੱਲੇ ਟੀ ਵੀ ਦੇਖ ਰਹੇ ਸਨ। ਜਿਸਨੇ ਹੇਠਾਂ ਗੋਲੀ ਦੀ ਅਵਾਜ ਸੁਣੀ ਤੇ ਪੁਲਿਸ ਦੀ ਮੱਦਦ ਨਾਲ ਸ਼ੱਕੀ ਦੋਸ਼ੀ ਨੂੰ ਕੁਝ ਸਮੇਂ ਬਾਦ ਫੜ ਲਿਆ। ਪੁਲਿਸ ਦਾ ਕਹਿਣਾ ਹੈ ਕਿ 65 ਸਾਲਾ ਦਰਸ਼ਨ ਧੰਜਨ ਨੂੰ ਉਸ ਦੀ ਨੂੰਹ ਦੇ ਮਾਪਿਆਂ ਨੂੰ ਆਪਣੇ ਘਰ ਵਿਚ ਮਾਰਨ ਦੇ ਸ਼ੱਕ ਦੇ ਕਬਜ਼ੇ ਵਿਚ ਲੈ ਲਿਆ ਗਿਆ ਹੈ। ਚੀਫ ਪੁਲੀਸ ਮੁਖੀ ਡੇਅਰ ਨੇ ਦੱਸਿਆ ਕਿ ਉਹ ਵਿਸ਼ਵਾਸ ਕਰਦੇ ਹਨ ਕਿ ਇਹ ਪਰਿਵਾਰਕ ਮਾਮਲਾ ਲਗਦਾ ਹੈ ਪਰ ਉਹ ਸਹੀ ਮਕਸਦ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਪੁਲਿਸ ਨੇ ਕਿਹਾ,






"ਪਤੀ ਅਤੇ ਪਤਨੀ ਦੋਵਾਂ ਨੂੰ ਉਸ ਸਮੇਂ ਗੋਲੀਆਂ ਮਾਰੀਆਂ ਜਦੋਂ ਉਹ ਸੋਫੇ ਤੇ ਬੈਠੇ ਟੀਵੀ ਦੇਖ ਰਹੇ ਸਨ।

ਇਹ ਘਟਨਾ ਐਤਵਾਰ ਦੁਪਹਿਰ 11:30 ਵਜੇ ਵਾਪਰੀ। ਪੁਲਿਸ ਮੁਖੀ ਡਾਇਰ ਨੇ ਕਿਹਾ, ਕਿ 911 ਕਾਲ ਕਰਨ ਉਪਰੰਤ ਘਰ ਦੀ ਨੂੰਹ ਨੇ ਗੋਲੀਆਂ ਦੀ ਆਵਾਜ਼ ਸੁਣੀ. ਉਹ ਤੁਰੰਤ ਹੇਠਾਂ ਆ ਗਈ ਅਤੇ ਉਸਨੇ ਆਪਣੇ ਪਤੀ ਦੇ ਪਿਤਾ ਨੂੰ ਹੱਥ ਵਿੱਚ ਬੰਦੂਕ ਨਾਲ ਖੜ੍ਹਾ ਦੇਖਿਆ। "ਉਹਨਾਂ ਨੇ ਕਿਹਾ ਕਿ ਦਰਸ਼ਨ ਸਿੰਘ ਧੰਜਨ ਨੂੰ ਗੋਲੀ ਚਲਾਉਣ ਤੋਂ ਬਾਦ ਤੇ ਘਰੋਂ ਭੱਜ ਜਾਣ ਤੋਂ ਬਾਦ ਟੈਂਪਰਾਂਸ ਐਂਡ ਸੈਂਟਰਲ ਐਵੇਨਿਊ ਤੇ ਟ੍ਰੈਫਿਕ ਸਟੌਪ ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ।

ਪੁਲਿਸ ਮੁਤਾਬਕ ਜਦੋਂ ਉਸਨੂੰ ਗਿਰਫਤਾਰ ਕੀਤਾ ਤਾਂ ਉਸਦੇ ਹੱਥਾਂ ਵਿਚ ਖੂਨ ਲੱਗਾ ਹੋਇਆ ਸੀ ਅਤੇ ਉਸ ਦੇ ਕਬਜ਼ੇ ਚੋ ਵਿਚੋਂ ਸੈੱਲ ਫੋਨ ਲੈ ਲਿਆ ਤੇ ਜਿਸ ਗੰਨ ਦੇ ਨਾਲ ਉਸਨੇ ਹੱਤਿਆ ਕੀਤੀ ਉਹ ਵੀ ਪੁਲਿਸ ਨੇ ਕਬਜੇ ਚ ਲੈ ਲਈ। ਇਹ ਘਟਨਾ ਘਰ ਵਿੱਚ ਲੱਗੇ ਕੈਮਰਿਆਂ ਵਿੱਚ ਵੀ ਰਿਕਾਰਡ ਹੋ ਗਈ, ਜਿਸ ਨੂੰ ਪਲੀਸ ਨੇ ਆਪਣੇ ਕਬਜੇ ਵਿੱਚ ਲੈ ਲਿਆ। ਧੰਜਨ ਨੂੰ ਫਰਿਜਨੋ ਕਾਉਂਟੀ ਜੇਲ੍ਹ ਵਿਚ ਲਿਆਉਣ ਦੀ ਉਮੀਦ ਹੈ, ਜਿਸ ਉਪਰ ਹੱਤਿਆ ਦੇ ਦੋ ਮਾਮਲੇ ਦਰਜ ਕੀਤੇ ਗਏ ਹਨ। ਇਸ ਘਟਨਾ ਨੇ ਸਥਾਨਕ ਪੰਜਾਬੀ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ।

# ਦੁਬਈ 'ਚ ਹੋਣ ਵਾਲੀ ਏਸ਼ੀਅਨ ਬੈਂਚ ਪ੍ਰੈਸ ਚੈਂਪੀਅਨਸ਼ਿਪ ਲਈ ਭੁਲੱਥ ਦੇ ਅਜੈਂ ਗੋਗਨਾ ਦੀ ਹੋਈ ਚੋਣ

**ਜਲੰਧਰ (ਗੋਗਨਾ)—** ਪਾਵਰ ਲਿਫਟਿੰਗ ਪੰਜਾਬ ਐਸੋਸ਼ੀਏਸ਼ਨ ਦੇ ਪ੍ਰਧਾਨ ਸ: ਦਵਿੰਦਰ ਸਿੰਘ ਮੱਲ੍ਹੀ (ਪਟਿਆਲਾ) ਅਤੇ ਹਰਕੀਰਤ ਸਿੰਘ ਲਵਲੀ ਜਨਰਲ ਸੈਕ੍ਰਟਰੀ ਦੀ ਪੂਰੀ ਟੀਮ ਵੱਲੋਂ ਨਸ਼ਿਆ ਦੇ ਕੋਹੜ ਨੂੰ ਖਤਮ ਕਰਨ ਲਈ ਜਿੱਥੇ ਉਹ ਪੰਜਾਬ ਚ' ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਵਿਸ਼ੇਸ ਉਪਰਾਲਿਆਂ ਨੂੰ ਲੈ ਕੇ ਪਾਵਰ ਲਿਫਟਿੰਗ ਚੈਪੀਅਨਸ਼ਿਪ ਦੇ ਪੰਜਾਬ ਦੇ ਵੱਖ- ਵੱਖ ਸ਼ਹਿਰਾਂ ਚ' ਮੁਕਾਬਲੇ ਕਰਵਾ ਰਹੇ ਹਨ। ਉਥੇ ਉਹ ਪਾਵਰਲਿਫਟਿੰਗ ਚ' ਮੱਲਾਂ ਮਾਰਨ ਵਾਲੇ ਨੋਜਵਾਨਾਂ ਖਿਡਾਰੀਆਂ ਦਾ ਖੇਡ




ਪ੍ਰਤੀ ਮਨੋਂਬਲ ਨੂੰ ਹੋਰ ਉੱਚਾ ਕਰਨ ਲਈ ਅਤੇ ਇਸ ਖੇਡ ਪ੍ਰਤੀ ਰੁੱਚੀ ਦਿਖਾਉਣ ਵਾਲੇ ਪਾਵਰਲਿਫਟਿੰਗ ਪੰਜਾਬ ਨਾਲ ਜੁੜੇ ਨਾਮਵਰ ਖਿਡਾਰੀਆਂ ਨੂੰ ਪ੍ਰਦੇਸ਼ਾਂ 'ਚ ਖੇਡਣ ਲਈ ਵੀ ਸੁਨਹਿਰੀ ਮੌਕਾ ਪ੍ਰਦਾਨ ਕਰਵਾ ਰਹੇ ਹਨ। ਇਸ ਤਾਹਿਤ ਹੀ ਮਿੱਤੀ 18 ਤੋ 24 ਸਤੰਬਰ ਤੱਕ ਦੁਬਈ ਵਿਖੇ ਹੋਣ ਜਾ ਰਹੀ ਏਸ਼ੀਅਨ ਬੈਂਚ ਪ੍ਰੈਸ ਅਤੇ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਭਾਰਤੀ ਟੀਮ ਵਿੱਚ ਭੁਲੱਥ ਦੇ ਪਾਵਰਲਿਫਟਰ ਅਜੈਂ ਗੋਗਨਾ ਦੀ ਚੋਣ ਕੀਤੀ ਗਈ ਹੈ। ਜੋ ਆਪਣੇ 120 ਕਿਲੋ ਪਲੱਸ ਭਾਰ ਵਰਗ ਦੌਰਾਨ ਭਾਰਤੀ ਟੀਮ ਵੱਲੋਂ ਦੁਬਈ ਵਿਖੇਂ ਖੇਡੇਗਾ। ਯਾਦ ਰਹੇ ਕਿ ਜ਼ਿਲ੍ਹਾ ਕਪੂਰਥਲਾ ਦੇ ਕਸਬਾ ਭੁਲੱਥ ਦੇ ਵਾਸੀ ਅਜੈਂ ਗੋਗਨਾ ਸਪੁੱਤਰ ਸ਼ੀ ਰਾਜ ਗੋਗਨਾ ਪ੍ਰਵਾਸੀ ਪੱਤਰਕਾਰ ਵੱਲੋਂ ਪਾਵਰਲਿਫਟਿੰਗ ਦੇ ਖੇਡ ਖੇਤਰ ਚ' ਕਈ ਗੋਲਡ, ਸਿਲਵਰ ਮੈਡਲਾਂ ਦੇ ਨਾਲ ਨਾਲ ਉਹ ਪਾਵਰਲਿਫਟਿੰਗ 'ਚ ਅਨੇਕਾਂ ਮਾਣਮੱਤੇ ਇਨਾਮ ਵੀ ਹਾਸਿਲ ਕਰ ਚੁੱਕਾ ਹੈ।

# ਜਮਹੂਰੀ ਅਧਿਕਾਰ ਸਭਾ ਵੱਲੋਂ ਰੋਸ ਮੁਜਾਹਰੇ ਵਿਚ ਵੱਧ-ਚੜ੍ਹਕੇ ਸ਼ਾਮਲ ਹੋਣ ਦੀ ਅਪੀਲ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕ-ਾਈ ਬਠਿੰਡਾ ਨੇ ਪੰਜਾਬ ਦੀਆਂ 40 ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਜਮਹੂਰੀ ਹੱਕਾਂ ਦੀਆਂ ਮੁੱਦਈ ਉੱਘੀਆਂ ਸ਼ਖਸੀਅਤਾਂ ਦੀ ਬਿਨਾਂ ਸ਼ਰਤ ਰਿਹਾਈ ਲਈ ਸਾਂਝੇ ਝੰਡੇ ਹੇਠ ਇਕੱਠੇ ਹੋਣ ਅਤੇ 13 ਸਤੰਬਰ ਨੂੰ ਚੰਡੀਗੜ੍ਹ ਵਿਚ ਵਿਸ਼ਾਲ ਰੋਸ ਮਾਰਚ ਕਰਨ ਦੀ ਪਹਿਲਕਦਮੀਂ ਲੈਣ ਦਾ ਪੁਰਜ਼ੋਰ ਸਵਾਗਤ ਕਰਦਿਆਂ ਹੋਏ ਸਭਾ ਦੇ ਸਾਰੇ ਮੈਂਬਰਾਂ ਨੂੰ ਸੂਬਾ ਕਮੇਟੀ ਦੇ ਫੈਸਲੇ ਮੁਤਾਬਕ ਇਸ ਪ੍ਰਦਰਸ਼ਨ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਪਹੁੰਚਣ ਦੀ ਅਪੀਲ ਕੀਤੀ ਹੈ। ਸਭਾ ਦੇ ਜਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ,ਜਨਰਲ ਸਕੱਤਰ ਪ੍ਰਿਤਪਾਲ ਸਿੰਘ ਅਤੇ ਪ੍ਰੈਸ ਸਕੱਤਰ ਡਾ ਅਜੀਤਪਾਲ ਸਿੰਘ ਐਮ ਡੀ ਨੇ ਕਿਹਾ ਹੈ ਕਿ ਸਾਡਾ ਮੁਲਕ ਇਸ ਵਕਤ ਜਿਸ ਤਰ੍ਹਾਂ ਦੇ ਬਹੁਤ ਹੀ ਖ਼ਤਰਨਾਕ ਹਾਲਾਤ ਵਿੱਚੋਂ ਗੁਜ਼ਰ ਰਿਹਾ ਹੈ ਐਸੇ ਹਾਲਾਤ ਵਿਚ ਰਾਜ ਦੇ ਹਮਲੇ ਵਿਰੁੱਧ ਵਿਸ਼ਾਲ ਲੋਕਾਈ ਨੂੰ ਲਾਮਬੰਦ ਕਰਨ ਦਾ ਇਹ ਦਰੁਸਤ ਫ਼ੈਸਲਾ ਹੈ। ਰਾਜ ਦੇ ਤਾਨਾਸ਼ਾਹ ਹਮਲੇ ਦਾ ਡੱਟਕੇ ਵਿਰੋਧ ਕਰਨ ਲਈ ਵਿਆਪਕ ਵਿਰੋਧ ਲਹਿਰ ਖੜ੍ਹੀ ਕਰਨਾ, ਦੱਬੇਕੁਚਲੇ ਅਤੇ ਕਿਰਤੀ ਲੋਕਾਂ ਦੇ ਵਿਸ਼ਾਲ ਹਿੱਸਿਆਂ ਨੂੰ ਇਸ ਹਮਲੇ ਵਿਰੁੱਧ ਜਾਗਰੂਕ ਕਰਦੇ ਹੋਏ ਲਾਮਬੰਦ ਕਰਨਾ ਅਤੇ ਵਿਆਪਕ ਲੋਕ ਰਾਇ ਖੜ੍ਹੀ ਕਰਦੇ ਹੋਏ ਹੁਕਮਰਾਨਾਂ ਨੂੰ ਇਹ ਹਮਲੇ ਬੰਦ ਕਰਨ ਲਈ ਜਨਤਕ ਦਬਾਓ ਬਣਾਉਣਾ ਅਤੇ ਝੂਠੇ ਦੋਸ਼ ਮੜ੍ਹ ਕੇ ਗੈਰ ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂਪੀਏ) ਤਹਿਤ ਨਜ਼ਰਬੰਦ ਕੀਤੇ ਉੱਘੇ ਜਮਹੂਰੀ ਕਾਰਕੁੰਨਾਂ/ਬੁੱਧੀਜੀਵੀਆਂ ਨੂੰ ਰਿਹਾਅ ਕਰਵਾਉਣ ਲਈ ਹੰਭਲਾ ਮਾਰਨਾ ਅੱਜ ਸਮੇਂ ਦੇ ਸਭ ਤੋਂ ਅਹਿਮ ਤਕਾਜ਼ਿਆਂ ਵਿੱਚੋਂ ਇਕ ਹੈ। ਇਸ ਤੋਂ ਇਲਾਵਾ ਪ੍ਰੋਫੈਸਰ ਸਾਈਂ ਬਾਬਾ, ਪ੍ਰੋਫੈਸਰ ਸੋਮਾ ਸੈਨ, ਐਡਵੋਕੇਟ ਸੁਰਿੰਦਰ ਗਾਰਡ ਗਿੱਲ, ਸੁਧੀਰ ਤਾਵਲੇ, ਮਹੇਸ਼ ਰਾਵਤ ਅਤੇ ਰੋਨਾ ਵਿਲਸਨ ਜਿਹੇ ਸਿਆਸੀ ਕੈਦੀਆਂ ਨੂੰ ਵੀ ਰਿਹਾ ਕਰਨ ਦੀ ਮੰਗ ਕਰਨੀ ਬਣਦੀ ਹੈ।

13 ਸਤੰਬਰ ਦਾ ਸਾਂਝਾ ਰੋਸ ਮਾਰਚ ਇਸ ਕਰਕੇ ਵੀ ਵਧੇਰੇ ਮਹੱਤਵਪੂਰਨ ਹੈ ਕਿਉਂਕਿ 13 ਸਤੰਬਰ 1930 ਨੂੰ ਇਸੇ ਦਿਨ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਵੱਲੋਂ ਲਾਹੌਰ ਜੇਲ੍ਹ ਵਿਚ ਕੀਤੀ 63 ਦਿਨ ਲੰਮੀ ਇਤਿਹਾਸਕ ਭੁੱਖ ਹੜਤਾਲ ਉਪਰੰਤ ਸਾਥੀ ਸ਼ਹੀਦ ਜਤਿੰਦਰਨਾਥ ਦਾਸ ਬਰਤਾਨਵੀ ਰਾਜ ਦੇ ਜ਼ੁਲਮਾਂ ਵਿਰੁੱਧ ਜੂਝਦਿਆਂ ਸਿਆਸੀ ਕੈਦੀਆਂ ਦੇ ਹੱਕਾਂ ਲਈ ਸ਼ਹੀਦ ਹੋਏ ਸਨ।


## 'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.org



## Matrimonials

Suitable Match Required For RAVIDASIA Beautiful & Smart Girl 03-11-90 Ht.5'-4" M.Sc. Biotechnology. (IELTS 6 BAND) Presently on Teaching job in Pvt.Inst. Contact NRI only. Min. Degree (Med/Non-Med/Engg.) Doaba Area Preffered Family Detail:
Father: Civil Engineer, Mother: House Wife
2 Brothers: (Civil Engineers)
Cell: +91-9877505351,
WhatsApp: +91-8054208733

# ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਬਰਸੀ 'ਤੇ ਵਿਸ਼ੇਸ਼ ਸਮਾਗਮ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਨਾਨਕਸਰ ਸੰਪਰਦਾ ਦੇ ਮੋਢੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ, ਨਜ਼ਦੀਕ ਜਗਰਾਉ ਦੀ ਸਲਾਨਾ ਬਰਸੀ ਫਰਿਜ਼ਨੋ ਦੇ ਚੈਰੀ ਐਵਨਿਊ 'ਤੇ ਸਥਿਤ 'ਗੁਰਦੁਆਰਾ ਨਾਨਕਸਰ' ਵਿਖੇ ਮਨਾਈ ਗਈ। ਜਿੱਥੇ ਲਗਾਤਾਰ ਆਖੰਡ ਪਾਠਾਂ ਦੀ ਲੜੀ ਦੀ ਸਮਾਪਤੀ ਉਪਰੰਤ ਵਿਸ਼ੇਸ਼ ਸਮਾਗਮ ਹੋਏ। ਜਿੰਨ੍ਹਾਂ ਵਿੱਚ ਗੁਰੂ ਘਰ ਦੇ ਹਜ਼ੂਰੀ ਜੱਥੇ ਤੋਂ ਇਲਾਵਾ ਭਾਈ ਹਰਭਜਨ ਸਿੰਘ ਜੀ ਦੇ ਜੱਥੇ ਨੇ ਕੀਰਤਨੀ ਸੇਵਾ ਵਿੱਚ ਹਾਜ਼ਰੀ ਭਰੀ। ਇਸ ਸਮਾਗਮ ਲਈ ਭਾਰਤ ਤੋਂ ਪਹੁੰਚੇ ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲਿਆਂ ਨੇ ਪਾਠਾਂ ਦੀ ਲੜੀ ਦੇ ਸ਼ੁਰੂ ਤੋਂ ਅੰਤ ਸਮਾਪਤੀ ਤੱਕ ਦੀਵਾਨ ਲਾ ਕੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਜੋੜਿਆ। ਇਸ ਸਮਾਗਮ ਦੌਰਾਨ ਗੁਰੂ ਘਰ ਦੇ ਪ੍ਰਮੁੱਖ ਮੋਢੀ ਸੇਵਾਦਾਰਾਂ ਵਿੱਚੋ ਡਾਕਟਰ ਸੁਖਜੀਤ ਸਿੰਘ ਚਾਹਲ ਨੇ ਬੋਲਦੇ ਹੋਏ ਬਾਬਾ ਨੰਦ ਸਿੰਘ ਜੀ ਦੀ ਜੀਵਨੀ ਬਾਰੇ ਦੱਸਦੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸ ਗੁਰੂਘਰ ਦੇ ਮੁੱਖ ਸੇਵਾਦਾਰ ਬਾਬਾ ਕਰਤਾਰ ਸਿੰਘ ਅਤੇ ਗੁਰਦੇਵ ਸਿੰਘ ਮੁਹਾਰ ਨੇ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਅਤੇ ਭਾਈ ਕੁਲਦੀਪ ਸਿੰਘ ਨੂੰ ਸਨਮਾਨਿਤ ਕੀਤਾ। ਭਾਈ ਹਰਭਜਨ ਸਿੰਘ ਨੇ ਬੋਲਦੇ ਹੋਏ ਸਮੁੱਚੇ ਮੀਡੀਏ, ਸੰਗਤਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਅੰਤ ਵਿਚ ਇਹ ਸਮਾਗਮ ਬਾਬਾ ਨੰਦ ਸਿੰਘ ਜੀ ਦੇ ਉੱਚੇ-ਸੁੱਚੇ ਜੀਵਨ, ਭਗਤੀ, ਸੇਵਾ, ਸਿਮਰਨ ਅਤੇ ਸਾਦੇ ਜੀਵਨ ਵਿੱਚ ਰਹਿ ਕੇ ਸਰਬੱਤ ਦੇ ਭਲੇ ਦੀ ਅਰਦਾਸ ਦਾ ਸੁਨੇਹਾ ਦਿੰਦਾ ਹੋਇਆ ਯਾਦਗਾਰੀ ਹੋ ਨਿਬੜਿਆ। ਇਸ ਵਿਸ਼ੇਸ਼ ਸਮਾਗਮ ਵਿੱਚ ਹਮੇਸਾ ਵਾਂਗ ਸੰਗਤਾਂ ਭਾਰੀ ਸੰਗਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਆ।

## ਸਾਊਥ ਈਸਟ ਫਰਿਜ਼ਨੋ ਵਿੱਚ ਪੰਜਾਬੀ ਜੋੜੇ ਦੀ ਗੋਲੀ ਮਾਰਕੇ ਹੱਤਿਆ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਐਤਵਾਰ ਸਵੇਰ ਸਾਊਥ ਈਸਟ ਫਰਿਜ਼ਨੋ ਵਿੱਚ ਪੰਜਾਬੀ ਜੋੜੇ ਦੀ ਗੋਲੀ ਮਾਰਕੇ ਹੱਤਿਆ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਪੁਲਿਸ ਚੀਫ਼ ਜੈਰੀ ਡਾਇਰ ਦੇ ਦੱਸਣ ਮੁਤਾਬਕ ਕਾਤਲ ਦਰਸ਼ਨ ਸਿੰਘ ਧੰਜਲ (65) ਦੀ ਕਤਲ ਕਰਨ ਵੇਲੇ ਦੀ ਪੂਰੀ ਵਾਰਦਾਤ ਵੀਡੀਓ ਕੈਮਰੇ ਵਿੱਚ ਕੈਦ ਹੋ ਗਈ ਇਹਨੇ ਆਪਣੇ ਮੁੰਡੇ ਦੇ ਸੌਹਰੇ ਤੇ ਸੱਸ ਨੂੰ ਗੋ.ਲੀਆਂ ਮਾਰਕੇ ਮੌਤ ਦੇ ਘਾਟ ਉਤਾਰ ਦਿੱਤਾ। ਪੁਲਿਸ ਨੇ ਕਾਤਲ ਦਰਸ਼ਨ ਸਿੰਘ ਧੰਜਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ।



ਮਰਨ ਵਾਲ਼ਿਆਂ ਦੀ ਪਹਿਚਾਣ ਰਵਿੰਦਰਪਾਲ ਸਿੰਘ ਅਤੇ ਰਾਜਬੀਰ ਕੌਰ ਵਜੋਂ ਹੋਈ ਹੈ। ਦੋਵੇਂ ਹੀ 59 ਸਾਲ ਦੀ ਉਮਰ ਦੇ ਸਨ। ਪੁਲਿਸ ਨੂੰ 911 ਕਾਲ ਤਕਰੀਬਨ ਐਂਤਵਾਰ ਸਵੇਰੇ 11:30 ਵਜੇ 5368 ਈਸਟ ਟਾਵਰ ਐਵਿਨਿਊ ਤੋਂ ਕੀਤੀ ਗਈ। ਜਿੱਥੇ ਘਰ ਦੇ ਲਿਵਿੰਗ ਏਰੀਏ ਵਿੱਚ ਸਿੰਘ ਤੇ ਕੌਰ ਦੀਆਂ ਲਾਸ਼ਾਂ ਪਈਆਂ ਸਨ। ਫਰਿਜ਼ਨੋ ਪੁਲਿਸ ਅਨੁਸਾਰ ਮ੍ਰਿਤਕ ਪੰਜਾਬੀ ਜੋੜਾ ਆਪਣੇ ਜਵਾਈ ਤੇ ਕੁੜੀ ਨਾਲ ਇੱਕੋ ਘਰ ਵਿੱਚ ਹੋਰ ਪਰਿਵਾਰਕ ਮੈਂਬਰਾਂ ਸੰਗ ਰਹਿ ਰਿਹਾ ਸੀ, ਜਦੋਂ ਦਰਸ਼ਨ ਧੰਜਲ ਨੇ ਇਹਨਾਂ ਤੇ ਗੋ.ਲੀਆਂ ਚਲਾਈਆਂ ਇਹ ਲਿਵਿੰਗ ਰੂਮ ਵਿੱਚ ਟੀ ਵੀ ਵੇਖ ਰਹੇ ਸਨ। ਜਦੋਂ ਪੁਲਿਸ ਨੇ ਆਕੇ ਲਾਸ਼ਾਂ ਬਰਾਮਦ ਕੀਤੀਆਂ ਤਾਂ ਟੈਲੀਵੀਜ਼ਨ ਦਾ ਰਿਮੋਟ ਸਿੰਘ ਦੇ ਹੱਥ ਵਿੱਚ ਹੀ ਸੀ। ਦਰਸ਼ਨ ਧੰਜਲ ਦੀ ਨੂੰਹ ਨੇ ਦੱਸਿਆ ਕਿ ਜਦੋਂ ਉਸਨੇ ਚੀਕਾ ਸੁਣੀਆ ਤਾਂ ਉਹ ਭੱਜਕੇ ਆਪਣੀ ਛੋਟੀ ਬੇਟੀ ਨਾਲ ਪੌੜੀਆਂ ਉਤਰਕੇ ਹੇਠਾਂ ਗਈ ਤਾਂ ਖ਼ੂਨ ਨਾਲ ਲੱਥਪੱਥ ਲਾਸ਼ਾਂ ਕੋਲ ਉਸਦਾ ਸ਼ੌਹਰਾ ਦਰਸ਼ਨ ਸਿੰਘ ਧੰਜਲ ਪਸਤੌਲ ਲਈ ਖੜਾ ਸੀ। ਦਰਸ਼ਨ ਨੇ ਉਸ ਉੱਪਰ ਵੀ ਗੰਨ ਤਾਣ ਲਈ ਪਰ ਉਸਨੇ ਭੱਜਕੇ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਆਪਣੀ ਜਾਨ ਬਚਾਈ। ਇਸ ਉਪਰੰਤ ਦਰਸ਼ਨ ਸਿੰਘ ਧੰਜਲ ਨੇ ਗੰਨ ਆਪਣੇ ਕਮਰੇ ਵਿੱਚ ਲੁਕਾਈ ਤੇ ਆਪ ਕਾਰ ਲੈਕੇ ਓਥੋਂ ਫ਼ਰਾਰ ਹੋ ਗਿਆ। ਨੇੜਿਓ ਹੀ ਪੁਲਿਸ ਨੇ ਉਸਨੂੰ ਟੈਪਰਿੰਸ ਅਤੇ ਸੈਂਟਰਲ ਤੋਂ ਦਬੋਚ ਲਿਆ, ਅਤੇ ਹੁਣ ਦਰਸ਼ਨ ਸਿੰਘ ਫਰਿਜ਼ਨੋ ਕਾਊਂਟੀ ਜੇਲ੍ਹ ਵਿੱਚ ਸ਼ੱਕੀ ਕਾਤਲ ਦੇ ਤੌਰ ਤੇ ਬੰਦ ਹੈ।

## ਟੱਰਲਕ, ਕੈਲੀਫੋਰਨੀਆ 'ਚ ਮਾਮੇਰੇ ਭਰਾ ਨੂੰ ਇਰਾਦਾ ਕਤਲ ਦੇ ਮਾਮਲੇ ਵਿਚ 12 ਸਾਲ ਦੀ ਕੈਦ

**ਟਰਲੱਕ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਮਾਂ ਇਸ ਕਦਰ ਕਰਵਟ ਲੈ ਚੁੱਕਾ ਹੈ ਕਿ ਹੁਣ ਖ਼ੂਨ ਦੇ ਰਿਸ਼ਤੇ ਤੇ ਵੀ ਯਕੀਨ ਨਹੀਂ ਰਿਹਾ, ਪ੍ਰਾਪਤ ਜਾਣਕਾਰੀ ਅਨੁਸਾਰ ਬਿਕਰਮਬੀਰ ਸਿੰਘ (34) ਪੁੱਤਰ ਹਰਚਰਨਜੀਤ ਸਿੰਘ ਅੰਮ੍ਰਿਤਸਰ ਜਿਲੇ ਨਾਲ ਸਬੰਧਤ ਪਿੰਡ ਮਾਨਾਵਾਲਾ ਖੁਰਦ ਆਪਣੇ ਨਜਦੀਕੀ ਰਿਸ਼ਤੇਦਾਰ ਕੰਵਲਜੀਤ ਸਿੰਘ (46) ਪਾਸ ਕੈਲੀਫੋਰਨੀਆ ਦੇ ਟਰਲੱਕ ਸਹਿਰ ਦੇ 1100 ਬਲਾਕ ਪੈਡਰਸ ਰੋਡ ਤੇ ਅਪਾਰਟਮੈਂਟ ਵਿਚ ਰਹਿ ਰਿਹਾ ਸੀ। 21 ਜੂਨ 2016 ਨੂੰ ਸਵੇਰੇ ਦੋਸ਼ੀ ਬਿਕਰਮਬੀਰ ਨੇ ਚਾਕੂ ਨਾਲ ਕੰਵਲਜੀਤ ਤੇ ਉਸ ਵਕਤ ਹਮਲਾ ਕਰ ਦਿੱਤਾ ਜਦੋਂ ਉਹ ਕੰਮ ਤੇ ਜਾਣ ਲਈ ਬਾਥਰੂਮ ਵਿਚ ਤਿਆਰ ਹੋ ਰਿਹਾ ਸੀ। ਇਸ ਹਮਲੇ ਵਿਚ ਸਿੰਘ ਗੰਭੀਰ ਜਖਮੀ ਹੋ ਗਿਆ ਪਰ 4-5 ਘੰਟੇ ਦੀ ਜਦੋ ਜਹਿਦ ਤੋ ਬਾਅਦ ਦੋਸ਼ੀ ਤੋਂ ਚਾਕੂ ਖੋਹ ਕੇ ਸੁੱਟ ਦਿੱਤਾ ਤੇ ਆਪਣੀ ਜਾਨ ਬਚਾ ਕੇ ਘਰ ਤੋਂ ਬਾਹਰ ਭੱਜਣ ਵਿਚ ਸਫਲ ਹੋ ਗਿਆ। ਟਰਲੱਕ ਪੁਲਿਸ ਨੇ ਮੌਕੇ ਤੇ ਪਹੁੰਚ ਕੇ ਦੋਸੀ ਬਿਕਰਮਬੀਰ ਨੂੰ ਗ੍ਰਿਫਤਾਰ ਕਰਕੇ ਧਾਰਾ 664ĸ187(ਅ) 245(ਅ) ਤੇਜਧਾਰ ਹਥਿਆਰ ਨਾਲ ਹਮਲਾ ਕਰਨ ਤੇ ਇਰਾਦਾ ਕਤਲ ਦਾ ਮੁਕੱਦਮਾ ਦਰਜ ਕਰਕੇ ਜੇਲ ਭੇਜ ਦਿੱਤਾ। ਜਿਲਾ ਅਟਾਰਨੀ ਬਿਰਗਿਟ ਫਲਾਗਰ ਨੇ ਸਟਾਨੀਸਲਾਉਸ ਕਾਉਟੀ ਸੁਪੀਰੀਅਰ ਕੋਰਟ ਤੋਂ ਦੋਸ਼ੀ ਖਿਲਾਫ ਰਿਪੋਰਟ ਪੇਸ਼ ਕਰਕੇ 25 ਸਾਲ ਦੀ ਸਜਾ ਦੀ ਮੰਗ ਕੀਤੀ। ਦੋਸ਼ੀ ਬਿਕਰਮਬੀਰ ਨੇ ਆਪਣਾ ਜੁਰਮ ਕਬੂਲ ਕਰਕੇ, ਬਿਨਾਂ ਟਰਾਇਲ 12 ਸਾਲ ਦੀ ਸਜਾ ਮੰਜੂਰ ਕਰ ਲਈ। ਮਾਨਯੋਗ ਜੱਜ ਨੈਨਸ਼ੀ ਨੇ 8ĸ8ĸ2018 ਨੂੰ ਅਦਾਲਤੀ ਫੈਸਲਾ ਸੁਣਾ ਕੇ 12 ਸਾਲ ਦੀ ਸਜਾ ਤਹਿਤ ਜੇਲ ਭੇਜ ਦਿੱਤਾ ਹੈ। ਕੰਵਲਜੀਤ ਸਿੰਘ ਨੇ ਖੁਲਾਸਾ ਕਰਦਿਆਂ ਦੱਸਿਆ ਕਿ ਉਸਨੇ ਇਸ ਮਾਮੇਰੇ ਭਰਾ ਲਈ ਬਹੁਤ ਕੁਝ ਕੀਤਾ ਉਸ ਉਪਰ ਕਾਫੀ ਖਰਚ ਕੀਤੇ ਤੇ ਉਸਨੂੰ ਕੰਮ ਵੀ ਲੱਭ ਕੇ ਦਿੱਤਾ ਪਰ ਉਹੀ ਮੇਰਾ ਕਾਤਲ ਬਣੇਗਾ ਕਦੀ ਸੋਚਿਆ ਨਹੀਂ ਸੀ ਉਸਨੇ ਕਿਹਾ ਕਿ ਉਸ ਵਲੋਂ ਮੈਨੂੰ ਮਾਰ ਦੇਣ ਦੀ ਸਾਜਿਸ਼ ਪਿਛੇ ਹੋਰ ਕਿਸਦੀ ਸੋਚ ਕੰਮ ਕਰਦੀ ਸੀ ਉਹ ਇਸਦਾ ਪਤਾ ਲਗਾ ਕੇ ਛੱਡਣਗੇ।



## ਪਹਿਲੀ ਸੰਸਾਰ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਪੈਰਿਸ–** ਪਹਿਲੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਫੌਜੀਆਂ ਦੀ ਯਾਦ ਵਿੱਚ ਫਰਾਂਸ ਦੇ ਫਰਬੁਨ ਸ਼ਹਿਰ ਵਿੱਚ ਸ਼ਰਧਾਂਜਲੀ ਸਮਾਗਮ ਕਰਵਾਏ ਗਏ। ਇਸ ਸਬੰਧੀ ਗੁਰਦੁਆਰਾ ਬਾਬਾ ਮੱਖਣ ਸ਼ਾਹ ਵਣਜਾਰਾ ਲਾ-ਕੋਰਨਵ, ਇੰਟਰਫੇਥ ਸੰਸਥਾ, ਗੋਪੀਓ ਐਸੋਸੀਏਸ਼ਨ, ਦਸਮੇਸ਼ ਸਿੱਖ ਅਕੈਡਮੀ ਅਤੇ ਗੋਰਖਾ ਰੈਜਮੈਂਟ ਦੇ ਨੁਮਾਇੰਦਿਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਹਿਰ ਦੀ ਮਿਉਂਸਿਪਲ ਕਮੇਟੀ ਵੱਲੋਂ ਕਰਵਾਏ ਇਸ ਸਮਾਗਮ ਵਿੱਚ ਯੂਕੇ, ਆਸਟਰੀਆ, ਸਪੇਨ, ਬੈਲਜੀਅਮ, ਪੋਲੈਂਡ ਦੇ ਫੌਜੀਆਂ ਸਮੇਤ ਫਰਾਂਸ ਦੀਆਂ ਤਿੰਨ ਸੈਨਾਵਾਂ ਦੇ ਮੁਖੀਆਂ ਨੇ ਭਾਗ ਲਿਆ। ਮੀਰੀ ਪੀਰੀ ਗਤਕਾ ਅਖਾੜਾ ਵੱਲੋਂ ਭਾਈ ਸਤਨਾਮ ਸਿੰਘ ਦੀ ਅਗਵਾਈ ਵਿੱਚ ਗਤਕੇ ਦੇ ਜੌਹਰ ਦਿਖਾਏ ਗਏ। ਇੰਟਰਫੇਥ ਸੰਸਥਾ ਦੇ ਮੁਖੀ ਰਮੇਸ਼ ਚੰਦਰ ਵੋਹਰਾ ਨੂੰ ਸਮਾਜ ਪ੍ਰਤੀ ਕੀਤੇ ਜਾ ਰਹੇ ਕਾਰਜਾਂ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਕਬਾਲ ਸਿੰਘ ਭੱਟੀ, ਧਰਮਵੀਰ ਸਿੰਘ, ਰਾਜਬੀਰ ਸਿੰਘ ਤੁੰਗ, ਸੁਖਬੀਰ ਸਿੰਘ ਕੰਗ, ਮਨਜੀਤ ਸਿੰਘ ਖੋਸਾ ਅਤੇ ਕਰਨੈਲ ਸਿੰਘ ਹਾਜ਼ਰ ਸਨ।

## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਮਾਸਿਕ ਇਕੱਤਰਤਾ 'ਚ ਡਾਕਟਰ ਅੰਬਰੀਸ਼ ਦੇ ਰੂਬਰੂ



**ਬੇ ਏਰੀਆ–** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬੇ ਏਰੀਆ ਕੈਲੀਫੋਰਨੀਆ ਦੀ ਮਾਸਿਕ ਇਕੱਤਰਤਾ ਅਗਸਤ 19 2018 ਦਿਨ ਐਤਵਾਰ ਨੂੰ ਫੇਵਰਟ ਇੰਡੀਆ ਰੈਸਟੋਰੈਂਟ ਹੇਵਰਡ ਵਿਚ ਹੋਈ । ਇਸ ਮੀਟਿੰਗ ਦੀ ਪ੍ਰਧਾਨਗੀ ਸਰਵ ਸ਼ਿਰੀ ਜਨਾਬ ਹਰਭਜਨ ਢਿੱਲੋਂ , ਪ੍ਰੋਫੈਸਰ ਅਨੂਪ ਵਿਰਕ ਅਤੇ ਡਾਕਟਰ ਅੰਬਰੀਸ਼ ਜੀ ਨੇ ਕੀਤੀ । ਇਸ ਸਮਾਗਮ ਵਿਚ ਵਿਪਸਾਅ ਬੇ ਏਰੀਆ ਵਲੋਂ ਡਾਕਟਰ ਅੰਬਰੀਸ਼ ਜੀ ਨਾਲ ਰੂਬਰੂ ਕੀਤਾ ਗਿਆ।

ਸਭ ਤੋਂ ਪਹਿਲਾਂ ਵਿਪਸਾਅ ਦੇ ਪ੍ਰਧਾਨ ਜਨਾਬ ਸੁਖਵਿੰਦਰ ਕੰਬੋਜ ਜੀ ਨੇ ਅੰਬਰੀਸ਼ ਦੀ ਕਵਿਤਾ ਬਾਰੇ ਚਰਚਾ ਕੀਤੀ ਅਤੇ ਭਾਰਤ ਤੋਂ ਤਸ਼ਰੀਫ ਲਿਆਏ ਪ੍ਰੋਫੈਸਰ ਅਨੂਪ ਵਿਰਕ ਜੀ ਦਾ ਅਤੇ ਡਾਕਟਰ ਅੰਬਰੀਸ਼ ਜੀ ਦਾ ਅਮਰੀਕਾ ਫੇਰੀ ਦਾ ਸਵਾਗਤ ਕੀਤਾ । ਉਸ ਤੋਂ ਪਿੱਛੋਂ ਪ੍ਰੋਫੈਸਰ ਅਨੂਪ ਵਿਰਕ ਜੀ ਨੇ ਅੰਬਰੀਸ਼ ਦੀ ਕਵਿਤਾ ਬਾਰੇ ਵਿਸਥਾਰ ਨਾਲ ਗੱਲ ਬਾਤ ਕੀਤੀ।

ਸਭਾ ਦੇ ਜਨਰਲ ਸਕੱਤਰ ਕੁਲਵਿੰਦਰ ਜੀ ਨੇ ਸਟੇਜ ਦੀ ਭੂਮਿਕਾ ਬਹੁਤ ਸਲੀਕੇ ਨਾਲ ਨਿਭਾਈ । ਸਭ ਤੋਂ ਪਹਿਲਾਂ ਕੁਲਵਿੰਦਰ ਜੀ ਨੇ ਡਾਕਟਰ ਅੰਬਰੀਸ਼ ਜੀ ਨੂੰ ਆਪਣੀਆਂ ਕਵਿਤਾਵਾਂ ਦਾ ਪਾਠ ਕਰਨ ਦਾ ਸੱਦਾ ਦਿੱਤਾ। ਅੰਬਰੀਸ਼ ਜੀ ਨੇ ਆਪਣੀਆਂ ਚੋਣਵੀਆਂ ਕਵਿਤਾਵਾਂ ਸੁਣਾ ਕੇ ਬਹੁਤ ਵਾਹ ਵਾਹ ਖੱਟੀ। ਅੰਬਰੀਸ਼ ਇਕ ਬਹੁਤ ਹੀ ਵੱਖਰੇ ਮੁਹਾਵਰੇ ਦਾ ਕਵੀ ਹੈ। ਉਹ ਨਿੱਕੀਆਂ ਨਿੱਕੀਆਂ ਗੱਲਾਂ ਵਿੱਚੋ ਬਹੁਤ ਵੱਡੀਆਂ ਕਵਿਤਾਵਾਂ ਲਿਖ ਲੈਂਦਾ ਹੈ। ਮੀਟਿੰਗ ਦੇ ਅਖੀਰ ਵਿਚ ਕਵਿਤਾਵਾਂ ਦਾ ਦੌਰ ਸ਼ੁਰੂ ਹੋਇਆ । ਜਿਸ ਵਿਚ ਕ੍ਰਮਵਾਰ ਰੇਸ਼ਮ ਸਿੰਘ , ਗਗਨਦੀਪ ਸਿੰਘ , ਤਾਰਾ ਸਾਗਰ , ਨੀਲਮ ਸੈਣੀ , ਹਰਭਜਨ ਢਿੱਲੋਂ , ਜਗਜੀਤ ਨੌਸ਼ਹਿਰਵੀ , ਕਮਲ ਦੇਵ ਪਾਲ , ਸੁਖਪਾਲ , ਕੁੰਦਨ ਲਾਲ , ਦਰਸ਼ਨ ਨੱਤ , ਪ੍ਰੋਫੈਸਰ ਅਨੂਪ ਵਿਰਕ , ਕੁਲਵਿੰਦਰ ਅਤੇ ਪ੍ਰੋਫੈਸਰ ਸੁਖਵਿੰਦਰ ਕੰਬੋਜ ਨੇ ਆਪੋ ਆਪਣੀ ਹਾਜ਼ਰੀ ਲਗਵਾਈ । ਇਸ ਮੀਟਿੰਗ ਵਿਚ ਬਲਜਿੰਦਰ ਸਿੰਘ ਵੀ ਸ਼ਾਮਿਲ ਸੀ । ਕੁਲਵਿੰਦਰ ਨੇ ਅਗਲੀ ਇਕੱਤਰਤਾ ਵਿਚ ਫਿਰ ਮਿਲਣੇ ਦਾ ਭਰੋਸਾ ਦਿਵਾਇਆ । ਅੰਤ ਵਿਚ ਸਭਾ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਆਏ ਹੋਏ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਦੇਸ਼ ਦੁਆਬਾ

## ਖ਼ੁਦਕੁਸ਼ੀਆਂ ਬਾਰੇ ਚਿੰਤਾਜਨਕ ਰਿਪੋਰਟ

ਹਾਲ ਹੀ ਵਿਚ ਵਿਸ਼ਵ ਸਿਹਤ ਸੰਗਠਨ ਅਤੇ ਕੌਮਾਂਤਰੀ ਐਸੋਸੀਏਸ਼ਨ ਫਾ ਸੂਸਾਈਡ ਪ੍ਰੀਵੈਨਸ਼ਨ ਨੇ ਇਕ ਰਿਪੋਰਟ ਜਾਰੀ ਕੀਤੀ ਹੈ। ਇਸ ਰਿਪੋਰਟ ਮੁਤਾਬਕ ਦੁਨੀਆਂ ਭਰ ਵਿਚ ਖੁਦਕੁਸ਼ੀਆਂ ਦਾ ਰੁਝਾਨ ਤੇਜ਼ੀ ਨਾਲ ਵੱਧ ਰਿਹਾ ਹੈ। ਹਰ ਸਾਲ 10 ਲੱਖ ਤੋਂ ਜ਼ਿਆਦਾ ਲੋਕੀ ਖੁਦਕੁਸ਼ੀਆਂ ਕਰ ਰਹੇ ਹਨ। ਇਸ ਰਿਪੋਰਟ ਵਿਚ ਭਾਰਤ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ। ਭਾਰਤ ਵਿਚ ਕਿਸਾਨ, ਮਜ਼ਦੂਰ ਅਤੇ ਗਰੀਬ ਤਬਕਾ ਜੋ ਮੁਸ਼ਕਿਲ ਹਾਲਾਤਾਂ ਵਿਚੋਂ ਲੰਘ ਰਿਹਾ ਹੈ, ਵਿਚ ਖੁਦਕੁਸ਼ੀਆਂ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਕੁਝ ਦਿਨ ਪਹਿਲਾਂ ਇਕ ਖਾਂਦੇ-ਪੀਂਦੇ ਘਰ ਦੇ ਕਿਸਾਨ ਨੇ ਆਪਣੀ ਰਿਵਾਲਵਰ ਨਾਲ ਹੀ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਤੋਂ ਪਹਿਲਾਂ ਉਸਨੇ ਆਪਣੀ ਪਤਨੀ ਅਤੇ 11 ਮਹੀਨੇ ਦੇ ਬੱਚੇ ਨੂੰ ਵੀ ਗੋਲੀ ਮਾਰ ਦਿੱਤੀ। ਅਜਿਹਾ ਇਸ ਕਰਕੇ ਹੋਇਆ ਹੈ ਕਿਉਂਕਿ ਉਹ ਸ਼ਰਾਬ ਦਾ ਆਦੀ ਸੀ ਅਤੇ ਪਰਿਵਾਰ ਉਸ ਨੂੰ ਅਜਿਹਾ ਕਰਨ ਤੋਂ ਰੋਕਦਾ ਸੀ। ਇਹ ਬਹੁਤ ਹੀ ਮੰਦਭਾਗਾ ਵਰਤਾਰਾ ਹੈ।ਇਹ ਤਾਂ ਨਸ਼ਿਆਂ ਦੀ ਮਾਰ ਦਾ ਮਾਮਲਾ ਹੈ ਪਰ ਪੰਜਾਬ ਵਿਚ ਕਿਸਾਨ ਅਤੇ ਮਜ਼ਦੂਰ ਬਹੁਤ ਦੁਸ਼ਵਾਰੀਆਂ ਵਿਚੋਂ ਲੰਘ ਰਹੇ ਹਨ, ਜਿਸ ਕਰਕੇ ਖੁਦਕੁਸ਼ੀਆਂ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਭਾਰਤ ਦੇ ਮਹਾਰਾਸ਼ਟਰ, ਪੰਜਾਬ, ਪੱਛਮੀ ਬੰਗਾਲ ਆਦਿ ਸੂਬਿਆਂ ਵਿਚ ਖੁਦਕੁਸ਼ੀਆਂ ਦਾ ਰੁਝਾਨ ਤੇਜ਼ੀ ਨਾਲ ਵੱਧ ਰਿਹਾ ਹੈ। ਸਿਰਫ ਭਾਰਤ ਨਹੀਂ ਬਲਕਿ ਦੁਨੀਆਂ ਦੇ ਵਿਕਸਤ ਮੁਲਕਾਂ ਵਿਚ ਵੀ ਲੋਕੀ ਅਜਿਹੀਆਂ ਸਮੱਸਿਆਵਾਂ ਦਾ ਸ਼ਿਕਾਰ ਹਨ। ਅਮਰੀਕਾ ਵਿਚ ਹਰ ਸਾਲ ਕਈ ਹਜ਼ਾਰ ਲੋਕੀ ਖੁਦਕੁਸ਼ੀਆਂ ਕਰਦੇ ਹਨ। ਇਸ ਲਈ ਸਮਾਜਿਕ, ਆਰਥਿਕ ਅਤੇ ਮਾਨਸਿਕ ਕਾਰਨ ਜ਼ਿੰਮੇਵਾਰ ਹਨ। ਇਸ ਦੇ ਮੱਦੇਨਜ਼ਰ ਕਈ ਮੁਲਕਾਂ ਨੇ ਆਪਣੇ ਸਿਹਤ ਵਿਭਾਗ ਵਿਚ ਬਕਾਇਦਾ ਮਾਨਸਿਕ ਸਿਹਤ ਦਾ ਮਹਿਕਮਾ ਤਿਆਰ ਕੀਤਾ ਹੋਇਆ ਹੈ, ਜੋ ਕਿਸੇ ਵੀ ਡਿਪਰੈਸ਼ਨ ਦੇ ਸ਼ਿਕਾਰ ਵਿਅਕਤੀ ਨੂੰ ਮਾਨਸਿਕ ਤੌਰ ਤੇ ਤੰਦਰੁਸਤ ਕਰਨ ਲਈ ਬਕਾਇਦਾ ਕੌਂਸਲਿੰਗ ਕਰਦਾ ਹੈ।

ਭਾਰਤ ਵਿਚ ਵੀ ਪੜ੍ਹਿਆ-ਲਿਖਿਆ ਵਰਗ ਅਜਿਹੀਆਂ ਸਮੱਸਿਆਵਾਂ ਦਾ ਸ਼ਿਕਾਰ ਹੈ। ਪਰ ਕਿਸਾਨ ਅਤੇ ਮਜ਼ਦੂਰ ਮੁਸ਼ਕਿਲਾਂ ਦੇ ਕਾਰਨ ਅਜਿਹਾ ਕਰਦੇ ਹਨ। ਪੰਜਾਬ ਵਿਚ ਔਸਤਨ ਦੋ-ਤਿੰਨ ਕਿਸਾਨ ਅਤੇ ਮਜ਼ਦੂਰ ਹਰ ਰੋਜ਼ ਖੁਦਕੁਸ਼ੀਆਂ ਕਰ ਰਹੇ ਹਨ। ਦੂਜੇ ਪਾਸੇ ਕਿਸਾਨ ਜਥੇਬੰਦੀਆਂ ਸਰਕਾਰ ਦੀ ਕਰਜ਼ਾ ਮੁਆਫੀ ਯੋਜਨਾ ਨੂੰ ਕਿਸਾਨਾਂ ਦੀਆਂ ਖੁਦਕੁਸ਼ੀਆਂ ਰੋਕਣ ਦੇ ਹੱਲ ਦੇ ਰੂਪ ਵਿਚ ਨਹੀਂ ਦੇਖਦੀਆਂ। ਉਹ ਡੁੱਬਦੀ ਕਿਸਾਨੀ ਨੂੰ ਬਚਾਉਣ ਲਈ ਵਡੇਰੀ ਯੋਜਨਾ ਦੀ ਮੰਗ ਕਰ ਰਹੀਆਂ ਹਨ। ਗਰੀਬੀ, ਬੇਰੁਜ਼ਗਾਰੀ, ਘਰੇਲੂ ਹਿੰਸਾ, ਪੜ੍ਹਾਈ, ਬਿਮਾਰੀ ਆਦਿ ਕਾਰਨ ਵੀ ਪੰਜਾਬ ਵਿਚ ਲਗਾਤਾਰ ਖੁਦਕੁਸ਼ੀਆਂ ਹੋ ਰਹੀਆਂ ਹਨ। ਨਸ਼ੇ ਦੇ ਕਾਰਨ ਰੋਜ਼ਾਨਾ ਹੋਣ ਵਾਲੀਆਂ ਖੁਦਕੁਸ਼ੀਆਂ ਦਾ ਗਰਾਫ ਵੀ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਇਹ ਅੰਕੜੇ ਡਰਾਉਣ ਵਾਲੇ ਹਨ। ਇਸ ਗਲਤ ਰੁਝਾਨ ਨੂੰ ਰੋਕਣ ਲਈ ਹੁਣ ਤੇਜ਼ੀ ਨਾਲ ਯਤਨ ਕਰਨ ਦਾ ਮੌਕਾ ਹੋ ਗਿਆ ਹੈ। ਪੰਜਾਬ ਵਿਚ ਵੀ ਵਿਕਸਤ ਮੁਲਕਾਂ ਦੀ ਤਰਜ਼ ਤੇ ਅਜਿਹੇ ਮਹਿਕਮੇ ਗਠਿਤ ਕਰਨ ਦੀ ਲੋੜ ਹੈ ਤਾਂ ਜੋ ਲੋਕਾਂ ਦੀਆਂ ਮਾਨਸਿਕ ਸਮੱਸਿਆਵਾਂ ਵੱਲ ਵੀ ਤਵੱਜੋਂ ਦਿੱਤੀ ਜਾ ਸਕੇ। ਦੂਜਾ ਕਾਰਨ ਹੈ ਕਰਜ਼ਿਆਂ ਦੀ ਮੁਸ਼ਕਿਲ ਨੂੰ ਹੱਲ ਕਰਨ ਦਾ, ਉਸ ਵੱਲ ਵੀ ਧਿਆਨ ਦੇਣ ਦੀ ਲੋੜ ਹੈ।

ਜਿੱਥੋਂ ਤੱਕ ਵਿਕਸਤ ਮੁਲਕਾਂ ਦਾ ਸਬੰਧ ਹੈ, ਇਹਨਾਂ ਵਿਚ ਖੁਦਕੁਸ਼ੀਆਂ ਦੇ ਹੋਰ ਵੀ ਕਈ ਕਾਰਨ ਹਨ। ਪਰਿਵਾਰਾਂ ਦਾ ਟੁੱਟਣਾ ਅਤੇ ਇਕੱਲਾਪਣ, ਆਰਥਿਕ ਮੁਸ਼ਕਿਲਾਂ ਆਦਿ ਦੇ ਕਾਰਨ ਹਰ ਸਾਲ 10 ਲੱਖ ਤੋਂ ਜ਼ਿਆਦਾ ਲੋਕੀ ਖੁਦਕੁਸ਼ੀਆਂ ਕਰ ਜਾਂਦੇ ਹਨ। ਸਾਲ 2015 ਦੀ ਰਿਪੋਰਟ ਮੁਤਾਬਕ 8 ਲੱਖ 28 ਹਜ਼ਾਰ ਲੋਕਾਂ ਨੇ ਖੁਦਕੁਸ਼ੀ ਕਰਕੇ ਆਪਣਾ ਜੀਵਨ ਖਤਮ ਕੀਤਾ। 1990 ਦੇ ਅੰਕੜਿਆਂ ਦੀ ਤੁਲਨਾ ਵਿਚ ਇਹ ਗਿਣਤੀ ਬਹੁਤ ਜ਼ਿਆਦਾ ਹੈ। ਇਸ ਪ੍ਰਵਿਰਤੀ ਨੂੰ ਠੱਲ੍ਹਣ ਲਈ ਦੁਨੀਆਂ ਭਰ ਵਿਚ ਉਪਰਾਲੇ ਹੋ ਰਹੇ ਹਨ ਪਰ ਇਸ ਦੇ ਬਾਵਜੂਦ ਇਹ ਕੁਰੀਤੀ ਵਧਦੀ ਜਾ ਰਹੀ ਹੈ। ਖੁਦਕੁਸ਼ੀ ਕਰਨਾ ਕੋਈ ਬਹਾਦਰੀ ਨਹੀਂ, ਬਲਕਿ ਦੁਨੀਆਂ ਵਿਚ ਰਹਿ ਕੇ ਦੁਨੀਆਂ ਦੀਆਂ ਮੁਸ਼ਕਿਲਾਂ ਨੂੰ ਫਤਿਹ ਕਰਨ ਵਾਲੇ ਹੀ ਅਸਲੀ ਬਹਾਦਰ ਲੋਕ ਹੁੰਦੇ ਹਨ। ਦੁਨੀਆਂ ਵਿਚ ਦੁੱਖ ਵੀ ਹਨ ਅਤੇ ਸੁੱਖ ਵੀ ਹਨ। ਤਕਲੀਫਾਂ ਵੀ ਹਨ ਅਤੇ ਆਰਾਮ ਵੀ ਹੈ। ਇਸ ਸਭ ਦਾ ਤਵਾਜਨ ਰੱਖ ਕੇ ਜਿਊਣਾ ਹੀ ਅੱਜ ਦੇ ਮਨੁੱਖ ਦੀ ਸਭ ਤੋਂ ਪਹਿਲੀ ਲੋੜ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-80

## ਗੁਰਬਾਣੀ ਚਾਨਣ ਚ ਕੁਰਬਾਨੀ



ਅਵਤਾਰ ਸਿੰਘ ਮਿਸ਼ਨਰੀ
510-432-5827

ਕੁਰਬਾਨ ਅਰਬੀ ਦਾ ਸ਼ਬਦ ਤੇ ਅਰਥ (ਕੁਰਬ) ਨੇੜੇ ਹੋਣਾ। ਕੁਰਬਾਨੀ-ਨਿਛਾਵਰ ਹੋਣਾ-ਤਿਸ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗਭੀਰਾ ਗਉਹਰੁ ਜੀਉ॥(੧੦੨) ਪੂਰਨ ਗੁਰੂ ਤੋਂ ਆਪਾ ਨਿਛਾਰਰ ਕਰਨਾ-ਪੂਰੇ ਗੁਰ ਊਪਰਿ ਕੁਰਬਾਣ॥(੮੯੯) ਮੈ ਆਪਣੇ ਗੁਰੂ ਤੋਂ ਕੁਰਬਾਨ ਹਾਂ ਜਿਸ ਨੇ ਮੈਂਨੂੰ ਅਗਿਆਨਤਾ ਕਰਕੇ ਵਿਛੜੇ ਨੂੰ ਗਿਆਨ ਦੇ ਕੇ ਸਿਰਜਹਾਰ ਨਾਲ ਮਿਲਾ ਦਿੱਤਾ ਹੈ-ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ॥(੧੬੭) ਜਿੰਨ੍ਹਾਂ ਜਿੰਨ੍ਹਾਂ ਨੇ ਗੁਰੂ ਦੀ ਗੱਲ ਧਿਆਨ ਨਾਲ ਸੁਣੀ, ਮੰਨੀ ਮੰਨੀ ਤੇ ਉਸ ਤੇ ਪਹਿਰਾ ਦਿਤਾ-ਜਿਨਿ ਜਨਿ ਸੁਣੀ ਮੰਨੀ ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੀ॥(੯੭੭) ਜਿੰਨ੍ਹਾਂ ਨੇ ਪ੍ਰਭੂ ਨੂੰ ਧਿਆਨ ਚ ਲਿਆ ਉਸ ਦਾ ਨਾਮ ਜਪਿਆ ਭਾਵ ਉਸ ਦੇ ਨਿਯਮਾਂ ਦੀ ਸਦਾ ਪਾਲਣਾ ਕੀਤੀ ਨਾਨਕ ਉਨ੍ਹਾਂ ਤੋਂ ਕੁਰਬਾਨ ਜਾਂਦਾ ਹੈ-ਜਿਨੀ ਮੇਰਾ ਪ੍ਰਭੁ ਧਿਆਇਆ ਨਾਨਕ ਤਿਨ ਕੁਰਬਾਨ॥(੪੬)

ਕੁਰਬਾਨੀ ਬਾਰੇ ਭਾਈ ਕਾਨ੍ਹ ਸਿੰਘ ਨਾਭ੍ਹਾ "ਗੁਰਮਤਿ ਮਾਰਤੰਡ" ਚ ਲਿਖਦੇ ਹਨ ਕਿ ਸਿੱਖ ਧਰਮ ਚ ਆਪਣੀ ਬਲਾ ਟਾਲਣ ਲਈ, ਪ੍ਰਾਚੀਨ ਮੱਤਾਂ ਅਨੁਸਾਰ ਪਸ਼ੂ ਆਦਿਕ ਦੀ ਕੁਰਬਾਨੀ ਵਿਧਾਨ ਨਹੀਂ ਸਗੋਂ ਆਪਾ ਭਾਵ ਤਿਆਗ ਕੇ ਨਿਸ਼ਕਾਮ ਭਾਵ ਨਾਲ ਦੇਸ਼ ਕੌਮ ਦੀ ਸੇਵਾ ਲਈ ਤਨ, ਮਨ, ਧਨ ਅਰਪ ਦੇਣਾ ਅਤੇ ਪ੍ਰਉਪਕਾਰ ਨੂੰ ਆਪਣਾ ਮੰਤਵ ਬਣਾ ਲੈਣਾ ਉਤਮ ਕੁਰਬਾਨੀ ਹੈ।

ਕਈ ਧਰਮਾਂ ਚ ਪਸ਼ੂਆਂ, ਬੱਚਿਆਂ ਤੇ ਗੁਲਾਮਾਂ ਦੀ ਕੁਰਬਾਨੀ ਦਿੱਤੀ ਜਾਂਦੀ ਹੈ ਜੋ ਨਿਰਾ ਅੰਧਵਿਸ਼ਵਾਸ਼ ਤੇ ਅਨਿਆਏ ਹੈ। ਪਰ ਵਾਸਤਵ ਵਿੱਚ ਧਰਮ, ਦੇਸ਼, ਕੌਮ ਅਤੇ ਨਿਮਾਣਿਆਂ ਨਿਤਾਣਿਆਂ ਲਈ ਨਿਰ-ਸਵਾਰਥ ਆਪਾ ਵਾਰਨਾ ਸਹੀ ਕੁਰਬਾਨੀ ਹੈ। ਕੁਰਬਾਨੀ ਦੇ ਬੜੇ ਵਿਸ਼ਾਲ ਅਰਥ ਹਨ ਜਿਵੇਂ ਭਲੇ ਕੰਮ ਲਈ ਸਮਾਂ ਕੁਰਬਾਨ ਕਰਨਾ, ਪਰਉਪਕਾਰ ਲਈ ਨੀਂਦ ਦੀ ਕੁਰਬਾਨੀ ਦੇਣੀ, ਧਨ ਕੁਰਬਾਨ ਕਰਨਾ, ਜਬਰ ਜ਼ੁਲਮ ਵਿਰੁੱਧ ਕੁਰਬਾਨ ਹੋਣਾ, ਪ੍ਰਵਾਰ ਤੇ ਸੰਸਾਰ ਮੋਹ ਤਿਆਗਣਾ ਅਤੇ ਦੇਸ਼, ਕੌਮ ਧਰਮ ਤੇ ਮਜਲੂਮਾਂ ਦੀ ਰਾਖੀ ਲਈ ਸਰੀਰ ਕੁਰਬਾਨ ਕਰ ਦੇਣਾ ਆਦਿਕ। ਦੇਖੋ! ਜਸੂ ਮਸੀਹ ਨੇ ਕੌਮ ਲਈ ਕੁਰਬਾਨੀ ਦਿੱਤੀ। ਗਲੀਓ ਵਿਗਿਆਨਕ ਸੱਚ ਲਈ ਕੁਰਬਾਨ ਹੋਇਆ, ਸੁਕਰਾਤ ਨੇ ਸੱਚ ਦੀ ਖਾਤਰ ਜਹਿਰ ਪੀ ਕੁਰਬਾਨੀ ਦਿੱਤੀ, ਰੱਬੀ ਭਗਤ ਸੱਚ ਤੇ ਮਨੁੱਖੀ ਸੇਵਾ ਲਈ ਜੀਵਨ ਕੁਰਬਾਨ ਕਰ ਗਏ। "ਗੁਰੂ ਨਾਨਕ ਸਾਹਿਬ" ਨੇ ਪ੍ਰਵਾਰਕ ਮੋਹ ਤੋਂ ਉਪਰ ਉਠ ਸੰਸਾਰ ਨੂੰ ਗਿਆਨ ਦੇਣ ਲਈ ਪ੍ਰਵਾਰਕ ਜੀਵਨ ਦੀ ਵੱਡੀ ਕੁਰਬਾਨੀ ਦਿੱਤੀ। ਗੁਰੂ ਅਰਜਨ ਸਾਹਿਬ ਨੇ "ਗੁਰੂ ਗ੍ਰੰਥ ਸਾਹਿਬ" ਵਿਖੇ ਰੱਬੀ ਗਿਆਨ ਸੰਪਾਦਿਤ ਕਰਕੇ ਜਿੰਦਗੀ ਦੀ ਕੁਰਬਾਨੀ ਦਿੱਤੀ। ਗੁਰੂ ਤੇਗ ਬਹਾਦਰ ਮਜਲੂਮਾਂ ਲਈ ਕੁਰਬਾਨ ਹੋਏ।

ਹਰੇਕ ਕੌਮ ਆਪਣੇ ਮਹਾਨ ਪੁਰਖਿਆਂ ਦੀਆਂ ਕੁਰਬਾਨੀਆਂ ਤੇ ਜਿਉਂਦੀ ਹੈ। ਤਹੀਓਂ ਸ਼ਾਇਰ ਲਿਖਦਾ ਹੈ ਕਿ "ਕੌਮਾਂ ਜਿਉਂਦੀਆਂ ਸਦਾ ਕੁਰਬਾਨੀਆਂ ਤੇ" ਜਿੱਥੇ ਸੰਸਾਰ ਦੇ ਇਤਹਾਸ 'ਚ ਬਿਅੰਤ ਕੁਰਬਾਨੀਆਂ ਦਾ ਜਿਕਰ ਹੈ ਓਥੇ ਛੋਟੀ ਜਿਹੀ ਸਿੱਖ ਕੌਮ ਦਾ ਇਤਿਹਾਸ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਪਿਆ ਹੈ।

ਸੋ ਅਸਲ 'ਚ ਆਪਾ ਵਾਰਨਾ ਨਾ ਕਿ ਕਿਸੇ ਪਸ਼ੂ, ਅਬਲਾ, ਗੁਲਾਮ ਜਾਂ ਮਸੂਮ ਬੱਚੇ ਦੀ ਨਿਹੱਕ ਬਲੀ ਦੇਣਾ ਕੁਰਬਾਨੀ ਹੈ। ਅਜ਼ੋਕੇ ਦੌਰ ਚ ਸੱਚ ਨੂੰ ਵਿ-ਗਆਨਕ ਤੌਰ ਤੇ ਪ੍ਰਚਾਰਨਾ ਵੀ ਬਹੁਤ ਵੱਡੀ ਕੁਰਬਾਨੀ ਹੈ ਕਿਉਂਕਿ ਅੰਧਵਿਸ਼ਵਾਸ਼ੀ ਧਰਮ ਆਗੂ ਪੱਥਰ ਯੁੱਗ ਦੀਆਂ ਪ੍ਰਾਚੀਨ ਅੰਧਵਿਸ਼ਵਾਸ਼ੀ ਮਨੌਤਾਂ ਦੀ ਜਕੜ ਵਿੱਚ ਹਨ।

ਸਿੱਖ ਕੌਮ 'ਚ ਐਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪੰਜਾਬੀ ਅਤੇ ਦੂਜੀਆਂ ਬੋਲੀਆਂ ਚ ਛਾਪ ਅਤੇ ਟ੍ਰਾਂਸਲੇਸ਼ਨ ਕਰਕੇ, ਦੁਨੀਆਂ ਭਰ ਦੀਆਂ ਲਾਇਬ੍ਰੇਰੀਆਂ ਚ ਰੱਖਣਾ ਤੇ ਵਿਦਿਆਕ ਅਦਾਰਿਆਂ ਚ ਪੜ੍ਹਾਉਣਾ ਬਹੁਤ ਹੀ ਵੱਡੀ ਕੁਰਬਾਨੀ ਵਾਲਾ ਕਾਰਜ ਹੈ ਕਿਉਂਕਿ ਅੰਧਵਿਸ਼ਵਾਸ਼ੀ ਡੇਰੇਦਾਰ ਸੰਪਰਦਾਈ ਲੱਠਮਾਰ ਇਸ ਕਾਰਜ ਵਿਰੱਧ ਡਾਂਗਾਂ ਚੱਕੀ ਫਿਰਦੇ ਹਨ।





# AMBEDKAR TIMES

This site has been dedicated to Bharat Rattan Baba Sahib Dr. Bhimrao Ramji Ambedkar in the memory of Babu Mangu Ram Muggowalia, Gadharite and founder of Ad Dharm Movement in Punjab. The sole aim of this site is to highlight the plight of the Mulnivasis (Inhabitants) of India who have not only been deprived of their due share in the wealth of their own country, but had also been subjected to untold miseries over centuries. Atrocities against them are still rampant in almost all the parts of the country. Hardly a day passes when there is no news about the social boycott or physical repression of all sorts on them. Ambedkartimes.com is duty bound to highlight all such incidents as well as to seek and articulate some solid perspective for the amelioration of this age-old problem old social exclusion and blatant violation of the basic human rights of the Dalit brethren.

I once again thaanks for your kind support and also expect the same in future too so that this modest attempt would continue in the service of our community. www.ambedkartimes.comdeeply welcomes your suggestions for its better functioning. This is your web site and it is you who have to make it successful. Kindly send your valuable articles, news reports, and opinions regularly, we would be pleased to carry them gratefully.

Prem K. Chumber Editor: www.ambedkartimes.com



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲੀ ਪ੍ਰਕਾਸ਼ ਪੁਰਬ ਮਨਾਇਆ 14 ਤੋਂ 16 ਸਤੰਬਰ ਨੂੰ ਮਨਾਇਆ ਜਾਵੇਗਾ


**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਿਤੀ 14, 15, 16 ਸਤੰਬਰ ਦਿਨ ਸ਼ੁੱਕਰਵਾਰ, ਸਨਿਚਰਵਾਰ, ਐਤਵਾਰ ਨੂੰ ਬੜੀ ਧੂਮ–ਧਾਮ ਨਾਲ ਮਨਾਇਆ ਜਾਵੇਗਾ, ਜਿਸ ਵਿਚ ਮਿਤੀ 14 ਸਤੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 16 ਸਤੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਇਹਨਾਂ ਸਮਾਗਮਾਂ ਵਿਚ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ।

ਗੁਰੂ ਪਿਆਰੀ ਸਾਧ ਸੰਗਤ ਜੀਓ, ਆਪ ਸਭ ਸੰਗਤਾਂ ਦ ਸਹਿਯੋਗ ਨਾਲ ਅਸੁਨਿ ਮਹੀਨ ਦੀ ਸੰਗਰਾਂਦ 17 ਸਤੰਬਰ ਦਿਨ ਸੋਮਵਾਰ ਸ਼ਾਮ 6 ਵਜੇ ਤੋਂ 9–30 ਵਜੇ ਤੱਕ ਮਨਾਈ ਜਾਵੇਗੀ। ਆਪ ਸਭ ਨੂੰ ਬੇਨਤੀ ਹੈ ਕਿ ਇਹਨਾਂ ਸਮ–ਾਗਮਾਂ ਵਿਚ ਸੇਵਾ ਕਰਕੇ ਜੀਵਨ ਸਫਲ ਕਰੋ ਜੀ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬ–ੰਧਕ ਕਮੇਟੀ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਇੰਡੀਆ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਜਿਸਨੇ ਭਾਰਤ ਵਿਚ ਸੰਤ ਰਾਮਾਨੰਦ ਜੀ (ਡੇਰਾ ਸੱਚਖੰਡ ਬੱਲਾਂ) ਦੇ ਮਹਾਂਪੁਰਸ਼ਾਂ ਦੇ ਵਿਰੁੱਧ ਅਸਭਿਅਕ ਲਫਜ਼ ਬੋਲੇ ਸਨ, ਉਹਨਾਂ ਲਫਜ਼ਾਂ ਦੀ ਸਖਤ ਨਿਖੇਧੀ ਕੀਤੀ ਗਈ। ਇਸ ਤੋਂ ਇਲਾਵਾ ਇਹ ਵੀ ਕਿਹਾ ਗਿਆ ਕਿ ਭਵਿੱਖ ਵਿਚ ਕੋਈ ਇਨਸਾਨ ਚੋ ਉਹ ਕੋਈ ਵੀ ਹੋਵੇ, ਜੇਕਰ ਉਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਜਾਂ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਮਹਾਂਪੁਰਸ਼ਾਂ ਵਿਰੁੱਧ ਕੋਈ ਵੀ ਅਸਭਿਅਕ ਲਫਜ਼ਾਂ ਦੀ ਵਰਤੋਂ ਕਰਦਾ ਹੈ, ਉਸ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਸਮੂਹ ਸਾਧ ਸੰਗਤ ਜੀ ਨੂੰ ਇਹ ਬੇਨਤੀ ਕੀਤੀ ਗਈ ਕਿ ਇਸ ਤਰ੍ਹਾਂ ਦੇ ਇਨਸਾਨ ਜੋ ਸਮਾਜ ਵਿਚ ਧਾਰਮਿਕ ਵੰਡੀਆਂ ਪਾਉਂਦੇ ਹਨ, ਉਹਨਾਂ ਤੋਂ ਸੁਚੇਤ ਰਹਿਣ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗਣ।

## ਸਤਿ ਸੰਦੇਸ਼ (ਨਵਾਂ-ਆਦਿ ਡੰਕਾ) 2018

# ਇਕ ਚਲਦੀ-ਫਿਰਦੀ ਕਾਰਜਸ਼ੀਲ ਸੰਸਥਾ ਵਾਂਗ ਕੌਮ-ਧਰਮ ਸਮਾਜ ਦੇ ਰਾਹ ਦਸੇਰਾ ਹਨ ਸ੍ਰੀ ਅਮਰਜੀਤ ਗੁਰੂ ਅਤੇ ਸ੍ਰੀਮਤੀ ਤਰਸੇਮ ਕੌਰ ਗੁਰੂ ਯੂ.ਕੇ.




ਸ੍ਰੀਮਾਨ ਅਮਰਜੀਤ ਗੁਰੂ ਅਤੇ ਉਹਨਾਂ ਦੇ ਸਤਿਕਾਰਯੋਗ ਧਰਮ ਪਤਨੀ ਸ੍ਰੀਮਤੀ ਤਰਸੇਮ ਕੌਰ ਗੁਰੂ ਯੂ. ਕੇ. (ਇੰਗਲੈਂਡ) ਨਿਵਾਸੀ ਇਕ ਚਲਦੀ–ਫਿਰਦੀ ਕਾਰਜਸ਼ੀਲ ਸੰਸਥਾ ਵਾਂਗ ਆਪਣੀ ਕੌਮ ਆਦਿ ਧਰਮ ਸਮਾਜ ਦੇ ਰਾਹ ਦਸੇਰਾ ਹਨ। ਜੋ ਸੱਤ ਸਮੁੰਦਰ ਪਾਰ ਵਿਦੇਸ਼. ਰਹਿਤਲ ਤੇ ਰਹਿ ਕੇ ਵੀ ਅੱਜ ਤੱਕ ਆਪਣੇ ਸਮਾਜ, ਆਪਣੀ ਆਦਿ ਧਰਮ ਕੌਮ, ਆਪਣੇ ਸਮਾਜ, ਆਪਣੇ ਅਮੀਰ ਸਭਿਆਚਾਰ, ਆਪਣੀ ਕੌਮ ਦੇ ਮਹਾਨ ਰਹਿਬਰਾਂ ਜਗਤ ਗੁਰੂ ਸਤਿਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਕਬੀਰ ਜੀ, ਸਤਿਗੁਰੂ ਸੈਨ ਜੀ, ਮਹਾਂਰਿਸ਼ੀ ਭਗਵਾਨ ਵਾਲਮੀਕ ਜੀ, ਸਤਿਗੁਰੂ ਨਾਮਦੇਵ ਜੀ ਦੇ ਨਾਲ–ਨਾਲ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਦੇ ਸੰਵਿਧਾਨ ਨਿਰਮਾਤਾ ਸਾਹਿਬ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ, ਦਲਿਤ ਕੌਮ ਦੇ ਰਾਜਨੀਤੀ ਦੇ ਥੰਮ ਬਾਬੂ ਕਾਂਸ਼ੀ ਰਾਮ ਜੀ ਦੀ ਦਲਿਤ ਸਮਾਜ ਲਈ ਕੀਤੀ ਕੁਰਬਾਨੀ ਨੂੰ ਕਿਸੇ ਵੀ ਹਾਲ ਨਾ ਭੁੱਲ ਕੇ ਉਹਨਾਂ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਸਮਾਜ ਦੀ ਬਿਹਤਰੀ ਅਤੇ ਉਥਾਨ ਲਈ ਜੁਟੇ ਹੋਏ ਹਨ। ਆਪਣੇ ਸਮਾਜ ਲਈ ਕੀਤੇ ਕਾਰਜਾਂ ਹਿੱਤ ਇਹ ਦਾਨਿਸ਼ਵਰ ਜੋੜੀ ਇੰਗਲੈਂਡ ਹੀ ਨਹੀਂ ਭਾਰਤ ਵਿਚ ਵੀ ਆਪਣੇ ਸਮਾਜ ਸੇਵਾ ਲਈ ਇਕ ਉਦਾਹਰਣ ਵਜੋਂ ਜਾਣੀ ਜਾਂਦੀ ਹੈ। ਇਹਨਾਂਦੇ ਕਾਰਜਾਂ ਦਾ ਲੇਖਾ–ਜੋਖਾ ਲੰਮਾ–ਚੌੜਾ ਅਤੇ ਵੱਖਰੇ ਲੇਖਾਂ ਦੀ ਮੰਗ ਕਰਦਾ ਹੈ। ਇਹ ਹਰ ਸਾਲ ਹੀ ਆਪਣੇ ਆਦਰਯੋਗ ਸਵ: ਪਿਤਾ ਸ੍ਰੀਮਾਨ ਉਧੋ ਰਾਮ ਜੀ ਅਤੇ ਮਾਤਾ ਸ੍ਰੀਮਤੀ ਰਾਜ ਕੌਰ ਗੁਰੂ ਦੀ ਯਾਦ ਵਿਚ ਸਤਿ ਸੰਦੇਸ਼ ਨਵਾਂ ਆਦਿ ਡੰਕਾ ਮੈਗਜ਼ੀਨ ਪ੍ਰਕਾਸ਼ਿਤ ਕਰਾਉਂਦੇ ਹਨ। ਪੰਜ ਸੌ ਕਾਪੀ ਨਹੀਂ ਦਸ ਹਜ਼ਾਰ ਕਾਪੀ ਬਹੁਤ ਵੱਡੀ ਪ੍ਰਕਾਸ਼ਨਾ ਹੈ ਤੇ ਇਸ ਨੂੰ ਮੁਫਤ ਵੰਡਣ ਦਾ ਕਾਰਜ ਵੀ ਇਹ ਹੀ ਕਰ ਸਕਦੇ ਹਨ। ਭਾਰਤ ਵਰਸ਼ ਦੇ ਬਹੁਤ ਸਾਰੇ ਸੂਬਿਆਂ 'ਚ ਵੰਡਿਆ ਜਾਂਦਾ ਹੈ। ਇਹ ਇਹਨਾਂ ਦਾ ਆਦਿ ਧਰਮ ਕੌਮ ਪ੍ਰਤੀ ਡੂੰਘਾ ਜਜ਼ਬਾ ਹੈ। ਹੱਥਲਾ ਅੰਕ 'ਸੰਪਾਦਕ ਸਾਹਿਬ ਦੇ ਤਿੰਨ ਤੇ ਸੰਪਾਦਕੀ' ਨਾਲ ਆਰੰਭ ਹੁੰਦਾ ਹੈ। ਜਿਸ ਵਿਚ ਇਕ ਥਾਂ ਗੁਰੂ ਜੀ ਲਿਖਦੇ ਹਨ ਕਿ, 'ਮੇਰਾ ਯਤਨ ਹੈ ਕਿ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਅਮਿ–੍ਤਧਾਰਾ ਸਾਡੇ ਭਾਈਆਂ–ਭੈਣਾਂ ਦੇ ਘਰਾਂ ਵਿਚ ਇਸ ਪੱਤ੍ਰਿਕਾ ਦੇ ਮਾਧਿਅਮ ਦੁਆਰਾ ਪਹੁੰਚਦੀ ਰਹੇ ਤਾਂ ਕਿ ਅਸੀਂ ਆਪਣਾ ਗੌਰਵ ਜਿੰਦਾ ਕਰਕੇ ਮਾਣ–ਸਨਮਾਨ ਨਾਲ ਜੀਅ ਸਕੀਏ। ਸ੍ਰੀ ਚੇਤ ਰਾਮ ਤੱਥੀ ਚੇਅਰਮੈਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ: 4698) ਦੇ ਵਿਚਾਰ 5 ਪੰਨੇ 'ਤੇ ਦਿੱਤੇ ਹਨ। ਪੰਨਾ 15 'ਤੇ ਸਵਾਮੀ ਈਸ਼ਰ ਦਾਸ ਜੀ ਸਬੰਧੀ ਲਿਖਿਆ ਗਿਆ ਹੈ। ਪੰਨਾ 17 'ਤੇ ਆਦਿ ਧਰਮ ਮੰਡਲ ਦੀ ਰਿਪੋਰਟ ਸਾਹਿਬ ਮੰਗੂ ਰਾਮ ਮੁੱਗੋਵਾਲੀਆ ਨੂੰ ਹਿੰਦੀ ਅਨੁਵਾਦ ਕੀਤਾ ਹੈ।ਸ੍ਰੀ ਰਾਮ ਸਿੰਘ ਸ਼ੁਕਲਾ ਪੁੱਤਰ ਸ੍ਰੀ ਹੀਰਾ ਸਿੰਘ ਹਿਮਾਚਲ ਪ੍ਰਦੇਸ਼। ਪੂਰੇ ਮੈਗਜ਼ੀਨ ਵਿਚ ਆਦਿ ਧਰਮ ਮੰਡਲ ਦੀ ਸਥਾਪਨਾ, ਉਸ ਦੇ ਕਾਰਜਕਰਤਾਵਾਂ, ਸਰਗਰਮੀਆਂ, ਇਸ ਦੇ ਟੀਚੇ ਆਦਿ ਤੇ ਬਹੁਤ ਹੀ ਵਿਸਥਾਰ ਪੂਰਵਕ ਲਿਖਿਆ ਗਿਆ ਹੈ। ਆਦਿ–ਧਰਮ ਅਨੁਯਾਈਆਂ ਵੱਲੋਂ ਵੱਖ–ਵੱਖ ਸਮੇਂ 'ਤੇ ਕੀਤੀਆਂ ਸਭਾਵਾਂ, ਫੰਕਸ਼ਨਾਂ, ਮੀ–ਟਿੰਗਾਂ ਆਦਿ ਦੀਆਂ ਤਸਵੀਰਾਂ ਬਹੁਤ ਸੁੰਦਰ ਛਪੀਆਂ ਹਨ। ਇਹ ਸ੍ਰੀ ਅਮ–ਰਜੀਤ ਗੁਰੂ ਜੀ ਦੁਆਰਾ ਪ੍ਰਕਾਸ਼ਿਤ ਪਰਚਾ ਸਾਂਭਣਯੋਗ ਇਤਿਹਾਸਕ ਦਸਤਾਵੇਜ਼ ਹੈ। ਅਸੀਂ ਇਸ ਉਪਰਾਲੇ ਲਈ ਗੁਰੂ ਜੀ ਦੇ ਅਭਾਰੀ ਹਾਂ।

# ਮੇਲਾ ਗਦਰੀ ਬਾਬਿਆਂ ਦਾ ਜੋ ਯਾਦਗਾਰੀ ਹੋ ਨਿੱਬੜਿਆ

ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ੀ ਸਾਮਰਾਜ ਤੋਂ ਬੰਦ ਖਲਾਸੀ ਲਈ ਸਿੰਗਾਪੁਰ ਵਿਚ ਫੌਜੀਆਂ ਵੱਲੋਂ ਕੀਤੀ ਬਗਾਵਤ ਨੂੰ ਸਮਰਪਿਤ ਮੇਲੇ ਦਾ ਆਯੋਜਨ ਕੀਤਾ ਗਿਆ।

ਹਰ ਸਾਲ ਦੀ ਤਰ੍ਹਾਂ ਸੈਕਰਾਮੈਂਟੋ ਦੇ ਕਬਰਸਤਾਨ ਵਿਚ ਗਦਰ ਪਾਰਟੀ ਦੇ ਮੀਤ ਪ੍ਰਧਾਨ ਪ੍ਰੋ. ਮੌਲਵੀ ਮੁਹੰਮਦ ਬਰਕਤਉਲਾ ਦੇ ਮਜ਼ਾਰ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਕਸ਼ਮੀਰ ਸਿੰਘ ਕਾਂਗਣਾ ਨੇ ਕਾਬਲ ਵਿਚ ਬਣੀ ਪਹਿਲੀ ਭਾਰਤੀ ਜਲਾਵਤਨ ਸਰਕਾਰ ਦਾ ਖੁਲਾਸਾ ਕੀਤਾ, ਜਿਸ ਦੇ ਪ੍ਰਧਾਨ ਮੌਲਵੀ ਬਰਕਤਉਲਾ ਸਨ। ਪੱਛਮੀ ਪੰਜਾਬ ਨਾਲ ਸਬੰਧਤ ਬੇਕਰਜ਼ਫੀਲਡ ਤੋਂ ਡਾ. ਅਸਰਉਲ ਇਸਲਾਮ ਸਈਅਦ ਅਤੇ ਉਹਨਾਂ ਦੀ ਪਤਨੀ ਡਾ. ਨਾਈਜਾ ਸਈਅਦ ਨੇ ਆਪਣੀਆਂ ਰਵਾਇਤਾਂ ਅਨੁਸਾਰ ਪ੍ਰੋ. ਮੌਲਵੀ ਮੁਹੰਮਦ ਬਰਕਤਉਲਾ ਲੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਬਰਕਤਉਲਾ ਦੇ ਸਾਥੀ ਅਬਦੁਲਾ ਸਿੰਧੀ ਜੋ ਜਲਾਵਤਨ ਸਰਕਾਰ ਦੇ ਗ੍ਰਹਿ ਮੰਤਰੀ ਸਨ ਦੇ ਸੰਘਰਸ਼ਮਈ ਜੀਵਨ ਤੇ ਚਾਨਣਾ ਪਾਇਆ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਪ੍ਰੋ. ਮੌਲਵੀ ਮੁਹੰਮਦ ਬਰਕਤਉਲਾ ਦੇ ਮੁਢਲੇ ਜੀਵਨ, ਉਹਨਾਂ ਦੇ ਆਜ਼ਾਦੀ ਲਈ ਕੀਤੇ ਸੰਘਰਸ਼ ਅਤੇ ਸਾਨਫਰਾਂਸਿਸਕੋ ਵਿਚ ਉਹਨਾਂ ਦੇ ਹੋਏ ਦੇਹਾਂਤ ਦਾ ਵਰਣਨ ਕੀਤਾ।

ਮੁੱਖ ਸਮਾਗਮ– ਐਲਕ ਗਰੋਵ ਦੇ ਐਸ. ਵੀ. ਐਸ. ਹਾਲ ਦੇ ਵਿਹੜੇ ਵਿਚ ਗਦਰ ਪਾਰਟੀ ਦਾ ਤਿੰਨ ਰੰਗਾ ਝੰਡਾ, ਜਿਸ ਵਿਚ ਦੋ ਕਾਟਵੀਆਂ ਖੜ੍ਹੀਆਂ ਤਲਵਾਰਾਂ ਹਨ। ਸੁਮਿੱਤਰ ਸਿੰਘ ਉਪਲ ਜਿਹੜੇ ਜਥੇਬੰਦੀ ਦੇ ਫਾਊਂਡਰ ਤੇ ਡਾਇਰੈਕਟਰ ਹਨ, ਨੇ ਆਪਣੇ ਕਰ ਕਮਲਾਂ ਨਾਲ ਝੁਲਾਇਆ। ਉਹਨਾਂ ਦਾ ਸਮੁੱਚਾ ਪਰਿਵਾਰ ਵੀ ਉਹਨਾਂ ਨਾਲ ਸੀ।

ਕਸ਼ਮੀਰ ਸਿੰਘ ਕਾਂਗਣਾ ਨੇ ਝੰਡੇ ਦੀ ਮਹੱਤਤਾ ਬਾਰੇ ਬੋਲਦਿਆਂ ਇਸ ਦੀ ਅਗਵਾਈ ਵਿਚ ਭਾਰਤ ਦੀ ਅੰਗਰੇਜ਼ੀ ਸਰਕਾਰ ਵਿਰੁੱਧ ਲੜਾਈ ਦੇ ਲਹੂ ਵੀਟਵੇਂ ਸੰਘਰਸ਼ ਦਾ ਜ਼ਿਕਰ ਕੀਤਾ, ਜਿਸ ਵਿਚ ਭਾਰਤੀ ਫੌਜੀ ਬਗਾਵਤਾਂ ਦੀ ਗਿਣਨਯੋਗ ਜਗ੍ਹਾ ਹੈ। ਜਿਸ ਕਰਕੇ ਭਾਤਰ 15 ਅਗਸਤ 1947 ਨੂੰ ਆਜ਼ਾਦ ਹੋਇਆ ਸੀ। ਕਾਂਗਣਾ ਨੇ ਗਦਰੀ ਬਾਬਿਆਂ ਨੂੰ ਧਰਮਾਂ ਤੇ ਜਾਤਾਂ ਵਿਚ ਵੰਡਣ ਤੇ ਸਖਤ ਪ੍ਰਤੀਕਰਮ ਕੀਤਾ। ਉਹਨਾਂ ਡਾ. ਗੁਰਮੇਲ ਸਿੰਘ ਸਿੱਧੂ ਦੀ ਕਵਿਤਾ ਦਾ ਇਹ ਸ਼ੇਅਰ ਪੜ੍ਹਿਆ:

ਅਸੀਂ ਵਤਨ ਦੀ ਖਾਤਰ, ਆਪਣੇ ਧੜਾਂ ਤੋਂ ਸਿਰ ਕਟਵਾਏ ਸੀ।
ਕਿਸੇ ਨੇ ਸਾਡੇ ਸਿਰਾਂ ਤੇ ਕੁੱਲਾ ਅਤੇ ਕਿਸੇ ਪੱਗੜੀ ਸਜਾ ਦਿੱਤੀ।

ਹਾਲ ਵਿਚ ਜੋ ਖਚਾਖਚ ਭਰਿਆ ਹੋਇਆ ਸੀ, ਕਸ਼ਮੀਰ ਸਿੰਘ ਕਾਂਗਣਾ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ, ਲੋਕ ਗਾਇਕ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੂੰ ਦੇਸ਼ ਭਗਤੀ ਦਾ ਗੀਤ ਗਾਉਣ ਲਈ ਸੱਦਾ ਦਿੱਤਾ। ਰਾਜ ਬਰਾੜ ਦੇ ਤੂੰਬੀ ਨਾਲ ਗਾਏ ਗੀਤ ਨੂੰ ਸਰੋਤਿਆਂ ਸਾਹ ਰੋਕ ਕੇ ਸੁਣਿਆ।

ਨਾਮਧਾਰੀ ਸੰਗਤ ਵੱਲੋਂ ਉਚੇਚੇ ਤੌਰ ਤੇ ਮੇਲੇ ਵਿਚ ਹਾਜ਼ਰੀ ਭਰੀ ਅਤੇ ਸ. ਦਵਿੰਦਰ ਸਿੰਘ ਨੇ ਬਾਬਾ ਰਾਮ ਸਿੰਘ ਦੀ ਉਪਮਾ ਵਿਚ ਇਕ ਕਵਿਤਾ ਗਾ ਕੇ ਸੁਣਾਈ।

ਡਾ. ਸਈਅਦ ਨੇ ਬੜੇ ਹੀ ਜਜ਼ਬਾਤੀ ਰੌਅ ਵਿਚ ਆਜ਼ਾਦੀ ਸੰਗਰਾਮ ਦੇ ਯੋਧਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਆਜ਼ਾਦੀ ਦੇ ਨਾਲ ਹੀ ਅੰਗਰੇਜ਼ ਪਾੜੋ ਤੇ ਰਾਜ ਕਰੋ ਦੀ ਨੀਤੀ ਅਨੁਸਾਰ ਦੇਸ਼ ਦੇ ਦੋ ਟੋਟੇ ਕਰ ਗਏ। ਭਾਈ ਭਾਈਆਂ ਨਾਲੋ ਵਿੱਛੜ ਗਏ। ਵੰਡ ਦੀ ਲਕੀਰ ਜੋ ਖਿੱਚ ਦਿੱਤੀ ਗਈ ਸੀ, ਹੋਰ ਪਕੇਰੀ ਹੁੰਦੀ ਗਈ ਅਤੇ ਨਫਰਤ ਦੀ ਦੀਵਾਰ ਉਚੀ ਹੋ ਗਈ। ਗਦਰੀ ਬਾਬਿਆਂ ਵਾਂਗ ਸਾਨੂੰ ਜਾਤਾਂ–ਪਾਤਾਂ ਅਤੇ ਮਜ਼ਹਬਾਂ ਦੇ ਝਗੜੇ ਝੇੜਿਆਂ ਤੋਂ ਉਪਰ ਉਠ ਬਾਬੇ ਨਾਨਕ ਦੇ ਸਾਂਝੀਵਾਲਤਾ ਦੇ ਪੈਗਾਮ ਨੂੰ ਅਪਣਾਉਣ ਦੀ ਲੋੜ ਹੈ। ਸਾਨੂੰ ਇੱਕਜੁਟ ਹੋਣ ਦੀ ਲੋੜ ਹੈ। ਫਿਰ ਸਾਡੇ ਏਕੇ ਅੱਗੇ ਨਫਰਤ ਦੀਆਂ ਦੀਵਾਰਾਂ, ਸਰਹੱਦਾਂ ਦੀਆਂ ਕੰਧਾਂ ਢਹਿ ਢੇਰੀ ਹੋ ਜਾਣਗੀਆਂ। ਫਿਰ ਇਕ ਨਵੀਂ ਸਵੇਰ ਆਵੇਗੀ, ਨਵੇਂ ਰਿਸ਼ਤਾ ਬਣਗੇ ਅਤੇ ਨਵੇਂ ਸਮਾਜ ਦੀ ਸਿਰਜਣਾ ਹੋਵੇਗੀ। ਅੰਤ ਵਿਚ ਉਹਨਾਂ ਗਦਰ ਸੰਗਰਾਮ ਦੇ ਸੂਰਮੇ ਮੌਲਾਨਾ ਅਬਦੁਲਾ ਸਿੰਧੀ ਜਿਹੜੇ ਕਾਬਲ ਵਿਚ ਜਲਾਵਤਨ ਸਰਕਾਰ ਦੇ ਗ੍ਰਹਿ ਮੰਤਰੀ ਸੀ, ਦੀ ਤਸਵੀਰ ਭੇਂਟ ਕੀਤੀ ਅਤੇ ਦੋ ਹੋਰ ਤਸਵੀਰਾਂ ਪਖਤੂਨ ਸ਼ਾਇਰ ਖੁਸ਼ਹਾਲ ਖਾਂ ਖਟਕ ਅਤੇ ਮੀਰ ਦਾਦ ਖਾਂ ਦੀਆਂ ਤਸਵੀਰਾਂ ਜਥੇਬੰਦੀ ਨੂੰ ਭੇਂਟ ਕੀਤੀਆਂ।

ਲੰਗਰ ਕਮੇਟੀ ਦੇ ਆਗੂ ਸਤਨਾਮ ਸਿੰਘ ਨੰਗਲ ਨੇ ਗਦਰ ਦੇ ਪਹਿਲੇ ਪੰਜਾਬੀ ਅੰਕ ਵਿਚ ਛਪੀ ਕਰਤਾਰ ਸਿੰਘ ਸਰਾਭਾ ਦੀ ਕਵਿਤਾ 'ਸੁੱਤਿਆ ਤੂੰ ਜਾਗ ਸ਼ੇਰਾ, ਸੁੱਤਿਆ ਤੂੰ ਜਾਗ ਉਏ' ਤਰੱਨਮ ਨਾਲ ਗਾ ਕੇ ਰੰਗ ਬੰਨਿਆ। ਜਥੇਬੰਦੀ ਵੱਲੋਂ ਸਮੁੱਚੀ ਲੰਗਰ ਲਾਉਣ ਵਾਲੀ ਟੀਮ ਨੂੰ ਸਟਜ ਤੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

ਜਥੇਬੰਦੀ ਦੇ ਮੁੱਖ ਆਗੂ ਅਤੇ ਸਕੱਤਰ ਗਿਆਨ ਸਿੰਘ ਜੀ ਬਿਲਗਾ ਨੇ ਆਪਣੇ ਭਾਸ਼ਣ ਵਿਚ ਦੇਸ਼ ਦੀ ਆਜ਼ਾਦੀ ਖਾਤਰ ਜਾਨਾਂ ਵਾਰਨ ਵਾਲੇ ਫੌਜੀ ਸੂਰਬੀਰਾਂ ਦੇ ਕਾਰਨਾਮਿਆਂ ਨੂੰ ਜਜ਼ਬਾਤੀ ਰੌਅ ਵਿਚ ਜ਼ਿਕਰ ਕਰਦਿਆਂ ਕਿਹਾ ਕਿ ਆਜ਼ਾਦੀ ਆਈ ਅਤੇ ਜਿਹਨਾਂ ਲਹੂ ਡੋਲਵੀਆਂ ਭਾਰਤ ਦੀ ਅੰਗਰੇਜ਼ੀ ਸਰਕਾਰ ਨਾਲ ਟੱਕਰਾਂ ਲਈਆਂ। ਭਾਰਤ ਦੀ ਆਜ਼ਾਦ ਸਰਕਾਰ ਨੇ ਉਹਨਾਂ ਦਾ ਨਾਮ ਲੈਣ ਤੋਂ ਵੀ ਗੁਰੇਜ਼ ਕੀਤਾ। ਇਤਿਹਾਸ ਨੂੰ ਤੋੜਿਆ ਮਰੋੜਿਆ ਗਿਆ। ਉਹਨਾਂ ਨੂੰ ਗੁੰਡੇ ਤੱਕ ਕਿਹਾ ਗਿਆ। ਉਹਨਾਂ ਸਾਹਿਰ ਲੁਧਿਆਣਵੀ ਦਾ ਸ਼ੇਅਰ ਪੜ੍ਹਿਆ:

ਜੋ ਕੌਮ–ਓ–ਵਤਨ ਦੀ ਜੈ ਗਾ ਕਰ, ਮਰਤੇ ਹੁਏ ਰਾਹੀ ਗੁੰਡੇ ਥੇ।
ਜੋ ਦੇਸ਼ ਦਾ ਪ੍ਰਚਮ ਲੈ ਕੇ ਉਠੇ, ਵੋ ਸੋਖ ਸਿਪਾਹੀ ਗੁੰਡੇ ਥੇ।

ਉਹਨਾਂ ਅੱਜ ਦੇ ਹਾਲਾਤ ਤੇ ਉਰਦੂ ਦੇ ਸ਼ੇਅਰ ਨਾਲ ਚੋਟ ਕਰਦਿਆਂ ਕਿਹਾ,

ਗੁਲਸਤਾਂ ਕੋ ਖੂਨ ਕੀ ਜ਼ਰੂਰਤ ਪੜੀ, ਸਭ ਸੇ ਪਹਿਲੇ ਯੇ ਗਰਦਨ ਹਮਾਰੀ ਕਟੀ
ਅਬ ਯ ਕਹਿਤ ਹੈ, ਹਮ ਸੇ ਯੇ ਅਹਿਲੇ ਚਮਨ, ਯੇ ਚਮਨ ਹੈ ਹਮਾਰਾ ਤੁਮਾਹਰਾ ਨਹੀਂ।

ਨਰਿੰਦਰਪਾਲ ਸਿੰਘ ਹੁੰਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਹਿ ਚੁੱਕੇ ਮੈਂਬਰ ਬਲਬੀਰ ਸਿੰਘ ਨੇ ਦੁਆਬੇ ਦੇ ਬੱਬਰਾਂ ਦਾ ਦੇਸ਼ ਦੀ ਆਜ਼ਾਦੀ ਵਿਚ ਪਾਏ ਯੋਗਦਾਨ ਦਾ ਖੁਲਾਸਾ ਕੀਤਾ। ਜਥੇਬੰਦੀ ਦੇ ਮੈਂਬਰਾਂ ਨੂੰ ਵੀ ਲੋਕਾਂ ਦੇ ਰੂਬਰੂ ਕੀਤਾ ਗਿਆ। ਜਥੇਬੰਦੀ ਦੇ ਬਜ਼ੁਰਗ ਆਗੂ ਕਿਰਪਾਲ ਸਿੰਘ ਜੀ ਸੰਧੂ ਜੋ ਬਿਮਾਰੀ ਕਾਰਨ ਮੇਲੇ ਵਿਚ ਨਹੀਂ ਆ ਸਕੇ, ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕੀਤਾ ਗਿਆ। ਯੂਬਾ ਸਿਟੀ ਤੋਂ ਜਥੇਬੰਦੀ ਦੇ ਮੈਂਬਰ ਹਰਪਾਲ ਸਿੰਘ ਜੀ ਸੰਘਾ ਜੋ ਸਦੀਵੀ ਵਿਛੋੜਾ ਦੇ ਗਏ ਹਨ, ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਸਮੁੱਚੀ ਜਥੇਬੰਦੀ ਵੱਲੋਂ ਜਥੇਬੰਦੀ ਦੇ ਡਾਇਰੈਕਟਰ ਸੁਮਿੱਤਰ ਸਿੰਘ ਜੀ ਉਪਲ ਅਤੇ ਉਹਨਾਂ ਦੀ ਪਤਨੀ ਬੀਬੀ ਗੁਰਮੀਤ ਕੌਰ ਉਪਲ ਨੂੰ ਡਾ. ਸਈਅਦ, ਉਹਨਾਂ ਦੀ ਪਤਨ. ਡਾ. ਨਾਈਲਾ ਸਈਅਦ ਨੇ ਉਮਨੀ ਵੀਡੀਓ ਵਾਲੇ ਸ. ਸ਼ਿਆਰਾ ਸਿੰਘ ਵੱਲੋਂ ਤਿਆਰ ਕੀਤੀ ਗਈ, ਫੋਟੋ ਭੇਂਟ ਕਰਕੇ ਸਨਮਾਨਿਤ ਕੀਤਾ। ਉਪਲ ਦਾ ਸਮੁੱਚਾ ਪਰਿਵਾਰ ਵੀ ਨਾਲ ਸੀ।

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਬੜੇ ਹੀ ਸੁਚੱਜੇ ਢੰਗ ਨਾਲ ਪ੍ਰਭਾਵਸ਼ਾਲੀ ਲਫਜ਼ਾਂ ਵਿਚ ਗਦਰ ਪਾਰਟੀ ਦੀਆਂ ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਰੋਜ਼ੀ–ਰੋਟੀ ਦੀ ਭਾਲ ਵਿਚ ਇੱਥੇ ਆਏ ਸੀ, ਸਖਤ ਮਿਹਨਤ ਕਰਕੇ ਆਪਣੇ ਪਰਿਵਾਰ ਦੀ ਖੁਸ਼ਹਾਲੀ ਲਈ। ਪਰ ਗੁਲਾਮੀ ਦੀ ਜਿੱਲਤ ਨੇ ਉਹਨਾਂ ਨੂੰ ਆਰਾਮ ਦੀ ਜ਼ਿੰਦਗੀ ਛੱਡ ਆਜ਼ਾਦੀ ਲਈ ਜੂਝ ਮਰਨ ਲਈ ਪ੍ਰੇਰਿਆ।

ਅੱਜ ਅਸੀਂ ਉਹਨਾਂ ਦੀ ਬਦੌਲਤ ਅਮਰੀਕਾ ਵਿਚ ਖੁਸ਼ਹਾਲ ਜ਼ਿੰਦਗੀ ਅਤੇ ਆਜ਼ਾਦੀ ਦਾ ਜੀਵਨ ਮਾਣ ਰਹੇ ਹਾਂ। ਸੁਰਿੰਦਰ ਸਿੰਘ ਗਿੱਲ ਜੋ ਜਥੇਬੰਦੀ ਦੇ ਮੈਂਬਰ ਹਨ, ਉਹਨਾਂ ਆਪਣੀ ਸੁਰੀਲੀ ਆਵਾਜ਼ ਰਾਹੀਂ ਦੇਸ਼ ਭਗਤੀ ਦੀ ਕਵਿਤਾ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

ਅਮਰੀਕਾ ਦੇ ਨਾਮੀ ਸਾਇੰਸਦਾਨ ਡਾ. ਗੁਰਮੇਲ ਸਿੰਘ ਸਿੱਧੂ ਵੱਲੋਂ ਸੰਪਾਦਿਤ ਕੀਤੀ ਗਦਰੀ ਬਾਬਾ ਭਾਈ ਭਗਵਾਨ ਸਿੰਘ ਦੀ ਕਵਿਤਾਵਾਂ ਦੀ ਕਿਤਾਬ, ਜਿਸ ਵਿਚ ਭਾਈ ਭਗਵਾਨ ਸਿੰਘ ਦੀਆਂ ਕੁਝ ਕਵਿਤਾਵਾਂ ਇੰਡੋ ਅਮਰੀਕਲ ਕਲਚਰਲ ਜਥੇਬੰਦੀ ਵੱਲੋਂ ਲੱਭ ਕੇ ਦਿੱਤੀਆਂ ਹਨ, ਡਾ. ਸਈਅਦ ਅਤੇ ਡਾ. ਨਾਈਲਾ ਸਈਅਦ ਨੇ ਰਿਲੀਜ਼ ਕੀਤੀ। ਡਾ. ਸਿੱਧੂ ਜੀ ਦੀ ਸਵੈ–ਜੀਵਨੀ 'ਸਿਮਰਤੀ ਦੇ ਹਾਸ਼ੀਏ' ਜੋ ਇੱਕ ਉਚ ਪਾਏ ਦੇ ਸਾਹਿਤ ਦੀ ਕਿਤਾਬ ਹੈ, ਵੀ ਰਿਲੀਜ਼ ਕੀਤੀ ਗਈ। ਅਦਾਰਾ ਦੇਸ਼ ਦੁਆਬਾ ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਭਰਵੀਂ ਹਾਜ਼ਰੀ ਲਗਵਾਈ।

ਐਲਕ ਗਰੋਵ ਦ ਮੇਅਰ ਸਟੀਵ ਲੀ ਨੂੰ ਜਥੇਬੰਦੀ ਦੇ ਨੌਜਵਾਨ ਵਕੀਲ ਆਗੂ ਪਰਮਪ੍ਰੀਤ ਸਿੰਘ ਬਿੰਦਰਾ ਨੇ ਲੋਕਾਂ ਦੇ ਰੂਬਰੂ ਕੀਤਾ। ਮਿਸਟਰ ਸਟੀਵ ਨੇ ਅਮਰੀਕਾ ਦੇ ਹਰ ਖੇਤਰ ਵਿਚ ਪਾਏ ਭਾਰਤੀਆਂ ਦੇ ਯੋਗਦਾਨ ਦੀ ਸ਼ਲਾਘਾ ਕੀਂ। ਉਹਨਾਂ ਭਾਰਤ ਦੀ ਆਜ਼ਾਦੀ ਲਈ ਅਮਰੀਕਾ ਵਿਚ ਉਠੀ ਲਹਿਰ ਦਾ ਵਿਸ਼ੇਸ਼ ਜ਼ਿਕਰ ਕੀਤਾ। ਬੀਬੀ ਪੂਨਮ ਮਲਹੋਤਰਾ ਨੇ ਰੰਗਾਰੰਗ ਪ੍ਰੋਗਰਾਮ ਲਈ ਸਟੇਜ ਨੂੰ ਸੰਭਾਲਿਆ ਅਤੇ ਇਕ ਦੇਸ਼ ਭਗਤੀ ਦਾ ਗੀਤ ਗਾ ਕੇ ਵਾਹ–ਵਾਹ ਖੱਟੀ। ਉਹਨਾਂ ਰੰਗਾਰੰਗ ਪ੍ਰੋਗਰਾਮ ਸ਼ੁਰੂ ਕਰਦਿਆਂ ਐਲਕ ਗਰੋਵ ਦੀਆਂ ਛੋਟੀਆਂ–ਛੋਟੀਆਂ ਬੱਚੀਆਂ ਦਾ ਡਾਂਸ ਪਸ਼ ਕੀਤਾ, ਜੋ ਬਹੁਤ ਹੀ ਕਮਾਲ ਦਾ ਸੀ। ਇਸ ਤੋਂ ਇਲਾਵਾ ਯੂ. ਸੀ. ਡੇਵਿਸ ਦੇ ਲੜਕਿਆਂ ਦੀ ਭੰਗੜੇ ਦੀ ਟੀਮ ਅਤੇ ਯੂ. ਸੀ. ਡੇਵਿਡਸ ਦੀਆਂ ਲੜਕੀਆਂ ਦੇ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਨੇ ਧਮਾਲਾਂ ਪਾ ਚੰਗਾ ਰੰਗ ਬੰਨ੍ਹਿਆ। ਅੰਮ੍ਰਿਤਪਾਲ ਸਿੰਘ ਭਠਲਾਣਾ, ਅਮਰੀਕ ਸਿੰਘ ਅਤ ਤ੍ਰਿਲੋਕ ਸਿੰਘ ਨੇ ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਜੋ ਮੇਲੇ ਵਿਚ ਆਏ ਲੋਕਾਂ ਦੀ ਖਾਸ ਖਿੱਚ ਦਾ ਕੇਂਦਰ ਸੀ। ਜਥੇਬੰਦੀ ਦੇ ਆਗੂ ਜਰਨੈਲ ਸਿੰਘ ਸਰਪੰਚ, ਬਲਵੰਤ ਬਾਂਕਾ, ਸੁਰਿੰਦਰ ਸਿੰਘ ਗਿੱਲ, ਜਸਵਿੰਦਰ ਸਿੰਘ ਸੰਧੂ, ਜੁਝਾਰ ਸਿੰਘ ਗਿੱਲ, ਜਗਜੀਤ ਸਿੰਘ ਗਿੱਲ, ਪ੍ਰਮਪ੍ਰੀਤ ਬਿੰਦਰਾ, ਗਗਨਦੀਪ, ਹਰਪ੍ਰੀਤ ਗਿੱਲ, ਮਲਕੀਤ ਬੈਂਸ, ਰਕੇਸ਼ ਬੈਂਸ, ਕੇਵਲ ਬੋਲੀਨਾ, ਕਮਲ ਬੰਗਾ, ਮਿੰਦਰ ਸੰਘਾ, ਸੁਖਦੀਪ ਅਤੇ ਹੋਰ ਨੌਜਵਾਨਾਂ ਨੇ ਮੇਲੇ ਨੂੰ ਕਾਮਯਾਬ ਕਰਨ ਲਈ ਸਿਰਤੋੜ ਯਤਨ ਕੀਤੇ।

ਅਖੀਰ ਤੇ ਮੁੱਖ ਕਲਾਕਾਰ ਗੀਤਾਜ ਨੇ ਆਪਣੇ ਗੀਤ ਗਾਏ ਤਾਂ ਹਾਲ ਖਚਾਖਚ ਭਰਿਆ ਰਿਹਾ। ਸ਼ਿਆਰਾ ਸਿੰਘ ਢੀਂਡਸਾ ਨੇ ਮੇਲੇ ਦੀ ਸਮੁੱਚੀ ਕਾਰਵਾਈ ਨੂੰ ਵੀਡੀਓ ਅਤੇ ਫੋਟੋਗ੍ਰਾਫੀ ਵਿਚ ਬੰਦ ਕੀਤਾ। ਵੀਡੀਓ ਅਤੇ ਫੋਟੋਗ੍ਰਾਫੀ ਵਿਚ ਉਹਨਾਂ ਅਚੁੱਕ ਨਿਸ਼ਾਨੇ ਲਾਏ। ਸਮੁੱਚੇ ਸਪਾਂਸਰਾਂ, ਗੀਤਕਾਰਾਂ, ਗਾਇਕਾਂ ਨੂੰ ਸਟੇਜ ਤੋਂ ਸਨਮਾਲਿਤ ਕੀਤਾ ਗਿਆ, ਜਿਹਨਾਂ ਵਿਚ ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਪਰਿਵਾਰ ਵੀ ਸ਼ਾਮਲ ਸੀ।

**(ਤਸਵੀਰਾਂ ਦੇਖੋ ਸਫਾ 12 'ਤੇ)**

# ਨੀਲਮ ਸੈਣੀ ਦੀ ਪੁਸਤਕ 'ਤੀਆਂ ਤੀਜ ਦੀਆਂ' ਲੋਕ ਅਰਪਿਤ









ਬੀਤੇ ਦਿਨੀਂ ਨੂੰ ਨੀਲਮ ਸੈਣੀ ਦੀ ਪੁਸਤਕ 'ਤੀਆਂ ਤੀਜ ਦੀਆਂ' ਮਹਿਰਾਨ ਰੈਸਟੋਰੈਂਟ ਵਿਚ ਲੋਕ ਅਰਪਿਤ ਕਰਨ ਲਈ ਇਕ ਸਾਹਿਤਕ ਅਤੇ ਸਭਿਆਚਾਰਕ ਸਮਾਗਮ ਆਯੋਜਿਤ ਕੀਤਾ ਗਿਆ। ਇਹ ਸਮਾਗਮ ਗੋਲਡਨ ਪੰਜਾਬ ਕਲੱਬ ਯੂ. ਐਸ.ਏ. ਅਤੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬੇ ਏਰੀਆ ਦੇ ਸਾਂਝੇ ਯਤਨਾਂ ਨਾਲ ਨੇਪਰੇ ਚੜ੍ਹਿਆ। ਇਸ ਪ੍ਰੋਗਰਾਮ ਦਾ ਆਗਾਜ਼ ਕਰਨ ਲਈ ਅਕਾਦਮੀ ਦੇ ਚੇਅਰਮੈਨ ਪ੍ਰੋ. ਸੁਖਵਿੰਦਰ ਕੰਬੋਜ ਨੇ ਅਕਾਦਮੀ ਦੇ ਜਨਰਲ ਸਕੱਤਰ ਸ਼ਾਇਰ ਕੁਲਵਿੰਦਰ ਨੂੰ ਮੰਚ ਸੰਭਾਲਿਆ। ਕੁਲਵਿੰਦਰ ਨੇ ਸਭ ਤੋਂ ਪਹਿਲਾਂ ਨੀਲਮ ਸੈਣੀ ਦੇ ਮਾਤਾ ਕਮਲਾ ਦੇਵੀ ਜੀ ਦੇ ਸਦੀਵੀ ਵਿਛੋੜੇ 'ਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕਰਕੇ ਅਰਦਾਸ ਕਰਨ ਲਈ ਬੇਨਤੀ ਕਰਦੇ ਕਿਹਾ ਕਿ ਜਿੱਥੇ ਇਕ ਪਾਸੇ ਇੰਡੀਆ ਵਿੱਚ ਅੱਜ ਮਾਤਾ ਜੀ ਦੀ ਰੂਹ ਦੀ ਸ਼ਾਂਤੀ ਲਈ ਪਾਠ ਦਾ ਭੋਗ ਪਾਇਆ ਜਾ ਰਿਹਾ ਹੈ ਓਥੇ ਕੁਰਦਤ ਦੇ ਨਿਯਮਾਂ ਵਿਚ ਢਲਦੇ ਹੋਏ ਨੀਲਮ ਸੈਣੀ ਵਲੋਂ ਆਪਣੀ ਮਾਤਾ ਨੂੰ ਸ਼ਬਦਾਂ ਦੀ ਸੱਚੀ ਅਤੇ ਸੁੱਚੀ ਸ਼ਰਧਾਂਜਲੀ ਭੇਟ ਕੀਤੀ ਜਾ ਰਹੀ ਹੈ। ਇਸ ਉਪਰੰਤ ਕੁਲਵਿੰਦਰ ਨੇ ਡਾ. ਰੀਆ ਸਿੰਘ, ਪ੍ਰੋ. ਅਮਰਜੀਤ ਪਨੂੰ, ਸੁਖਨਿੰਦਰ ਕੌਰ ਭੰਗਲ, ਗੁਰਦੇਵ ਕੌਰ ਅਤੇ ਬਲਵਿੰਦਰ ਕੌਰ ਰੇਡੀਓ ਯੂ.ਐਸ.ਏ ਪੰਜਾਬੀ ਨੂੰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕੀਤਾ। ਗੋਲਡਨ ਪੰਜਾਬ ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨੇ 'ਗੁਰਮੀਤ ਸਿੰਘ ਖ਼ਾਨ ਪੁਰੀ' ਦਾ ਲਿਖਿਆ ਪੁਸਤਕ ਰਿਵਿਊ ' ਚੁੰਝ ਚੂਲ਼ੀ ਨਹੀਂ ਵਗਦਾ ਦਰਿਆ ਹੈ— ਤੀਆਂ ਤੀਜ ਦੀਆਂ' ਬਹੁਤ ਸੁਚੱਜੇ ਢੰਗ ਨਾਲ ਪੜ੍ਹਿਆ ਅਤੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਪ੍ਰੋ. ਸੁਖਵਿੰਦਰ ਕੰਬੋਜ ਨੇ 'ਤੀਆਂ ਤੀਜ ਦੀਆਂ' ਪੁਸਤਕ ਨੂੰ ਜੀ ਆਇਆਂ ਕਹਿੰਦਿਆਂ ਨੀਲਮ ਸੈਣੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਸ ਨੇ ਕਿਹਾ ਕਿ ਨੀਲਮ ਇਕ ਬਹੁ ਪੱਖੀ ਲੇਖਕ ਹੈ ਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਇੰਨੇ ਸਦਮੇ ਸਹਿਣ ਤੋਂ ਬਾਅਦ ਵੀ ਇਸ ਨੇ ਸ਼ਬਦਾਂ ਦੀ ਜੋਤ ਜਗਾਈ ਹੈ।

ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਪੁਸਤਕ ਵਿਚੋਂ ਤੀਆਂ ਦਾ ਲੋਕ ਗੀਤ ਗਾ ਕੇ ਵਾਹ-ਵਾਹ ਖੱਟੀ। ਜਸਵੰਤ ਸਿੰਘ ਸ਼ੀਂਹਮਾਰ ਨੇ ਆਪਣੀਆਂ ਵਧਾਈਆਂ ਦੇ ਨਾਲ ਸ਼ਾਇਰ ਹਰਜਿੰਦਰ ਕੰਗ ਦਾ ਲਿਖਿਆ ਭਾਵਪੂਰਤ ਵਧਾਈ ਸੰਦੇਸ਼ ਪੜ੍ਹਦੇ ਕਿਹਾ ਕਿ ਵੱਖ ਵੱਖ ਸਰੋਤਾਂ ਤੋਂ ਸਾਮਗ੍ਰੀ ਇੱਕਤਰ ਕਰਕੇ ਨੀਲਮ ਸੈਣੀ ਨੇ 'ਤੀਆਂ ਤੀਜ ਦੀਆਂ' ਪੁਸਤਕ ਰੂਪੀ ਤੋਹਫ਼ਾ ਜੋ ਸਾਨੂੰ ਦਿੱਤਾ ਹੈ ਇਸਦੇ ਲਈ ਇਹ ਵਧਾਈ ਅਤੇ ਵਡਿਆਈ ਦੀ ਹੱਕਦਾਰ ਹੈ। ਇਸਦੇ ਨਾਲ ਹੀ ਨੀਲਮ ਦਾ ਇਕ ਲੋਕਗੀਤ ਜੋ ਕਿ ਗੁਆਚ ਗਿਆ ਹੈ ਉਸਦਾ ਬਹੁਤ ਅਫ਼ਸੋਸ ਹੈ। ਰੱਬ ਕਰੇ! ਉਸ ਲੋਕਗੀਤ ਦਾ ਮੁਹਾਂਦਰਾ ਉਸਨੂੰ ਕਿਸੇ ਲੋਕ ਗੀਤ ਵਿਚੋਂ ਲੱਭ ਪਵੇ। ਮਾਂ ਧੀ ਦੀ ਦੋਸਤੀ ਕਹਿਰਾਂ ਨਾਲ ਟੁੱਟੀ ਹੈ। ਉਸਦੇ ਇਸ ਦਰਦ ਨੂੰ ਕਿਸੇ ਲੋਕਗੀਤ ਦੀ ਪੰਗਤੀ ਪੀ ਜਾਵੇ ਅਤੇ ਉਹ ਮੁੜ ਮਾਂ ਦੀ ਮਮਤਾ ਅਤੇ ਸਿਰ ਦੇ ਸਾਈਂ ਦੀਆਂ ਯਾਦਾਂ ਦੀ ਫੁਲਕਾਰੀ ਲੈ ਕੇ ਆਪਣੇ ਸਾਹਿਤਕ ਸਫ਼ਰ ਲਈ ਅਡੋਲ ਤੁਰ ਪਵੇ।ਜਗਤਾਰ ਗਿੱਲ ਨੇ ਪੁਸਤਕ ਦੇ ਟਾਈਟਲ ਪੇਜ ਦੀ ਗੱਲ ਕਰਦਿਆਂ ਦੱਸਿਆ ਕਿ ਲਾਜ ਸੈਣੀ ਹਸਪਤਾਲ ਜਾਣ ਤੋਂ ਪਹਿਲਾਂ ਇਹ ਪੁਸਤਕ ਮਾਤਾ ਜੀ ਦੀ ਤਸਵੀਰ ਲਗਵਾ ਕੇ ਪ੍ਰਕਾਸ਼ਿਤ ਕਰਨੀ ਭੇਜ ਚੁੱਕੇ ਸਨ ਅਤੇ ਮਾਤਾ ਜੀ ਪੁਸਤਕ ਉੱਪਰ ਆਪਣੀ ਤਸਵੀਰ ਦੇਖ ਕੇ ਗਏ ਹਨ ਪਰ ਲਾਜ ਸੈਣੀ ਦੀ ਫ਼ੋਟੋ ਨੀਲਮ ਨੇ ਮੇਰੇ ਨਾਲ ਸਲਾਹ ਕਰਨ ਉਪਰੰਤ ਲਗਵਾਈ ਹੈ। ਇਹ ਪੁਸਤਕ ਸਾਡੇ ਲਈ ਅਨਮੋਲ ਤੋਹਫ਼ਾ ਹੈ। ਤਾਰਾ ਸਿੰਘ ਸਾਗਰ ਨੇ ਨੀਲਮ ਸੈਣੀ ਦੀ ਸਾਹਿਤਕ ਦੇਣ ਪ੍ਰਤੀ ਕਾਵਿਕ ਚਿੱਤਰ ਪੜ੍ਹਿਆ।

ਜਗਜੀਤ ਨੌਸ਼ਿਹਰਵੀ ਨੇ ਸੁਰਿੰਦਰ ਸਿੰਘ ਸੀਰਤ ਦਾ ਲਿਖਿਆ ਵਧਾਈ ਸੰਦੇਸ਼ ਪੜ੍ਹਦੇ ਕਿਹਾ ਕਿ ਨੀਲਮ ਦਾ ਇਹ ਉਪਰਾਲਾ ਬਹੁਤ ਸ਼ਲਾਘਾਯੋਗ ਹੈ। ਪ੍ਰਸਿੱਧ ਸ਼ਾਇਰ ਕਮਲ ਦੇਵ ਪਾਲ ਨੇ ਪੁਸਤਕ 'ਤੇ ਵਿਚਾਰ ਚਰਚਾ ਕਰਦਿਆਂ ਪੁਸਤਕ ਨੂੰ ਜੀਅ ਆਇਆਂ ਕਿਹਾ। ਇਸ ਤੋਂ ਇਲਾਵਾ ਅਨੂਪ ਸਿੰਘ ਵਿਰਕ, ਹਰਜਿੰਦਰ ਪੰਧੇਰ, ਬਿੱਕਰ ਸਿੰਘ ਕੰਮੇਆਣਾ, ਹਰਬੰਸ ਸਿੰਘ ਜਗਿਆਸੂ, ਅਮਰਜੀਤ ਕੌਰ ਪਨੂੰ ਆਦਿ ਨੇ ਪੁਸਤਕ ਦਾਸਵਾਗਤ ਕੀਤਾ। ਗੁਰਦੇਵ ਕੌਰ, ਪਰਮਜੀਤ ਕੌਰ, ਕੁਲਵਿੰਦਰ ਕੌਰ, ਗੁਰਜੀਤ ਜੀਤੀ, ਸੁਖਵੀਰ, ਸੁਖਨਿੰਦਰ ਭੰਗਲ ਅਤੇ ਨੀਲਮ ਸੈਣੀ ਨੇ ਪੁਸਤਕ ਵਿਚੋਂ ਗੀਤ ਪੇਸ਼ ਕਰਕੇ ਤੀਆਂ ਦੇ ਅਰਥਾਂ ਨੂੰ ਰੂਪਮਾਨ ਕਰ ਦਿੱਤਾ। ਇਸ ਉਪਰੰਤ ਪ੍ਰੋ. ਸੁਖਵਿੰਦਰ ਕੰਬੋਜ ਨੇ 'ਤੀਆਂ ਤੀਜ ਦੀਆਂ' ਪੁਸਤਕ ਲੋਕ ਅਰਪਿਤ ਕੀਤੀ। ਲੇਖਕ ਰਾਠੇਸ਼ਵਰ ਸਿੰਘ ਸੂਰਾਪਰੀ ਨੇ ਨੀਲਮ ਦੀ ਪੁਸਤਕ 'ਸਾਡੀਆਂ ਰਸਮਾਂ ਸਾਡੇ ਗੀਤ' ਦਾ ਦੂਜਾ ਐਡੀਸ਼ਨ ਲੋਕ ਅਰਪਿਤ ਕੀਤਾ।

ਨੀਲਮ ਸੈਣੀ ਨੇ ਕਿਹਾ ਕਿ ਆਪਣੇ ਸਾਹਿਤਕ ਜੀਵਨ ਵਿਚ ਆਪਣੇ ਮਾਤਾ-ਪਿਤਾ ਅਤੇ ਜੀਵਨ ਸਾਥੀ ਵਲੋਂ ਮਿਲੇ ਸਹਿਯੋਗ ਲਈ ਉਹ ਉਨ੍ਹਾਂ ਦੀ ਸਦਾ ਰਿਣੀ ਰਹੇਗੀ ਅਤੇ ਉਨ੍ਹਾਂ ਦੇ ਹਰ ਸੁਪਨੇ ਨੂੰ ਸਾਕਾਰ ਕਰਨ ਲਈ ਪੂਰੀ ਵਾਹ ਲਾਵੇਗੀ। ਉਸਨੇ ਗੋਲਡਨ ਪੰਜਾਬ ਕਲੱਬ, ਵਿਪਸਾਅ, ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ, ਸਟਾਕਟਨ, ਗੀਤਕਾਰ ਮੰਚ ਅਤੇ ਆਏ ਸਮੂਹ ਮਹਿਮਾਨਾਂ ਦਾ ਹਰ ਤਰ੍ਹਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਸਮਾਗਮ ਵਿਚ ਪ੍ਰਿੰਸੀਪਲ ਹਰਨੇਕ ਸਿੰਘ, ਕੁੰਦਨ ਲਾਲ ਅਤੇ ਮਨਜੀਤ ਸ਼ੇਖੋਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸਾਹਿਤਕ ਅਤੇ ਸਭਿਆਚਾਰਕ ਪ੍ਰੇਮੀਆਂ ਨੇ ਸ਼ਿਰਕਤ ਕੀਤੀ।

**ਰਿਪੋਰਟ: ਕੁਲਵਿੰਦਰ**
**ਜਨਰਲ ਸਕੱਤਰ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ**

# ਬੱਚੀਆਂ ਦੀ ਸੁਰੱਖਿਆ ਕਿਵੇਂ ਯਕੀਨੀ ਬਣਾਈ ਜਾਵੇ?



ਡਾ. ਗੁਰਿੰਦਰ ਕੌਰ
424-362-8759

ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਦੇ ਬੋਨੀਆਰ ਕਸਬਾ ਵਿੱਚ ਨੌਂ ਸਾਲਾ ਦੀ ਬੱਚੀ ਨਾਲ ਹੋਏ ਸਮੂਹਿਕ ਬਲਾਤਕਾਰ ਨੇ ਜ਼ੁਲਮ ਅਤੇ ਵਹਿਸ਼ੀਅਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਇਸ ਘਿਨੌਣੀ ਘਟਨਾ ਤੋਂ ਪਤਾ ਲੱਗਾ ਹੈ ਕਿ ਅੱਜ ਕੱਲ੍ਹ ਕੁਝ ਬੰਦੇ ਕਿੰਨੇ ਗਿਰ ਚੁੱਕੇ ਹਨ। ਬੱਚੀ ਦੇ ਪਿਤਾ ਨੇ ਬੱਚੀ ਦੇ ਲਾਪਤਾ ਹੋਣ ਦੀ ਥਾਣੇ ਰਿਪੋਰਟ ਦਰਜ ਕਰਵਾਈ ਕਿ ਉਸ ਦੀ ਬੱਚੀ 23 ਅਗਸਤ ਤੋਂ ਲਾਪਤਾ ਹੈ। ਪੁਲੀਸ ਨੂੰ 2 ਸਤੰਬਰ ਨੂੰ ਬੱਚੀ ਦੀ ਗਲੀ-ਸੜੀ ਲਾਸ਼ ਘਰ ਤੋਂ ਇੱਕ ਕਿਲੋਮੀਟਰ ਦੂਰੀ ਉੱਤੇ ਜੰਗਲ ਦੀਆਂ ਝਾੜੀਆਂ ਵਿੱਚੋਂ ਮਿਲੀ। ਇਸ ਘਟਨਾ ਦੇ ਸੰਬੰਧ ਵਿੱਚ ਪੁਲੀਸ ਨੇ ਬੱਚੀ ਦੀ ਮਤਰੇਈ ਮਾਂ ਅਤੇ ਮਤਰੇਏ ਪੁੱਤਰ ਸਮੇਤ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਨ੍ਹਾਂ ਵਿੱਚੋਂ ਦੋ ਦੋਸ਼ੀ ਨਾਬਾਲਗ ਹਨ।

ਥਾਣੇ ਦੇ ਇੰਚਾਰਜ਼ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਬੱਚੀ ਦੇ ਪਿਤਾ ਦੇ ਦੋ ਵਿਆਹ ਹਨ। ਬੱਚੀ ਦੀ ਮਤਰੇਈ ਮਾਂ ਨੂੰ ਆਪਣੀ ਸੌਂਕਣ (ਬੱਚੀ ਦੀ ਮਾਂ) ਅਤੇ ਇਸ ਬੱਚੀ ਨਾਲ ਬਹੁਤ ਨਫ਼ਰਤ ਸੀ। ਉਸ ਨੂੰ ਲੱਗਦਾ ਸੀ ਕਿ ਉਸ ਦਾ ਘਰਵਾਲਾ ਪੀੜਤ ਅਤੇ ਉਸ ਦੀ ਮਾਂ ਨੂੰ ਇਸ ਦੇ ਬੱਚਿਆਂ ਅਤੇ ਇਸਤੋਂ ਵੱਧ ਪਿਆਰ ਕਰਦਾ ਹੈ। ਆਪਣੀ ਨਫ਼ਰਤ ਨੂੰ ਸ਼ਾਂਤ ਕਰਨ ਲਈ ਮਤਰੇਈ ਮਾਂ ਮੌਕਾ ਲੱਭ ਕੇ 23 ਅਗਸਤ ਨੂੰ ਬੱਚੀ ਨੂੰ ਜੰਗਲ ਵਿੱਚ ਲੈ ਗਈ ਅਤੇ ਜਾਂਦੀ ਹੋਈ ਆਪਣੇ ਨਾਲ ਇੱਕ ਤੇਜ਼ ਧਾਰ ਵਾਲਾ ਚਾਕੂ ਵੀ ਲੈ ਲਿਆ। ਇਸ ਤੋਂ ਇਲਾਵਾ ਜਾਂਦੇ ਜਾਂਦੇ ਆਪਣੇ ਚੌਦਾ ਸਾਲ ਦੇ ਲੜਕੇ ਨੂੰ ਵੀ ਜੰਗਲ ਵਿੱਚ ਆਉਣ ਲਈ ਕਹਿ ਗਈ। ਲੜਕਾ ਆਪਣੇ ਤਿੰਨ ਹੋਰ ਦੋਸਤਾਂ ਨੂੰ ਨਾਲ ਲੈ ਕੇ ਜੰਗਲ ਵਿੱਚ ਪਹੁੰਚ ਗਿਆ ਜਿੱਥੇ ਪੰਜਾਂ ਨੇ ਰਲ ਕੇ ਇਸ ਘਿਨੌਣੀ ਵਾਰਦਾਤ ਨੂੰ ਅੰਜ਼ਾਮ ਦਿੱਤਾ। ਮਤਰੇਈ ਮਾਂ ਦੀ ਹਾਜ਼ਰੀ ਵਿੱਚ ਮਤਰੇਏ ਭਰਾ ਸਮੇਤ ਚਾਰੇ ਦੋਸ਼ੀਆਂ ਨੇ ਵਾਰੀ ਵਾਰੀ ਬੱਚੀ ਨਾਲ ਬਲਾਤਕਾਰ ਕੀਤਾ ਜੋ ਬਹੁਤ ਹੀ ਅਪਮਾਨ ਤੋਂ ਗਿਰੀ ਹੋਈ ਅਤੇ ਸ਼ਰਮਿੰਦਗੀ ਦੀ ਗੱਲ ਹੈ। ਇਸ ਤੋਂ ਬਾਅਦ ਜਦੋਂ ਮਤਰੇਈ ਮਾਂ ਬੱਚੀ ਦਾ ਗਲਾ ਘੁੱਟ ਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਮਤਰੇਏ ਭਰਾ ਨੇ ਲੜਕੀ ਦੇ ਸਿਰ ਵਿੱਚ ਕੁਹਾੜਾ ਮਾਰ ਕੇ ਉਸ ਨੂੰ ਮਾਰ ਦਿੱਤਾ। ਇੱਕ ਹੋਰ ਦੋਸ਼ੀ ਨੇ ਤੇਜ਼ਧਾਰ ਵਾਲੇ ਚਾਕੂ ਨਾਲ ਲੜਕੀ ਦੀਆਂ ਅੱਖਾਂ ਵੀ ਕੱਢ ਦਿੱਤੀਆਂ। ਇੱਥੇ ਹੀ ਬੱਸ ਨਹੀਂ, ਇਸ ਤੋਂ ਬਾਅਦ ਬੱਚੀ ਦੇ ਮੁਰਦਾ ਸਰੀਰ ਉੱਤੇ ਤੇਜ਼ਾਬ ਪਾਕੇ ਉਸ ਨੂੰ ਸਾੜ ਦਿੱਤਾ। ਇਸ ਸਾਰੀ ਘਟਨਾ ਤੋਂ ਪਤਾ ਲੱਗਾ ਹੈ ਕਿ ਮਾਂ ਬੇਟੇ ਨੇ ਪਹਿਲਾਂ ਤੋਂ ਹੀ ਇਸ ਘਿਨੌਣੀ ਵਾਰਦਾਤ ਦੀ ਯੋਜਨਾ ਬਣਾਈ ਹੋਈ ਸੀ। ਦੁੱਖ ਅਤੇ ਅਫ਼ਸੋਸ ਇਸ ਗੱਲ ਦਾ ਹੈ ਕਿ ਕਠੂਏ ਵਾਲੀ ਅੱਠ ਸਾਲਾਂ ਦੀ ਬੱਚੀ ਦੀਆਂ ਚੀਕਾਂ ਅਤੇ ਹਾਉਂਕੇ ਅੱਜੇ ਵਾਦੀ ਵਿੱਚ ਮੱਧਮ ਵੀ ਨਹੀਂ ਹੋਏ ਸਨ ਕਿ ਇੱਕ ਹੋਰ ਬੱਚੀ ਦਰਿੰਦਿਆਂ ਦੇ ਜ਼ੁਲਮ ਦੀ ਬਲੀ ਚੜ੍ਹ ਗਈ। ਬੱਚੀਆਂ ਉੱਤੇ ਇੰਨਾ ਜ਼ੁਲਮ ਅਤੇ ਕਹਿਰ, ਉਹ ਵੀ ਭਾਰਤ ਵਰਗੇ ਦੇਸ ਵਿੱਚ ਹੋ ਰਿਹਾ ਹੈ ਜਿੱਥੇ ਲੜੀਆਂ ਨੂੰ ਪੂਜਿਆ ਜਾਂਦਾ ਹੈ। ਇਹ ਕਿਹੋ ਜਿਹੀ ਪੂਜਾ ਹੈ! ਕੀ ਦੇਸ ਵਿੱਚ ਕੋਈ ਵੀ ਅਜਿਹੀ ਥਾਂ ਨਹੀਂ ਜਿੱਥੇ ਬੱਚੀਆਂ ਸੁੱਰਖਿਅਤ ਹੋਣ?

ਦੇਸ ਵਿੱਚ ਬਲਾਤਾਕਾਰ ਦੀਆਂ ਘਿਨੌਣੀਆਂ ਵਾਰਦਾਤਾਂ ਵਿੱਚ ਪਿੱਛਲੇ ਕੁਝ ਸਾਲਾਂ ਤੋਂ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਨੈਸ਼ਨਲ ਕਰਾਈਮਜ਼ ਰਿਕਾਰਡਜ਼ ਬਿਊਰੋ ਦੀ ਸਾਲ 2016 ਦੀ ਇੱਕ ਰਿਪੋਰਟ ਅਨੁਸਾਰ 2015-2016 ਦੇ ਦੌਰਾਨ ਬਲਾਤਾਕਾਰ ਦੇ ਕੇਸਾਂ ਵਿੱਚ 12 ਫ਼ੀਸਦੀ ਵਾਧਾ ਹੋਇਆ ਹੈ ਜਿਨ੍ਹਾਂ ਵਿੱਚੋਂ 40 ਫ਼ੀਸਦੀ ਛੋਟੀਆਂ ਬੱਚੀਆਂ ਨਾਲ ਹੋਏ ਹਨ। ਬਲਾਤਾਕਾਰਾਂ ਵਿੱਚ ਤੇਜ਼ੀ ਨਾਲ ਵਾਧਾ ਹੋਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਦਰ ਬਹੁਤ ਘੱਟ ਹੈ। ਸਾਲ 1973 ਵਿੱਚ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਦਰ 44.28 ਫ਼ੀਸਦ ਸੀ ਜਿਹੜੀ 2016 ਵਿੱਚ ਘਟ ਕੇ ਸਿਰਫ਼ 25 ਫ਼ੀਸਦ ਰਹਿ ਗਈ ਭਾਵ ਪਹਿਲਾਂ ਚਾਰ ਦੋਸ਼ੀਆਂ ਵਿਚੋਂ ਦੋ ਨੂੰ ਸਜ਼ਾ ਮਿਲ ਜਾਂਦੀ ਸੀ ਹੁਣ ਤਾਂ ਚਾਰਾਂ ਵਿੱਚੋਂ ਸਿਰਫ਼ ਇੱਕ ਨੂੰ ਹੀ ਮਿਲਦੀ ਹੈ। ਇਸ ਤੋਂ ਇਲਾਵਾ ਬਲਾਤਕਾਰ ਕੇਸਾਂ ਦਾ ਨਿਪਟਾਰਾ ਕਰਨ ਲਈ ਅਦਾਲਤਾਂ ਕਈ ਕਈ ਸਾਲ ਲਗਾ ਦਿੰਦੀਆਂ ਹਨ। ਭਾਵੇਂ ਨਿਰਭੈਆ ਕੇਸ ਤੋਂ ਬਾਅਦ ਸਰਕਾਰ ਨੇ ਲੋਕਾਂ ਦੇ ਗੁੱਸੇ ਅਤੇ ਹੋਰ ਪੱਖਾਂ ਨੂੰ ਧਿਆਨ ਵਿੱਚ ਰੱਖਕੇ ਬਲਾਤਕਾਰ ਦੇ ਕੇਸਾਂ ਦੇ ਛੇਤੀ ਨਿਪਟਾਰੇ ਲਈ ਫਾਸਟ ਟਰੈਕ ਅਦਾਲਤਾਂ ਬਣਾ ਕੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦੇਣ ਦੇ ਕਾਨੂੰਨ ਵੀ ਬਣਾ ਦਿੱਤੇ ਸਨ ਪਰ ਹਾਲੇ ਵੀ ਪਹਿਲਾ ਵਾਲਾ ਹਾਲ ਹੀ ਹੈ। ਇੱਥੇਂ ਤੱਕ ਨਿਰਭੈਆ ਦੇ ਦੋਸ਼ੀ ਤੱਕ ਭਾਵ ਛੇ ਸਾਲ ਬਾਅਦ ਸੁਪਰੀਮ ਕੋਰਟ ਤੋਂ ਫਾਂਸੀ ਦੀ ਸਜ਼ਾ ਹੋਣ ਦੇ ਬਾਅਦ ਵੀ ਜੇਲ੍ਹ ਵਿੱਚ ਹੀ ਬੈਠੇ ਹਨ ਕਿਉਂਕਿ ਹਾਲੇ ਉਨ੍ਹਾਂ ਕੋਲ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਇੱਕ ਹੋਰ ਮੌਕਾ ਬਾਕੀ ਹੈ।

ਛੋਟੀਆਂ ਬੱਚੀਆਂ ਨਾਲ ਬਲਾਤਾਕਾਰ ਦੇ ਕੇਸਾਂ ਵਿੱਚ ਵਾਧੇ ਦੇ ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਕੇਸ ਹਨ। ਛੋਟੀਆਂ ਬੱਚੀਆਂ ਬਹੁਤ ਮਾਸੂਮ ਅਤੇ ਸਰੀਰ ਪੱਖੋਂ ਬਹੁਤ ਕਮਜ਼ੋਰ ਹੁੰਦੀਆਂ ਹਨ। ਉਨ੍ਹਾਂ ਨੂੰ ਵੱਡੇ ਬੰਦਿਆਂ ਦੀ ਅੰਦਰਲੀ ਵਹਿਸ਼ੀਅਤ ਅਤੇ ਗੰਦੇਪਣ ਬਾਰੇ ਪਤਾ ਹੀ ਨਹੀਂ ਹੁੰਦਾ ਜਿਸ ਕਰਕੇ ਉਹ ਇਸਦਾ ਸ਼ਹਿਜੇ ਹੀ ਸ਼ਿਕਾਰ ਹੋ ਜਾਂਦੀਆਂ ਹਨ। ਇਹੋ ਜਿਹਾ ਜੁਰਮ ਕਰਨ ਵਾਲੇ ਨੱਬੇ ਫ਼ੀਸਦ ਰਿਸ਼ਤੇਦਾਰ ਜਾਂ ਜਾਣੂ ਹੁੰਦੇ ਹਨ ਜਿਨ੍ਹਾਂ ਉੱਤੇ ਬੱਚੀਆਂ ਅਤੇ ਉਨ੍ਹਾਂ ਦੇ ਘਰਦੇ ਆਸਾਨੀ ਨਾਲ ਭਰੋਸਾ ਕਰ ਲੈਂਦੇ ਹਨ। ਇਸ ਦੇ ਨਾਲ ਛੋਟੀਆਂ ਬੱਚੀਆਂ ਛੇਤੀ ਡਰ ਜਾਂਦੀਆਂ ਹਨ ਅਤੇ ਸਰੀਰਕ ਤੌਰ ਉੱਤੇ ਕੰਮਜ਼ੋਰ ਹੋਣ ਕਰਕੇ ਇਹੋ ਜਿਹੇ ਘਿਨੌਣੇ ਜ਼ੁਰਮ ਦਾ ਛੇਤੀ ਹੀ ਸ਼ਿਕਾਰ ਬਣ ਜਾਂਦੀਆਂ ਹਨ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਦੋਸ਼ੀਆਂ ਨੂੰ ਸਜ਼ਾ ਦੇਣ ਵੇਲੇ ਫਿਰ ਉਨ੍ਹਾਂ ਨੂੰ ਬਾਲਗ ਅਤੇ ਨਾਬਾਲਗ ਵਰਗੀਆਂ ਦੋ ਸ਼੍ਰੇਣੀਆਂ ਵਿੱਚ ਵੰਡ ਲਿਆ ਜਾਂਦਾ ਹੈ ਜਿਸ ਨਾਲ ਬਲਾਤਾਕਾਰ ਵਰਗਾ ਘਿਨੌਣਾ ਜੁਰਮ ਕਰਨ ਵਾਲੇ ਕੁਝ ਦੋਸ਼ੀ ਸਹਿਜੇ ਹੀ ਬਚ ਜਾਂਦੇ ਹਨ ਜਿਵੇਂ ਕਿ ਨਿਰਭੈਆ ਕੇਸ ਵਿੱਚ ਹੋਇਆ ਹੈ। ਇਸ ਕੇਸ ਵਿੱਚ ਨਾਬਾਲਗ ਮੰਨਿਆ ਗਿਆ ਦੋਸ਼ੀ ਖ਼ਬਰਾਂ ਅਨੁਸਾਰ ਸਭ ਤੋਂ ਜ਼ਾਲਮ ਸੀ ਪਰ ਉਹ ਸਿਰਫ਼ ਤਿੰਨ ਸਾਲ ਦੀ ਸਜ਼ਾ ਤੋਂ ਬਾਅਦ, ਪਿੱਛਲੇ ਤਿੰਨ ਸਾਲਾਂ ਤੋਂ ਆਪਣੀ ਜ਼ਿੰਦਗੀ ਆਨੰਦ ਨਾਲ ਮਾਣ ਰਿਹਾ ਹੈ ਜਦਕਿ ਪੀੜਤ ਬੱਚੀ ਇਸ ਦੁਨੀਆਂ ਵਿੱਚ ਨਹੀਂ ਹੈ। ਆਪਣੇ ਦੇਸ ਵਿੱਚ ਬਲਾਤਾਕਾਰ ਵਰਗੇ ਘਿਨੌਣੇ ਅਪਰਾਧ ਲਈ ਦੋਸ਼ੀ ਨੂੰ ਉਮਰ ਮੁਤਾਬਕ ਸਜ਼ਾ ਹੁੰਦੀ ਹੈ ਪਰ ਕੁਝ ਦੇਸਾ ਵਿੱਚ ਦੋਸ਼ੀ ਨੂੰ ਉਸ ਦੇ ਜੁਰਮ ਮੁਤਾਬਕ ਸਜ਼ਾ ਹੁੰਦੀ ਹੈ। ਨਤੀਜੇ ਵਜੋਂ ਛੋਟੀ ਉਮਰ ਦਾ ਵਿਅਕਤੀ ਜੁਰਮ ਕਰਨ ਤੋਂ ਡਰਦਾ ਹੈ ਜਿਸ ਕਰਕੇ ਜੁਰਮ ਕਰਨ ਦੀ ਦਰ ਵੀ ਘਟਦੀ ਹੈ। ਇਸ ਕੇਸ ਵਿੱਚ ਵੀ ਦੋ ਨਾਬਾਲਗ ਦੋਸ਼ੀ ਹਨ ਸ਼ਾਇਦ ਉਹ ਵੀ ਇਹ ਹੀ ਸੋਚਦੇ ਹੋਣ ਕਿ ਨਾਬਾਲਗ ਹੋਣ ਕਰਕੇ ਸਜ਼ਾ ਤਾਂ ਉਨ੍ਹਾਂ ਨੂੰ ਵੀ ਤਿੰਨ ਸਾਲ ਦੀ ਹੀ ਹੋਣੀ ਹੈ ਜੁਰਮ ਭਾਵੇਂ ਕਿੰਨਾ ਵੀ ਘਿਨੌਣਾ ਜਾਂ ਸੰਗੀਨ ਹੋਵੇ।

ਜੇਕਰ ਥੋੜ੍ਹੇ ਸੰਜੀਦਾ ਹੋ ਕੇ ਸੋਚੀਏ ਕਿ ਜੇਕਰ ਨਿਰਭੈਆ ਦੇ ਸਾਰੇ ਦੋਸ਼ੀਆਂ (ਬਾਲਗ ਅਤੇ ਨਾਬਾਲਗ) ਨੂੰ ਸਮੇਂ ਸਿਰ ਅਤੇ ਉੱਚਿਤ ਸਜ਼ਾ ਮਿਲੀ ਹੁੰਦੀ ਤਾਂ ਬਲਾਤਕਾਰ ਦੇ ਕੇਸਾਂ ਵਿੱਚ ਤੇਜ਼ੀ ਨਾਲ ਵਾਧਾ ਹੋਣ ਦੀ ਬਜਾਇ ਉਹ ਤੇਜ਼ੀ ਨਾਲ ਘਟ ਰਹੇ ਹੁੰਦੇ ਜਾਂ ਘਟ ਗਏ ਹੁੰਦੇ। ਕਠੂਏ ਵਾਲੀ ਬਲਾਤਾਕਾਰ ਦੀ ਘਿਨੌਣੀ ਵਾਰਦਾਤ ਤੋਂ ਬਾਅਦ ਸਾਡੀ ਸਰਕਾਰ ਨੇ ਜਾਗਣ ਦਾ ਪਾਖੰਡ ਕਰਦੇ ਹੋਏ ਬੱਚੀਆਂ ਨੂੰ ਬਲਾਤਕਾਰ ਵਰਗੇ ਘਿਨੌਣੇ ਜੁਰਮ ਤੋਂ ਬਚਾਉਣ ਲਈ ਇੱਕਦਮ ਕਾਨੂੰਨ ਬਣਾ ਦਿੱਤਾ ਕਿ 12 ਸਾਲ ਤੋਂ ਛੋਟੀ ਉਮਰ ਦ ਬੱਚੀ ਨਾਲ ਬਲਤਾਕਾਰ ਕਰਨ ਵਾਲੇ ਦੋਸ਼ੀ ਨੂੰ ਯਕੀਨਨ ਫਾਂਸੀ ਦੀ ਸਜ਼ਾ ਦਿੱਤੀ ਜਾਵੇਗੀ। ਹੁਣ ਇੱਥੇ ਇਸ ਕਾਨੂੰਨ ਵਿੱਚ ਇਹ ਗੁੰਝਲ ਹੈ ਕਿ ਸਾਰੇ ਦੋਸ਼ੀਆਂ ਨੂੰ ਫਾਂਸੀ ਹੋਵੇਗੀ ਜਾਂ ਫਿਰ ਬਾਲਗ ਨਾਬਾਲਗ ਦਾ ਚੱਕਰ ਪਵੇਗਾ।

ਇਸੇ ਸਾਲ ਥੌਮਸਨ ਰਿਊਟਰਜ਼ ਫਾਊਂਡੇਸ਼ਨ ਦੀ ਇੱਕ ਰਿਪੋਰਟ ਨੇ ਭਾਰਤ ਨੂੰ ਔਰਤਾਂ ਲਈ ਦੁਨੀਆ ਦਾ ਸਭ ਤੋਂ ਅਸੁੱਰਖਿਅਤ ਦੇਸ਼ ਐਲਾਨਿਆ ਹੈ ਜਿਸ ਵਿੱਚ ਕੋਈ ਅਤਕੱਥਨੀ ਨਹੀਂ ਹੈ ਕਿਉਂਕਿ ਸਾਡੇ ਦੇਸ ਵਿੱਚ ਔਰਤ ਕਿਸੇ ਥਾਂ ਉੱਤੇ ਸੁਰੱਖਿਅਤ ਨਹੀਂ ਹੈ। ਇੱਥੋਂ ਤੱਕ ਕਿ ਕਦੇ ਮਾਂ ਦੀ ਕੁੱਖ ਵੀ ਉਸ ਦੀ ਕਬਰ ਬਣ ਜਾਂਦੀ ਹੈ ਅਤੇ ਮਾਂ ਜਿਸ ਨੂੰ ਦੂਸਰਾ ਰੱਬ ਕਿਹਾ ਜਾਂਦਾ ਹੈ ਉਹ ਵੀ ਬਾਕੀ ਲੋਕਾਂ ਨਾਲ ਲੱਗ ਕੇ ਉਸ ਨੂੰ ਜਨਮ ਤੋਂ ਪਹਿਲਾ ਆਪਣੀ ਕੁੱਖ ਵਿੱਚ ਹੀ ਮਾਰ ਦਿੰਦੀ ਹੈ। ਇਸ ਤਰ੍ਹਾਂ ਭਾਵੇਂ ਉਪਰੋਕਤ ਰਿਪੋਰਟ ਉੱਤੇ ਦੇਸ ਵਿੱਚ ਕਿੰਤੂ-ਪਰੰਤੂ ਹੋਈ ਪਰ ਔਰਤਾਂ ਉਪਰ ਹਰ ਰੋਜ਼ ਹੋ ਰਹੇ ਜ਼ੁਲਮ ਇਸ ਰਿਪੋਰਟ ਦੀ ਸਚਾਈ ਦਾ ਪਰਤੱਖ ਪ੍ਰਮਾਣ ਹਨ।

ਬਲਾਤਕਾਰ ਵਰਗੇ ਘਿਨੌਣੇ ਜੁਰਮ ਤੋਂ ਬੱਚੀਆਂ ਨੂੰ ਬਚਾਉਣ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਫੌਰੀ ਤੌਰ ਉੱਤੇ ਕਾਰਵਾਈ ਕਰਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ, ਫ਼ਾਸਟ ਟਰੈਕ ਅਦਾਲਤਾਂ ਰਾਹੀਂ ਜਿਵੇਂ ਚਾਰ .ਮਹੀਨਿਆਂ ਦੀ ਬੱਚੀ ਦੇ ਇੰਦੌਰ ਬਲਾਤਾਕਾਰ ਕੇਸ ਵਿੱਚ ਹੋਇਆ ਹੈ ਘੱਟ ਤੋਂ ਘੱਟ ਸਮੇਂ ਵਿੱਚ ਛਾਣਬੀਣ ਉਪਰੰਤ ਬਿਨਾਂ ਦੇਰੀ ਕੀਤੇ ਫ਼ੈਸਲਾ ਹੋਣ ਤੋਂ ਬਾਅਦ ਦੋਸ਼ੀਆਂ ਨੂੰ ਸਜ਼ਾ ਦੇਣ ਵਿੱਚ ਢਿੱਲ ਨਾ ਵਰਤੀ ਜਾਵੇ। ਨਿਰਭੈਆ ਕੇਸ ਵਾਂਗ ਲੰਬੇ ਸਮੇਂ ਤੱਕ ਦੋਸ਼ੀਆਂ ਦਾ ਫੈਸਲਾ ਅਟਕਿਆ ਨਹੀਂ ਰਹਿਣਾ ਚਾਹੀਦਾ। ਇੱਕ ਅਜਿਹਾ ਸੰਗੀਨ ਜੁਰਮ ਹੈ ਜਿਸ ਲਈ ਕੋਈ ਵੀ ਸਜਾ ਘੱਟ ਹੈ ਕਿਉਂਕਿ ਇਸ ਵਿੱਚ ਪੀੜਤ ਦਾ ਸਰੀਰਕ, ਮਾਨਸਿਕ ਅਤੇ ਸਮਾਜਿਕ ਸ਼ੋਸਣ ਹੁੰਦਾ ਹੈ ਜਿਸ ਦੀ ਪੀੜ ਪੀੜਤ ਦਾ ਸਾਰਾ ਪਰਿਵਾਰ ਸਹਿੰਦਾ ਹੈ। ਇਸ ਵਿੱਚ ਸਮਾਜ ਤੋਂ ਲੈ ਕੇ ਪੁਲਿਸ ਅਤੇ ਨਿਆਂ ਪਾਲਿਕਾ ਤੱਕ ਸਭ ਦਾ ਫ਼ਰਜ ਬਣਦਾ ਹੈ ਕਿ ਇਸ ਤਰ੍ਹਾਂ ਦੇ ਕੇਸਾਂ ਵਿੱਚ ਬਿਨਾਂ ਦੇਰੀ ਕੀਤੇ ਫ਼ੈਸਲੇ ਤੱਕ ਕਰਨ ਤਕ ਲਈ ਆਪਣਾ ਫ਼ਰਜ ਪੂਰਾ ਕਰਨ ਤਾਂਕਿ ਦੋਸ਼ੀਆਂ ਨੂੰ ਇਸ ਘਿਨੌਣੇ ਅਪਰਾਧ ਦੀ ਸਜ਼ਾ ਜਲਦੀ ਤੋਂ ਜਲਦੀ ਮਿਲ ਸਕੇ। ਮਨੁੱਖੀ ਅਧਿਕਾਰਾਂ ਦੀ ਆੜ ਲੈ ਕੇ ਕੁਝ ਲੋਕ ਇਨ੍ਹਾਂ ਦੋਸ਼ੀਆਂ ਦੀ ਹਮਾਇਤ ਲਈ ਆ ਖੜ੍ਹੇ ਹੁੰਦੇ ਹਨ ਉਨ੍ਹਾਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਜੇਕਰ ਦੋਸ਼ੀਆਂ ਦੀ ਜਾਨ ਕੀਮਤੀ ਹੈ ਤਾਂ ਪੀੜਤ ਦੀ ਜਾਨ ਦੀ ਕੀ ਕੋਈ ਅਹਿਮੀਅਤ ਹੀ ਨਹੀਂ ਸੀ ਜਾਂ ਉਹ ਇਨਸਾਨ ਨਹੀਂ ਸੀ ਜਾਂ ਉਸ ਦੇ ਕੋਈ ਅਧਿਕਾਰ ਨਹੀਂ ਸਨ ਜਾਂ ਉਸ ਦੇ ਅਧਿਕਾਰਾਂ ਦਾ ਘਾਣ ਕਿਉਂ ਹੋਇਆ? ਉਸ ਦਾ ਕੀ ਕਸੂਰ ਸੀ! ਦੋਸ਼ੀਆਂ ਨੂੰ ਸਮੇਂ ਸਿਰ ਦਿੱਤੀਆਂ ਸਖ਼ਤ ਸਜਾਵਾ ਦੇਣ ਨਾਲ ਹੀ ਬਲਾਤਕਾਰ ਦੇ ਕੇਸਾਂ ਵਿੱਚ ਜ਼ਿਕਰਯੋਗ ਗਿਰਾਵਟ ਆਵੇਗੀ।

## ਸ਼ਿਕਾਗੋ ਵਰਲਡ ਹਿੰਦੂ ਕਾਂਗਰਸ

# "ਲਕਸ਼ ਤੁਹਾਡੇ ਯਤਨਾਂ ਦੇ ਅਨੁਸਾਰ ਹੋਵੇ, ਉਹੀ ਕਦਰਾਂ ਕੀਮਤਾਂ ਹਨ, ਤੁਹਾਡੇ ਕਿਹੜੇ ਟੀਚੇ ਹਨ, ਇਸ ਨੂੰ ਕਦੇ ਭੁਲਾਇਆ ਨਹੀਂ ਜਾਣਾ ਚਾਹੀਦਾ ਹੈ"- ਮੋਹਨ ਭਾਗਵਤ

**ਸ਼ਿਕਾਗੋ, ਅਮਰੀਕਾ ( ਹੁਸਨ ਲੜੋਆ ਬੰਗਾ)–** ਰਾਸ਼ਟਰੀ ਸਵੈ ਸੇਵਕ ਸੰਘ (ਆਰਐਸਐਸ) ਦੇ ਮੁਖੀ ਮੋਹਨ ਭਾਗਵਤ ਨੇ ਦੁਨੀਆਂ ਦੇ ਹਿੰਦੂ ਭਾਈਚਾਰੇ ਨੂੰ ਅੰਤਰਾਂ ਦੇ ਬਾਵਜੂਦ ਇੱਕ ਪਲੇਟਫਾਰਮ ਤੇ ਇਕੱਠੇ ਹੋਣ ਦੀ ਗੱਲ ਆਖੀ।




ਦੂਜੇ ਵਿਸ਼ਵ ਹਿੰਦੂ ਕਾਂਗਰਸ ਵਿਚ ਬੋਲਦੇ ਹੋਏ ਭਾਗਵਤ ਨੇ ਕਿਹਾ ਕਿ ਸਹਿਯੋਗ ਅਤੇ "ਏਕਤਾ" ਹਿੰਦੂ ਸਮਾਜ ਦੀ ਪ੍ਰਗਤੀ ਲਈ ਸਭ ਤੋਂ ਜ਼ਰੂਰੀ ਲੋੜ ਹੈ, ਭਾਗਵਤ ਨੇ ਮਹਾਭਾਰਤ ਦੀਆਂ ਕਹਾਣੀਆਂ ਦੀ ਵਰਤੋਂ ਕੀਤੀ। ਹਿੰਦੂਵਾਦ ਦਾ ਅਜੰਡਾ ਲੈ ਕੇ ਆਏ ਭਾਗਵਤ ਨੇ ਕਿਹਾ "ਸਾਡੇ ਮੁੱਲ" ਨੂੰ "ਸਰਵ ਵਿਆਪਕ ਮੁੱਲਾਂ, ਜਿਸਨੂੰ ਹੁਣ ਹਿੰਦੂ ਮੁੱਲ ਕਿਹਾ ਜਾ ਰਿਹਾ ਹੈ" ਬਣਾਇਆ ਹੈ, ਪਰ "ਅਸੀਂ ਇੱਕਠੇ ਕੰਮ ਨਹੀਂ ਕਰਦੇ" ਤੇ ਸਾਡੇ ਲਈ ਕੁਝ ਵੀ ਅਸੰਭਵ ਨਹੀਂ ਹੈ"।ਭਾਗਵਤ ਨੇ ਆਪਣੇ ਭਾਸ਼ਣ ਨੂੰ ਸੰਸਕ੍ਰਿਤ ਦੋਹਿਆਂ ਦੀਆਂ ਉਦਾਰਣਾ ਨਾਲ ਮਜਬੂਤ ਕਰਕੇ ਸੰਖੇਪ ਰੂਪ ਵਿੱਚ ਪੇਸ਼ ਕੀਤਾ, ਭਾਗਵਤ ਨੇ ਆਪਣੇ ਭਾਸ਼ਣ ਵਿੱਚ ਰਾਜਨੀਤੀ 'ਤੇ ਅਸਿੱਧੇ ਰੂਪ ਵਿੱਚ ਗੱਲ ਕੀਤੀ : "ਰਾਜਨੀਤੀ ਰਾਜਨੀਤੀ ਵਾਂਗ ਲੜੀ ਜਾਣੀ ਚਾਹੀਦੀ ਹੈ, ਪਰ ਇਹ ਆਪਣੇ ਆਪ ਨੂੰ ਬਦਲਣ ਤੋਂ ਬਗੈਰ ਹੋਵੇ।"

ਸਿਆਸੀ ਨਾਮ ਲੈਣ ਤੋਂ ਬਿਨਾਂ ਭਾਗਵਤ ਨੇ ਮਹਾਂਭਾਰਤ ਵਿਚ ਕ੍ਰਿਸ਼ਨਾ ਅਤੇ ਯੁਧਿਸ਼ਤਰਰਾ ਦੇ ਰਿਸ਼ਤੇ ਵਿਚ ਇਕੋ ਜਿਹੇ ਮੇਲ ਖਾਂਦੇ ਹੋਏ ਕਿਹਾ ਕਿ ਕਿਵੇਂ ਕ੍ਰਿਸ਼ਨਾ ਨੇ ਯੁਧਿਸ਼ਟਰਾ ਦਾ ਕਦੇ ਵੀ "ਵਿਰੋਧ" ਨਹੀਂ ਕੀਤਾ. ਉਨ੍ਹਾਂ ਨੇ ਕਿਹਾ, "ਜੋ ਲੋਕ ਮੇਰੀ ਰਾਏ ਨਾਲ ਸਹਿਮਤ ਨਹੀਂ ਹਨ ਉਹ ਬੇਵਕੂਫ ਨਹੀਂ ਹਨ, ਤੁਹਾਡੇ ਨਜ਼ਰੀਏ ਤੋਂ, ਤੁਸੀਂ ਸਹੀ ਹੋ ਤੇ ਸਭ ਦ੍ਰਿਸ਼ਟੀਕੋਣਾਂ ਨੂੰ ਇਕੱਠੇ ਕਰਕੇ ਚਲਣਾ ਹੀ "ਸ਼ਕਤੀਸ਼ਾਲੀ" ਹੈ। ਭਾਗਵਤ ਨੇ ਆਪਣੇ 40 ਮਿੰਟ ਦੇ ਭਾਸ਼ਣ ਨੂੰ ਭਾਗਵਤ ਗੀਤਾ ਦੇ ਸ਼ਲੋਕਾਂ ਨਾਲ ਸ਼ੁਰੂ ਕੀਤਾ ਤੇ ਕਿਹਾ "ਲਕਸ਼ ਤੁਹਾਡੇ ਯਤਨਾਂ ਦੇ ਅਨੁਸਾਰ ਹੋਵੇ, ਓਹੀ "ਕਦਰਾਂ ਕੀਮਤਾਂ ਹਨ, ਤੁਹਾਡੇ ਕਿਹੜੇ ਟੀਚੇ ਹਨ, ਇਸ ਨੂੰ ਕਦੇ ਭੁਲਾਇਆ ਨਹੀਂ ਜਾਣਾ ਚਾਹੀਦਾ ਹੈ," ।ਭਾਗਵਤ ਨੇ ਆਪਣੇ ਭਾਸ਼ਣ ਦੌਰਾਨ ਟੀਮ ਵਰਕ ਅਤੇ ਸਹਿਯੋਗੀ ਯਤਨਾਂ 'ਤੇ ਜ਼ੋਰ ਦਿੱਤਾ " ਤੇ ਹਿੰਦੂਆਂ ਦੇ ਆਪਸ ਵਿੱਚ ਇਕੱਠੇ ਹੋਣਾ ਇੱਕ ਮੁਸ਼ਕਲ ਕੰਮ ਹੈ, ਭਾਗਵਤ ਨੇ ਆਪਣੇ ਉਦਘਾਟਨੀ ਭਾਸ਼ਣ ਵਿੱਚ ਕਿਹਾ ਕਿ ਸਾਨੂੰ ਆਉਣ ਵਾਲੇ 20 ਸਾਲਾਂ ਲਈ ਸੋਚਣਾ




ਚਾਹੀਦਾ ਹੈ, ਸਾਨੂੰ ਸਾਰਿਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ ਤੇ ਅੱਜ ਦੇ ਲੋਕਾਂ ਨੂੰ ਸਾਡੀ ਸਿਆਣਪ ਦੀ ਸਖਤ ਲੋੜ ਹੈ। "ਭਾਗਵਤ ਨੇ ਹਿੰਦੂ ਸਮਾਜ ਦੇ ਰੁਤਬੇ ਦੀ ਤੁਲਨਾ ਮਹਾਂਭਾਰਤ ਦੇ ਇਕ ਸਹੀ ਸਮੇਂ ਨਾਲ ਕੀਤੀ ਜਦੋਂ ਪਾਂਡਵਾਂ ਨੇ ਅਚਾਨਕ ਆਪਣੀ ਕਿਸਮਤ ਨੂੰ ਜ਼ਮਾਇਆ। ਭਾਗਵਤ ਨੇ ਕਿਹਾ, "ਇਹ ਉਹ ਪਲ ਹੈ ਜਦੋਂ ਕਿਸਮਤ ਤੁਹਾਡੇ ਦੁਆਲੇ ਚੱਕਰ ਲਗਾਉਣ ਲਗਦੀ ਹੈ।

ਹਿੰਦੂ ਅਜੰਡੇ ਤਹਿਤ ਸੰਘਰਸ਼ ਲਈ ਮੰਗ ਦੁਹਰਾਉਂਦਿਆਂ ਆਰਐਸਐਸ ਮੁਖੀ ਨੇ ਕਿਹਾ ਕਿ ਹਿੰਦੂ ਸਮਾਜ ਦਾ ਵਿਕਾਸ ਅਤੇ ਖੁਸ਼ਹਾਲੀ ਤਾਂ ਹੀ ਹੋ ਸਕੇਗੀ ਜਦੋਂ ਅਸੀਂ ਸਮੂਹਕ ਤੌਰ 'ਤੇ ਕੰਮ ਕਰਾਂਗੇ ਅਤੇ ਕੁਝ ਸੰਸਥਾਵਾਂ ਜਾਂ ਪਾਰਟੀਆਂ ਇਕੱਲੇ ਕੰਮ ਨਹੀਂ ਕਰ ਸਕਦੀਆਂ। ਅੱਜ ਵਰਲਡ ਹਿੰਦੂ ਕਾਂਗਰਸ ਵਿੱਚ ਹੋਰ ਬੋਲਣ ਵਾਲਿਆਂ ਵਿੱਚ ਇਲਿਨੋਇਸ ਸਟੇਟ ਦੇ ਲੈਫਟੀਨੈਂਟ ਗਵਰਨਰ ਐਵਲਨ ਸੇਂਗੁਨਿਟਿ, ਐਸ ਪੀ ਕੋਠਾਰੀ, ਚੇਅਰਪਰਸਨ ਅਸ਼ਵਿਨ ਅਦੀਨ, ਸੂਰੀਨਾਮ ਉਪ ਪ੍ਰਧਾਨ ਅਤੇ ਰਾਜੂ ਰੈਡੀ, ਵਰਲਡ ਹਿੰਦੂ ਕਾਂਗਰਸਦੇ ਵਾਈਸ-ਚੇਅਰਮੈਨ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

# ਸ਼ਿਕਾਗੋ ਵਿਖੇ ਆਰ.ਐਸ.ਐਸ ਮੁਖੀ ਅਤੇ ਭਾਰਤ ਦੇ ਉੱਪ ਰਾਸ਼ਟਰਪਤੀ ਖਿਲਾਫ ਤਿੰਨੇ ਦਿਨ ਮੁਜ਼ਾਹਰੇ

## ਦਲਿਤਾਂ, ਈਸਾਈਆਂ ਅਤੇ ਮੁਸਲਮਾਨਾਂ ਨੇ ਵੀ ਸਿੱਖਾਂ ਨਾਲ ਰੋਸ ਵਿਖਾਵੇ ਵਿੱਚ ਕੀਤੀ ਸ਼ਮੂਲੀਅਤ

**ਸ਼ਿਕਾਗੋ, ਅਮਰੀਕਾ (ਹੁਸਨ ਲੜੋਆ ਬੰਗਾ)–** ਅਮਰੀਕਾ ਦੀ ਧਰਤੀ ਤੇ ਪਹੁੰਚੇ ਆਰ. ਐਸ. ਐਸ. ਮੁਖੀ ਮੋਹਨ ਭਾਗਵਤ ਅਤੇ ਭਾਰਤ ਦੇ ਉੱਪ ਰਾਸ਼ਟਰਪਤੀ ਵੈਂਕਈਆ ਨਾਇਡੂ ਦਾ ਤਿੰਨ ਦਿਨਾ 'ਵਿਸ਼ਵ ਹਿੰਦੂ ਕਾਂਗਰਸ' ਦੌਰਾਨ ਤਿੰਨੇ ਦਿਨ ਸਖਤ ਵਿਰੋਧ ਹੋਇਆ। ਜ਼ਿਕਰਯੋਗ ਹੈ ਕਿ ਸੁਆਮੀ ਵਿਵੇਕਾਨੰਦ ਵੱਲੋਂ 1893 ਵਿੱਚ "ਪਾਰਲੀਮੈਂਟ ਆਫ ਵਰਲਡ ਰਿਲਿਜਨਜ਼" ਵਿੱਚ ਦਿੱਤੀ ਗਈ ਤਕਰੀਰ ਦੀ 125ਵੀਂ ਯਾਦਗਾਰ ਮਨਾਉਣ ਦੀ ਆੜ ਵਿੱਚ ਆਰ.ਐਸ.ਐਸ ਵੱਲੋਂ ਸਥਾਨਕ ਵੈਸਟਿਨ ਹੋਟਲ ਵਿੱਚ 3 ਦਿਨਾ 'ਵਿਸ਼ਵ ਹਿੰਦੂ ਕਾਂਗਰਸ' ਕਰਵਾਈ ਗਈ ਜਿਸ ਵਿੱਚ ਭਾਰਤ ਦੇ ਉੱਪ ਰਾਸ਼ਟਰਪਤੀ ਅਤੇ ਆਰ.ਐਸ.ਐਸ ਮੁਖੀ ਸਮੇਤ ਹੋਰ ਹਿੰਦੁਤਵਾ ਵਿਚਾਰਧਾਰਾ ਨਾਲ ਸਬੰਧਤ ਆਗੂਆਂ ਨੇ ਸ਼ਮੂਲੀਅਤ ਕੀਤੀ। ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਦੀ ਅਗਵਾਈ ਵਿੱਚ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਅਤੇ ਗੁਰਦਵਾਰਾ ਕਮੇਟੀਆਂ ਨੇ ਆਰ.ਐਸ.ਐਸ ਦੇ ਹਿੰਦੂਤਵੀ ਏਜੰਡੇ ਖਿਲਾਫ ਵੈਸਟਿਨ ਹੋਟਲ ਬਾਹਰ ਤਿੰਨੋਂ ਦਿਨ ਜ਼ੋਰਦਾਰ ਰੋਸ ਵਿਖਾਵਾ ਕੀਤਾ। ਇਸ ਵਿਰੋਧ ਪ੍ਰਦਰਸ਼ਨ ਵਿੱਚ ਦਲਿਤਾਂ, ਮੁਸਲਮਾਨਾਂ, ਈਸਾਈਆਂ ਅਤੇ ਹੋਰ ਘੱਟਗਿਣਤੀਆਂ ਸਮੇਤ ਇੰਡੀਆਨਾ, ਓਹਾਇਓ, ਇਲੀਨੋਇਸ, ਵਰਜੀਨੀਆ, ਕੈਲੀਫੋਰਨੀਆ, ਨਿਊ ਜਰਸੀ, ਨਿਊ ਯਾਰਕ ਤੋਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਿੱਖ ਜਥੇਬੰਦੀਆਂ ਇਸ ਗੱਲ ਤੇ ਖਾਸਾ ਨਰਾਜ਼ ਸਨ ਕਿ ਆਰ.ਐਸ.ਐਸ ਵੱਲੋਂ ਐਲਾਨੀਆ ਤੌਰ ਤੇ ਸਮੂਹ ਘੱਟਗਿਣਤੀਆਂ ਨੂੰ ਹਿੰਦੂ ਬਣਾਉਣ ਦੇ ਏਜੰਡੇ ਤੇ ਕੰਮ ਕੀਤਾ ਜਾ ਰਿਹਾ ਹੈ। ਹਿੰਦੂਤਵੀ ਆਗੂਆਂ ਵੱਲੋਂ ਸਿੱਖ ਗੁਰੂ ਸਾਹਿਬਾਨਾਂ ਨੂੰ ਭਾਰਤ ਦੇ ਨਾਇਕ ਵਜੋਂ ਪੇਸ਼ ਕਰਨ, ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਨਵੀਆਂ ਕਿਤਾਬਾਂ ਛਾਪਣ ਅਤੇ ਸਿੱਖ ਸਿਧਾਂਤਾਂ ਤੇ ਸਿੱਧੇ ਅਸਿੱਧੇ ਢੰਗ ਨਾਲ ਹਮਲੇ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸੈਂਕੜਿਆਂ ਦੀ ਤਾਦਾਦ ਵਿੱਚ ਇਕੱਠੇ ਹੋਏ ਵਿਖਾਵਾਕਾਰੀਆਂ ਨੇ ਇੱਕ ਆਵਾਜ਼ ਵਿੱਚ, 'ਮੋਹਨ ਭਾਗਵਤ ਗੋ ਬੈਕ', 'ਘੱਟਗਿਣਤੀ ਵਿਰੋਧੀ ਹੈ ਆਰ.ਐਸ.ਐਸ', 'ਹੂ ਇਜ਼ ਦ ਕਿਲਰ- ਆਰ.ਐਸ.ਐਸ', 'ਸਿੱਖ ਕੀ ਚਾਹੁੰਦੇ- ਆਜ਼ਾਦੀ', ਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਵੀ ਮਾਰੇ ਗਏ






ਵਿਖਾਵਾਕਾਰੀਆਂ ਨੂੰ ਸੰਬੋਧਨ ਕਰਦਿਆਂ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਕਿਹਾ ਕਿ ਮੋਹਨ ਭਾਗਵਤ ਵੱਲੋਂ ਸ਼ਰੇਆਮ ਕਿਹਾ ਗਿਆ ਹੈ ਕਿ ਉਹ 2023 ਤੱਕ ਭਾਰਤ ਵਿੱਚ ਸਭ ਨੂੰ ਹਿੰਦੂ ਬਣਾ ਦੇਣਗੇ ਅਤੇ ਮੋਦੀ ਸਰਕਾਰ ਵੱਲੋਂ ਇਸੇ ਨੀਤੀ ਤੇ ਕੰਮ ਕੀਤਾ ਜਾ ਰਿਹਾ ਹੈ। ਇਸਾਈ ਆਗੂ ਪੀਟਰ ਨੇ ਕਿਹਾ ਕਿ ਜਿਵੇਂ ਅਮਰੀਕਾ ਵਿੱਚ ਕੇ. ਕੇ. ਕੇ ਫਿਰਕੂ ਨਫਰਤ ਫੈਲਾ ਰਹੀ ਹੈ ਓਵੇਂ ਹੀ ਆਰ. ਐਸ. ਐਸ ਭਾਰਤ ਵਿੱਚ ਨਫਰਤ ਫੈਲਾ ਰਹੀ ਹੈ, ਇਹਨਾਂ ਇਨਸਾਨੀਅਤ ਵਿਰੋਧੀ ਲੋਕਾਂ ਦਾ ਅਸੀਂ ਅਮਰੀਕਾ ਵਿੱਚ ਐਵੇਂ ਹੀ ਵਿਰੋਧ ਕਰਕੇ ਸੁਆਗਤ ਕਰਾਂਗੇ। ਮੁਸਲਮਾਨ ਆਗੂਆਂ ਨੇ ਕਿਹਾ ਕਿ ਉਹ ਕਸ਼ਮੀਰ ਦੇ ਨਾਲ ਨਾਲ ਸਿੱਖਾਂ ਦੀ ਆਜ਼ਾਦੀ ਦੀ ਪੂਰਨ ਹਮਾਇਤ ਕਰਦੇ ਹਨ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸ. ਨਰਿੰਦਰ ਸਿੰਘ ਨੇ ਕਿਹਾ ਕਿ ਹਿਟਲਰ ਦੀ ਤਰਜ 'ਤੇ ਚੱਲ ਰਹੀ ਮੋਦੀ ਹੁਕੂਮਤ ਜਿਸਨੂੰ ਜਨਮ ਦੇਣ ਵਾਲੀ ਆਰ. ਐਸ. ਐਸ ਹੈ, ਇਸਦਾ ਹਰ ਕਦਮ ਤੇ ਸਿਖਾਂ ਵੱਲੋਂ ਵਿਰੋਧ ਕੀਤਾ ਜਾਵੇਗਾ ਅਤੇ ਹਿੰਦੂਤਵੀਆਂ ਦਾ ਘੱਟਗਿਣਤੀ ਵਿਰੋਧੀ ਚਿਹਰਾ ਦੁਨੀਆ ਸਾਹਮਣੇ ਲਿਆਂਦਾ ਜਾਵੇਗਾ। ਕੌਂਸਲ ਆਫ ਖਾਲਿਸਤਾਨ ਦੇ ਪ੍ਰਧਾਨ ਡਾ. ਬਖਸ਼ਿਸ਼ ਸਿੰਘ ਸੰਧੂ ਨੇ ਕਿਹਾ ਕਿ ਜਦੋਂ ਤੱਕ ਸਿੱਖ ਕੌਮ ਆਜ਼ਾਦ ਨਹੀਂ ਹੁੰਦੀ, ਓਦੋਂ ਤੱਕ ਸਿੱਖ ਅਤੇ ਪੰਜਾਬ ਦੇ ਮਸਲਿਆਂ ਦਾ ਹੱਲ ਨਹੀਂ ਹੋ ਸਕਦਾ। ਉਹਨਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਸਿੱਖਸ ਫ਼ਾਰ ਜਸਟਿਸ ਵੱਲੋਂ ਵਿੱਢੇ ਆਜ਼ਾਦੀ ਸੰਘਰਸ਼ '2020 ਰਿਫਰੈਂਡਮ' ਦਾ ਖੁੱਲੀਆਂ ਬਾਹਵਾਂ ਨਾਲ ਸਾਥ ਦਿੱਤਾ ਜਾਵੇ ਲ ਸੰਬੋਧਨ ਕਰਨ ਵਾਲਿਆਂ ਵਿੱਚ ਆਰਗੇਨ- ਾਈਜੇਸ਼ਨਜ਼ ਫ਼ਾਰ ਮਾਈਨੋਰਿਟੀਜ਼ ਆਫ ਇੰਡੀਆ, ਅਲਾਇੰਸ ਫ਼ਾਰ ਜਸਟਿਸ ਐਂਡ ਅਕਾਊਂਟੀਬਿਲਿਟੀ, ਸ਼ਿਕਾਗੋ ਦੇਸੀ ਯੂਥ ਰਾਈਜ਼ਿੰਗ, ਸ਼ਿਕਾਗੋ ਸਾਊਥ ਏਸ਼ੀਅਨਜ਼ ਫ਼ਾਰ ਜਸਟਿਸ, ਇੰਡਿਯਨ ਅਮਰੀਕਨ ਮੁਸਲਿਮ ਕੌਂਸਿਲ, ਸਿੱਖ ਇੰ- ਫੋਰਮਤੀਓ ਸੈਂਟਰ (ਸਟੌਕਟਨ) ਸਿੱਖ ਯੂਥ ਆਫ ਅਮਰੀਕਾ, ਗੁਰਦਵਾਰਾ ਸਿੱਖ ਸੋਸਾਇਟੀ (ਪੈਲਿਨਟਾਈਨ), ਗੁਰਦਵਾਰਾ ਸਿੱਖ ਸੋਸਾਇਟੀ ਆਫ ਇੰਡੀਆਨਾ, ਗੁਰਦਵਾਰਾ ਗਰੀਨਵੁੱਡ ਇੰਡੀਆਨਾ, ਅਕਾਲੀ ਦਲ ਅੰਮ੍ਰਿਤਸਰ, ਸਿਖਸ ਫ਼ਾਰ ਜਸਟਿਸ ਦੇ ਨੁਮਾਇੰਦਿਆਂ ਦੇ ਨਾਮ ਵੀ ਸ਼ਾਮਿਲ ਹਨ।

# ਸੁਖਦੇਵ ਸਿੰਘ ਭੌਰ ਦੀ ਗ੍ਰਿਫ਼ਤਾਰੀ ਪਿੱਛੇ ਇਹ ਰਿਹਾ ਕਾਰਨ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਪੰਥਕ ਫਰੰਟ ਦੇ ਕਨਵੀਨਰ ਸੁਖਦੇਵ ਸਿੰਘ ਭੌਰ ਨੂੰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

ਸੁਖਦੇਵ ਸਿੰਘ ਭੌਰ ਦੀ ਗ੍ਰਿਫ਼ਤਾਰੀ ਨਵਾਂਸ਼ਹਿਰ ਅਤੇ ਮੁਹਾਲੀ ਪੁਲਿਸ ਵੱਲੋਂ ਕੀਤੀ ਗਈ ਹੈ। ਸੁਖਦੇਵ ਸਿੰਘ ਭੌਰ 'ਤੇ ਇਲਜ਼ਾਮ ਹਨ ਕਿ ਉਨ੍ਹਾਂ ਨੇ ਬਰਗਾੜੀ ਮੋਰਚੇ ਦੌਰਾਨ ਸੱਚਖੰਡ ਡੇਰਾ ਬੱਲਾਂ ਦੇ ਉਪ ਮੁਖੀ ਸੰਤ ਰਾਮਾਨੰਦ ਬਾਰੇ ਇਤਰਾਜ਼ਯੋਗ ਸ਼ਬਦਾਂ ਦਾ ਇਸਤੇਮਾਲ ਕੀਤਾ ਸੀ।

ਡੀਆਈਜੀ ਲੁਧਿਆਣਾ ਰੇਂਜ ਰਣਬੀਰ ਸਿੰਘ ਖਟੜਾ ਨੇ ਸੁਖਦੇਵ ਸਿੰਘ ਭੌਰ ਨੂੰ ਗ੍ਰਿਫ਼ਤਾਰ ਕਰਨ ਦੀ ਪੁਸ਼ਟੀ ਕੀਤੀ ਹੈ। ਪੁਲਿਸ ਕੋਲ ਕੀਤੀ ਸ਼ਿਕਾਇਤ ਵਿੱਚ ਕਿਹਾ ਗਿਆ, "ਸੁਖਦੇਵ ਸਿੰਘ ਭੌਰ ਨੇ ਸ੍ਰੀ 108 ਸੰਤ ਰਾਮਾਨੰਦ ਜੀ ਮਹਾਰਾਜ ਡੇਰਾ ਸੱਚਖੰਡ ਬੱਲਾਂ ਬਾਰੇ ਬਹੁਤ ਹੀ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਇਸ ਸ਼ਬਦਾਵਲੀ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਧੁਰ ਅੰਦਰ ਤੱਕ ਠੇਸ ਪਹੁੰਚੀ ਹੈ। ਸਮੁੱਚੀ ਕੌਮ ਇਸ 'ਤੇ ਆਹਤ ਹੈ।"

ਰਵੀਦਾਸੀਏ ਭਾਈਚਾਰੇ ਵੱਲੋਂ ਸੁਖਦੇਵ ਸਿੰਘ ਭੌਰ ਖਿਲਾਫ ਰੋਸ ਮੁਜ਼ਾਹਰਾ ਵੀ ਕੀਤਾ। ਭਾਈਚਾਰੇ ਵੱਲੋਂ ਸੁਖਦੇਵ ਸਿੰਘ ਭੌਰ ਖਿਲਾਫ਼ ਸਖ਼ਤ



ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਸੰਤ ਰਾਮਾਨੰਦ ਜੀ ਦਾ ਵਿਆਨਾ 'ਚ ਮਈ 2009 ਵਿਚ ਕਤਲ ਕਰ ਦਿੱਤਾ ਗਿਆ ਸੀ।

ਸੁਖਦੇਵ ਸਿੰਘ ਭੌਰ ਬਰਗਾੜੀ ਮੋਰਚੇ ਵਿਚ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣ ਲਈ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਬਾਰੇ ਬੋਲ ਰਹੇ ਸਨ ਤਾਂ ਇਸੇ ਭਾਸ਼ਣ ਦੌਰਾਨ ਉਨ੍ਹਾਂ ਨੇ ਸੱਚਖੰਡ ਡੇਰਾ ਬੱਲਾਂ ਦੇ ਉਪ ਮੁਖੀ ਸੰਤ ਰਾਮਾਨੰਦ ਬਾਰੇ ਇਤਰਾਜ਼ਯੋਗ ਬੋਲਿਆ ਸੀ।

ਸੁਖਦੇਵ ਸਿੰਘ ਭੌਰ ਐਸਜੀਪੀਸੀ ਦੇ ਕਾਰਜਕਾਰੀ ਪ੍ਰਧਾਨ ਰਹਿ ਚੁੱਕੇ ਹਨ ਤੇ ਹੁਣ ਵੀ ਉਹ ਐਸਜੀਪੀਸੀ ਦੇ ਮੈਂਬਰ ਹਨ। ਉਨ੍ਹਾਂ ਨੇ ਸਾਲ 2015 ਵਿੱਚ ਬਹਿਬਲ ਕਲਾਂ ਦੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫਾ ਦਿੱਤਾ ਸੀ। ਉਨ੍ਹਾਂ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ ਸੀ।

ਸ਼੍ਰੋਮਣੀ ਅਕਾਲੀ ਦਲ ਛੱਡਣ ਤੋਂ ਬਾਅਦ ਸੁਖਦੇਵ ਸਿੰਘ ਭੌਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਤੋਂ ਬਾਅਦ ਉਨ੍ਹਾਂ ਨੇ ਆਪ ਦੀ ਕੇਂਦਰੀ ਲੀਡਰਸ਼ਿੱਪ ਦੀਆਂ ਨੀਤੀਆਂ ਤੋਂ ਨਾਖੁਸ਼ ਹੋ ਕੇ ਪਾਰਟੀ ਛੱਡ ਦਿੱਤੀ ਸੀ।

**-ਪਾਲ ਸਿੰਘ ਨੌਲੀ**

# ਕੇਂਦਰ ਸਰਕਾਰ ਦੁਆਰਾ ਤੇਲ ਕੀਮਤਾਂ ਨੂੰ ਕਾਬੂ ਹੇਠ ਨਾ ਲਿਆਉਣਾ ਲੋਕਾਂ ਨਾਲ ਵਾਅਦਾ ਖਿਲਾਫੀ : ਰਾਜੂ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਅੱਜ ਦੇਸ਼ ਵਿੱਚ ਤੇਲ ਕੀਮਤਾਂ 'ਚ ਹੋਏ ਬੇਤਹਾਸੇ ਵਾਧੇ ਦੀ ਨਿੰਦਾ ਕਰਦਿਆਂ ਇਸਨੂੰ ਜਨਤਾ ਨਾਲ ਧੋਖਾ ਕਿਹਾ। ਉਹਨਾਂ ਕਿਹਾ ਕੇਂਦਰ ਦੀ ਸੱਤਾ ਪ੍ਰਾਪਤੀ ਲਈ ਮੋਦੀ ਸਰਕਾਰ ਨੇ ਲੋਕਾਂ ਨਾਲ ਬਹੁਤ ਸਾਰੇ ਚੋਣਾਂਵੀ ਵਾਅਦੇ ਕੀਤੇ ਜਿਹਨਾਂ ਵਿੱਚੋਂ ਤੇਲ ਕੀਮਤਾਂ ਨੂੰ ਨਿਯੰਤਰਣ ਰੇਟ ਤੇ ਦੇਣਾ ਵੀ ਇੱਕ ਵਾਅਦਾ ਸੀ। ਪਰ ਜੇਕਰ ਅੱਜ ਤੇਲ ਕੀਮਤਾਂ (ਪੈਟਰੋਲ ਅਤੇ ਡੀਜਲ) ਤੇ ਨਜਰ ਮਾਰੀਏ ਤਾਂ ਏਹ ਹੁਣ ਤੱਕ ਦੀ ਸੱਭ ਤੋਂ ਉੱਚੀ ਸੀਮਾਂ ਤੇ ਪਹੁੰਚੀਆਂ ਹਨ। ਸ੍ਰੀ ਰਾਜੂ ਨੇ ਕਿਹਾ ਕਿ ਤੇਲ ਕੀਮਤਾਂ ਵਿੱਚ ਹੋਏ ਵਾਧੇ ਨੇ ਗਰੀਬਾਂ ਉੱਤੇ ਹੀ ਨਹੀ ਬਲਕਿ ਅਮੀਰਾਂ ਉੱਤੇ ਵੀ ਸਿੱਧਾ ਅਸਰ ਪਾਇਆ ਹੈ। ਤੇਲ ਕੀਮਤਾਂ ਦੇ ਵਾਧੇ ਨਾਲ ਹੀ ਬਜਾਰ ਦਾ ਸਿੱਧਾ ਸਬੰਧ ਹੋਣ ਕਾਰਨ ਹਰ ਚੀਜ ਦੀ ਕੀਮਤ ਵਧ ਰਹੀ ਹੈ। ਸ੍ਰੀ ਰਾਜੂ ਨੇ ਕਿਹਾ ਕਿ ਆਮ ਵਿਆਕਤੀ ਆਪਣਾ ਕਾਰੋਬਾਰ ਤਾਂ ਕੀ ਆਪਣਾ ਦੋ ਪਹੀਆ ਵਾਹਨ ਚਲਾਉਣ ਤੋਂ ਵੀ ਅਸਮੱਰਥ ਹੋ ਗਿਆ ਹੈ। ਕਿਸਾਨ ਨੂੰ ਇਸ ਮੌਕੇ ਝੋਨੇ ਲਈ ਡੀਜਲ ਦੀ ਜਰੂਰਤ ਹੈ ਅਤੇ ਉਸਦੇ ਮਹਿੰਗਾ ਹੋਣ ਕਾਰਨ ਤੇਲ ਦੀਆਂ ਕੀਮਤਾਂ ਦਾ ਫਸਲਾਂ ਦੀ ਲਾਗਤ ਮੁੱਲ ਤੇ ਵੀ ਸਿੱਧਾ ਅਸਰ ਪਵੇਗਾ। ਸ੍ਰੀ ਰਾਜੂ ਨੇ ਕਿਹਾ ਕਿ ਜੇਕਰ ਅੰਤਰਰਾਸ਼ਟਰੀ ਪੱਧਰ



ਤੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੁੰਦਾ ਤਾਂ ਉਸ ਨੂੰ ਕਿਸੇ ਹੱਦ ਤੱਕ ਸਵੀਕਾਰ ਕੀਤਾ ਜਾ ਸਕਦਾ ਸੀ ਪਰ ਏਥੇ ਤਾਂ ਸੱਭ ਕੁਝ ਉਲਟ ਹੋ ਰਿਹਾ ਹੈ।

ਅੰਤਰਰਾਸ਼ਟਰੀ ਪੱਧਰ ਤੇ ਤੇਲ ਦੀਆਂ ਕੀਮਤਾਂ ਦੇ ਮੁਕਾਬਲੇ ਮੋਦੀ ਸਰਕਾਰ ਨੇ ਆਪਣੀਆਂ ਤਿਜੋਰੀਆਂ ਭਰਨ ਲਈ ਆਪਣੀ ਮਰਜੀ ਦੇ ਰੇਟ ਵਧਾਏ ਹੋਏ ਹਨ ਜੋ ਬਰਦਾਸ਼ਤ ਤੋਂ ਬਾਹਰ ਦੀ ਗੱਲ ਹੈ। ਉਹਨਾਂ ਕਿਹਾ ਮੀਡੀਆ 'ਚ ਆਈਆਂ ਸੁਰਖੀਆਂ 'ਚ ਆਰ ਟੀ ਆਈ ਐਕਟ ਰਾਹੀਂ ਜੋ ਜਾਣਕਾਰੀ ਮਿਲੀ ਕਿ ਭਾਰਤ 15 ਦੇਸ਼ਾਂ ਪੈਟਰੋਲ 34 ਰੁਪਏ ਪ੍ਰਤੀ ਲੀਟਰ ਅਤੇ 29 ਦੇਸ਼ਾਂ ਨੂੰ ਡੀਜਲ 37 ਰੁਪਏ ਪ੍ਰਤੀ ਲੀਟਰ ਵੇਚ ਰਿਹਾ ਹੈ ਜੋ ਮੋਦੀ ਸਰਕਾਰ ਵੱਲੋਂ ਉਹਨਾਂ ਲੋਕਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ ਜਿਹਨਾਂ ਬੜੀਆਂ ਆਸ਼ਾਂ ਨਾਲ ਆਪਣੇ ਮੱਤ ਦਾ ਦਾਨ ਕਰਕੇ ਇਸ ਸਰਕਾਰ ਨੂੰ ਸੱਤਾ ਵਿੱਚ ਲਿਆਂਦਾ ਹੈ।

ਸ੍ਰੀ ਰਾਜੂ ਨੇ ਕਿਹਾ ਕਿ ਭਾਜਪਾ ਨੂੰ ਵੋਟ ਦੇ ਕੇ ਸੱਤਾ ਵਿੱਚ ਲਿਆਉਣ ਵਾਲੇ ਲੋਕ ਵਾਅਦਾ ਖਿਲਾਫੀ ਕਰਨ ਵਾਲੀ ਇਸ ਸਰਕਾਰ ਤੋਂ ਜਵਾਬ ਜਰੂਰ ਮੰਗਣ। ਸ੍ਰੀ ਰਾਜੂ ਨੇ ਕਿਹਾ ਕਿ ਜੇਕਰ ਭਾਜਪਾ ਨੇ ਤੇਲ ਕੀਮਤਾਂ ਨੂੰ ਨਾ ਘਟਾਇਆ ਤਾਂ ਬਸਪਾ ਸੂਬਾ ਪੱਧਰੀ ਸੰਘਰਸ਼ ਸੂਰੂ ਕਰੇਗੀ।

# ਕਾਰਲ ਮਾਰਕਸ ਨੂੰ ਸਮਰਪਤ ਹੋਏਗਾ: ਮੇਲਾ ਗ਼ਦਰੀ ਬਾਬਿਆਂ ਦਾ

## 30, 31 ਅਕਤੂਬਰ ਅਤੇ 1 ਨਵੰਬਰ ਤਿੰਨ ਰੋਜ਼ਾ ਹੋਏਗਾ ਮੇਲਾ

**ਜਲੰਧਰ–** ਸੰਸਾਰ ਭਰ ਦੀ ਕਿਰਤੀ ਜਮਾਤ ਦੀ ਮੁਕਤੀ ਦੇ ਮਾਰਕ ਦਰਸ਼ਕ ਮਹਾਂ ਦਾਰਸ਼ਨਿਕ, ਕਾਰਲ ਮਾਰਕਸ ਦੀ 200 ਸਾਲਾਂ (5 ਮਈ 1818–2018) ਜਨਮ ਸ਼ਤਾਬਦੀ ਨੂੰ ਸਮ-ਰਪਿਤ ਹੋਏਗਾ 30 ਅਕਤੂਬਰ ਤੋਂ ਸ਼ੁਰੂ ਹੋ ਕੇ 2 ਨਵੰਬਰ ਸਰਘੀ ਵੇਲੇ ਤੱਕ ਚੱਲਣ ਵਾਲਾ ਤਿੰਨ ਰੋਜ਼ਾ 27ਵਾਂ ਮੇਲਾ ਗ਼ਦਰੀ ਬਾਬਿਆਂ ਦਾ।

ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ਹੇਠ ਹੋਈ ਜਨਰਲ ਬਾਡੀ ਦੀ ਸਲਾਨਾ ਮੀਟਿੰਗ 'ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 30 ਅਕਤੂਬਰ ਸਵੇਰੇ 10 ਵਜੇ ਸ਼ਮਾਂ ਰੌਸ਼ਨ ਕਰਨ ਨਾਲ ਮੇਲੇ ਦਾ ਜੋਸ਼-ਖਰੋਸ਼ ਨਾਲ ਆਗਾਜ਼ ਹੋਏਗਾ।

ਅੱਜ ਦੀ ਮੀਟਿੰਗ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਅਤੇ ਸਾਬਕਾ ਜਨਰਲ ਸਕੱਤਰ ਗੰਧਰਵ ਸੈਨ ਕੋਛੜ ਦੇ ਸਦੀਵੀ ਵਿਛੋੜੇ 'ਤੇ ਖੜੇ ਹੋ ਕੇ ਭਾਵ-ਭਿੰਨੀ ਸ਼ਰਧਾਂਜ਼ਲੀ ਦੇ ਕੇ ਹੋਇਆ।

ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਗੰਧਰਵ ਸੈਨ ਕੋਛੜ ਦੇ ਜੀਵਨ ਤੋਂ ਪ੍ਰੇਰਨਾ ਲੈਂਦਿਆਂ ਉਹਨਾਂ ਵੱਲੋਂ ਬੁਲੰਦ ਕੀਤੀਆਂ ਦੇਸ਼ ਭਗਤ ਹਾਲ ਦੀਆਂ ਸ਼ਾਨਦਾਰ ਪ੍ਰੰਪਰਾ ਨੂੰ ਅੱਗੇ ਤੋਰਨ ਦੀ ਅਪੀਲ ਕੀਤੀ।

30 ਅਕਤੂਬਰ ਨੂੰ ਪਹਿਲੇ ਦਿਨ ਗਾਇਨ ਅਤੇ ਭਾਸ਼ਣ ਮੁਕਾਬਲੇ ਹੋਣਗੇ। ਦੂਜੇ ਦਿਨ 31 ਅਕਤੂਬਰ ਨੂੰ ਕਾਰਲ ਮਾਰਕਸ ਦੇ ਜੀਵਨ ਅਤੇ ਸੰਗਰਾਮ ਸਬੰਧੀ ਕਮੇਟੀ ਦੇ ਮੈਂਬਰ ਹਰਵਿੰਦਰ ਭੰਡਾਲ ਦੁਆਰਾ ਲਿਖੀ ਜਾ ਰਹੀ ਪੁਸਤਕ 'ਕਾਰਲ ਮਾਰਕਸ: ਵਿਅਕਤੀ, ਯੁੱਗ ਅਤੇ ਸਿਧਾਂਤ' ਉਪਰ ਕੁਇਜ਼ ਮੁਕਾਬਲਾ ਹੋਏਗਾ। ਇਸ ਰੋਜ਼ ਹੀ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਲੜਕੀਆਂ/ਲੜਕਿਆਂ ਦੇ ਗਰੁੱਪ ਚਿੱਤਰਕਲਾ ਮੁਕਾ-ਬਲੇ 'ਚ ਭਾਗ ਲੈਣਗੇ। ਸ਼ਾਮ 4 ਵਜੇ ਕਵੀ ਦਰਬਾਰ ਅਤੇ ਰਾਤ ਨੂੰ ਦਸਤਾਵੇਜ਼ੀ ਫ਼ਿਲਮ ਅਤੇ ਵੰਨ-ਸੁਵੰਨੀਆਂ ਕਲਾ ਕਿਰਤਾਂ ਪੇਸ਼ ਹੋਣਗੀਆਂ।

ਪਹਿਲੀ ਨਵੰਬਰ ਸਵੇਰੇ ਠੀਕ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ ਅਦਾ ਕਰਨਗੇ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ 'ਜੀ ਆਇਆਂ ਨੂੰ' ਕਹਿਣਗੇ। ਇਸ ਮੌਕੇ ਹੀ ਕਾਵਿ-ਨਾਟ ਰੂਪੀ, ਅਮੋਲਕ ਸਿੰਘ ਦਾ ਲਿਖਿਆ ਝੰਡੇ ਦਾ ਗੀਤ ਹੋਏਗਾ।

ਪਹਿਲੀ ਨਵੰਬਰ ਮੇਲੇ ਦੇ ਸਿਖਰਲੇ ਦਿਨ ਖੌਫ਼ ਦੇ ਅਜੋਕੇ ਦੌਰ ਅੰਦਰ ਵਿਚਾਰਾਂ ਦੇ ਪ੍ਰਗਟਾਵੇਂ ਦੀ ਆਜ਼ਾਦੀ ਉਪਰ ਬੋਲੇ ਜਾ ਰਹੇ ਵਿਆਪਕ ਹੱਲੇ ਨੂੰ ਨਾਮਵਰ ਵਕਤਾ ਸੰਬੋਧਿਤ ਹੋਣਗੇ।

ਸਾਰਾ ਦਿਨ ਗੀਤ-ਸੰਗੀਤ, ਲਘੂ ਨਾਟਕ ਹੋਣਗੇ। ਬਾਅਦ ਦੁਪਹਿਰ ਠੀਕ 4:00 ਵਜੇ 'ਕਾਰਲ ਮਾਰਕਸ ਦੀ ਬਹੁ-ਪੱਖੀ ਅਮਿੱਟ ਦੇਣ' ਉਪਰ ਵਿਚਾਰ-ਚਰਚਾ ਹੋਏਗੀ। ਪਹਿਲੀ ਨਵੰਬਰ ਦੀ ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਰਾਤ ਹੋਏਗੀ। ਇਸ ਰਾਤ ਮੁਲਕ ਅੰਦਰ ਭਖ਼ਦੇ ਮਸਲਿਆਂ ਦੇ ਵਿਸ਼ਾ ਵਸਤੂ ਨੂੰ ਆਪਣੇ ਕਲਾਵੇ ਅੰਦਰ ਲੈਣਗੇ ਨਾਟਕ, ਕੋਰਿਓਗ੍ਰਾਫ਼ੀਆਂ ਅਤੇ ਗੀਤ-ਸੰਗੀਤ। ਮੇਲੇ ਵਿੱਚ ਆਪਣੇ ਆਪ 'ਚ ਇੱਕ ਨਿਵੇਕਲਾ ਖਿੱਚ ਭਰਪੂਰ ਮੇਲਾ ਹੋਏਗਾ, ਪੁਸਤਕ ਮੇਲਾ।


ਵਰਨਣਯੋਗ ਹੈ ਕਿ ਦੇਸ਼ ਭਗਤ ਯਾਦਗਾਰ ਕਮੇਟੀ ਨੇ ਪੰਜਾਬ ਦੀਆਂ ਸਮੂਹ ਰੰਗ ਮੰਚ, ਸੰਗੀਤ ਟੋਲੀਆਂ ਨੂੰ ਵਿਸ਼ੇਸ਼ ਕਰਕੇ ਜਲੰਧਰ ਸ਼ਹਿਰ, ਇਰਦ ਗਿਰਦ ਅਤੇ ਪੂਰੇ ਪੰਜਾਬ ਭਰ ਵਿੱਚ ਅੱਜ ਤੋਂ ਹੀ ਗ਼ਦਰੀ ਮੇਲੇ ਦੀ ਸਫ਼ਲਤਾ ਲਈ ਜ਼ੋਰਦਾਰ ਮੁਹਿੰਮ ਚਲਾਉਣ ਲਈ ਸਮੂਹ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਅਪੀਲ ਕੀਤੀ ਹੈ।

ਕਮੇਟੀ ਨੇ ਗ਼ਦਰੀ ਦੇਸ਼ ਭਗਤਾਂ ਦੇ ਪਿੰਡਾਂ, ਲੋਕ-ਜੱਥੇਬੰਦੀਆਂ ਅਤੇ ਸਮਾਜ-ਸੇਵੀ ਸੰਸਥਾਵਾਂ ਨੂੰ ਮੇਲੇ ਦੇ ਲੰਗਰ 'ਚ ਰਾਸ਼ਨ ਅਤੇ ਆਰਥਕ ਪੱਖੋਂ ਯੋਗਦਾਨ ਪਾਉਣ ਦੀ ਵੀ ਅਪੀਲ ਕੀਤੀ ਹੈ।

## 'ਰੰਗ ਪੰਜਾਬ ਦੇ' ਟੀ ਵੀ ਪ੍ਰੋਗਰਾਮ ਵਿੱਚ ਗਾਇਕ ਸੁੱਚੇ-ਜੈਲੇ ਦੀ ਧਮਾਲ



**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਨਿਊਜ਼ ਨੰਬਰ ਡੌਟ ਕਾਮ ਟੀ ਵੀ ਚੈਨਲ ਜਲੰਧਰ ਵੱਲੋਂ ਪ੍ਰਸਾਰਿਤ ਪ੍ਰੋਗਾਰਮ 'ਰੰਗ ਪੰਜਾਬ ਦੇ' ਵਿੱਚ ਇਸ ਵਾਰ ਸੂਫੀ ਗਾਇਕ ਸੁੱਚੇ-ਜੈਲੇ ਸ਼ੇਖੂਪੁਰੀਏ ਨੇ ਸ਼ਿਰਕਤ ਕੀਤੀ ਜਿਸ ਵਿੱਚ ਉਨਾਂ ਆਪਣੀ ਗਾਇਕੀ ਨਾਲ ਖੂਬ ਰੰਗ ਬੰਨਿਆ। ਐਂਕਰ ਤਰੁਣ ਨਈਅਰ ਅਤੇ ਐਂਕਰ ਨਵਿਆਂ ਬੈਰੀ ਨੇ ਪ੍ਰੋਗਰਾਮ ਨੂੰ ਬਾਖੂਬੀ ਨਿਭਾਇਆ। ਕੈਮਰਾਮੈਨ ਮੁਨੀਸ਼ ਅਤੇ ਮੋਨੂੰ ਨੇ ਵੀ ਆਪਣਾ ਕਾਰਜ ਬਹੁਤ ਵਧੀਆ ਢੰਗ ਨਾਲ ਨੇਪਰੇ ਚਾੜਿਆ। ਕੀਬੋਰਡ-ਮਾਸਟਰ ਸੋਨੂੰ, ਢੋਲਕ ਮਾਸਟਰ ਸੰਜੂ ਅਤੇ ਮੰਗਾ ਨੇ ਸੰਗੀਤ ਅਤੇ ਅਵਾਜ਼ ਦਾ ਖੂਬ ਤਾਲਮੇਲ ਬਣਾਈ ਰੱਖਿਆ। ਨਿਊਜ਼ ਨੰਬਰ ਡੌਟ ਕਾਮ ਵੱਲੋਂ ਗੱਲਬਾਤ ਕਰਦਿਆਂ ਐਂਕਰ ਨਵਿਆ ਬੈਰੀ ਨੇ ਦੱਸਿਆ ਕਿ ਚੈਨਲ ਪਿਛਲੇ ਦੋ ਸਾਲਾਂ ਤੋਂ ਪੰਜਾਬੀ ਸੱਭਿਆਚਾਰ ਦੀ ਸੇਵਾ ਕਰ ਰਿਹਾ ਹੈ। 'ਰੰਗ ਪੰਜਾਬ ਦੇ' ਪ੍ਰੋਗਾਰਮ ਰਾਂਹੀਂ ਉਹ ਪੰਜਾਬ ਦੇ ਵਧੀਆ ਗਾਇਕ/ਗਇਕਾਵਾਂ ਦਾ ਇੰਟਰਵਿਊ ਕਰਦੇ ਹਨ ਅਤੇ ਨਾਲ- ਹੀ-ਨਾਲ ਪ੍ਰੋਗਰਾਮ ਵਿੱਚ ਸ਼ਾਮਿਲ ਗਾਇਕKਗਇਕਾਵਾਂ ਦੀ ਗਾਇਕੀ ਦਰਸ਼ਕਾਂ ਲਈ ਪੇਸ਼ ਕਰਦੇ ਹਨ। ਉਨਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਚੈਨਲ ਪੰਜਾਬ ਦੇ ਹੋਰ ਹਿੱਟ ਕਲਾਕਾਰਾਂ ਨੂੰ ਲੈ ਕੇ ਲਗਾਤਾਰ ਦਰਸ਼ਕਾਂ ਦੇ ਰੂ-ਬ-ਰੂ ਹੁੰਦਾ ਰਵੇਗਾ।




ਪੰਜਾਬੀ ਪ੍ਰਤੀਯੋਗਤਾ ਨਾਲ ਸੰਬੰਧਿਤ ਕਿਤਾਬ 'ਸਾਹਿਤਿਕ ਦ੍ਰਿਸ਼ਟੀਕੋਣ' ਦੇ ਵਿੱਚ ਨਾਥ ਜੋਗੀ ਸਾਹਿਤ, ਭਗਤੀ ਕਾਵਿ, ਸੂਫ਼ੀ ਕਾਵਿ, ਗੁਰਮਤਿ ਕਾਵਿ, ਕਿੱਸਾ ਕਾਵਿ, ਬੀਰ ਕਾਵਿ, ਆਧੁਨਿਕ ਪੰਜਾਬੀ ਕਾਵਿ (16 ਕਵੀਆਂ ਤੇ ਉਨ੍ਹਾਂ ਦੀਆਂ ਕਵਿਤਾਵਾਂ ਬਾਰੇ ਡੂੰਘੀ ਜਾਣਕਾਰੀ), ਨਾਵਲ ਭਾਗ (ਪ੍ਰਮੁੱਖ ਨਾਵਲਕਾਰਾਂ ਦੇ ਹਰ ਨਾਵਲ ਦੇ ਵਿਸ਼ੇ ਸੰਬੰਧੀ ਜਾਣਕਾਰੀ), ਕਹਾਣੀ ਭਾਗ ( 13 ਪ੍ਰਮੁੱਖ ਕਹਾਣੀਕਾਰਾਂ ਦੇ ਹਰ ਕਹਾਣੀ ਸੰਗ੍ਰਹਿ ਤੇ ਉਸਦੇ ਵਿਸ਼ਿਆਂ ਸੰਬੰਧੀ ਡੂੰਘਾ ਅਧਿਐਨ) ਸ਼ਾਮਿਲ ਹੈ। ਇਹ ਕਿਤਾਬ ਦੀ ਕੀਮਤ MRP 280 ਹੈ ਜੋ ਕਿ ਛੋਟ ਦੇਣ ਉਪਰੰਤ 250 ਰੁਪਏ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ। ਕਿਤਾਬ ਮੰਗਵਾਉਣ ਲਈ ਸੰਪਰਕ ਕਰੋ।

ਗੁਰਪ੍ਰੀਤ ਸਿੰਘ ਥਿੰਦ--8699940654

ਕਿਤਾਬ ਸੰਬੰਧੀ ਜਾਣਕਾਰੀ ਲਈ ਸੰਪਰਕ ਕਰੋ–

ਸਤਨਾਮ ਸਿੰਘ ਕੈਂਥ (ਕਿਤਾਬ ਦਾ ਲੇਖਕ) 9988047124

## ਗੋਗੀ, ਭਾਮੀਆਂ, ਬਸਰਾ ਅਤੇ ਕੈਪਟਨ ਰਾਮਪਾਲ ਦੀ ਅਗਵਾਈ 'ਚ ਬਸਪਾ ਉਮੀਦਵਾਰਾਂ ਨੇ ਭਰੇ ਕਾਗਜ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਕਈ ਸਾਲਾਂ ਬਾਅਦ ਇਸ ਵਾਰ ਬਹੁਜਨ ਸਮਾਜ ਪਾਰਟੀ ਨੇ ਬਲਾਕ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਚੋਣਾਂ ਲੜ੍ਹਨ ਦਾ ਐਲਾਨ ਕਰ ਕਈ ਸੀਟਾਂ ਤੇ ਆਪਣੇ ਉਮੀਦਵਾਰ ਖੜ੍ਹੇ ਕਰ ਦਿੱਤੇ ਹਨ ਜਿਨ੍ਹਾਂ ਨੇ ਲੁਧਿਆਣਾ ਦੇਹਾਤੀ ਦੇ ਇੰਚਾਰਜ ਬਲਾਕ ਸੰਮਤੀ ਮੈਂਬਰ ਲਾਭ ਸਿੰਘ ਭਾਮੀਆਂ, ਸ਼ਹਿਰੀ ਦੇ ਪ੍ਰਧਾਨ ਜੀਤ ਰਾਮ ਬਸਰਾ ਅਤੇ ਦੇਹਾਤੀ ਪ੍ਰਧਾਨ ਕੈਪਟਨ ਰਾਮਪਾਲ ਸਿੰਘ ਦੀ ਅਗਵਾਈ 'ਚ ਕਾਗਜ ਭਰੇ। ਇਸ ਮੌਕੇ ਸੂਬਾ ਸਕੱਤਰ ਦੇਸ਼ ਰਾਜ ਚੌਹਾਨ ਅਤੇ ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ ਉਚੇਚੇ ਤੌਰ ਤੇ ਪਹੁੰਚੇ। ਉਮੀਦਵਾਰ ਖੜ੍ਹੇ ਕਰਨ ਵਿੱਚ ਹਲਕਾ ਸਾਹਨੇਵਾਲ ਸ: ਭਾਮੀਆਂ ਦੀ ਬਦੋਲਤ ਮੋਹਰੀ ਰਿਹਾ ਜਿਥੋਂ ਦੀਆਂ ਤਿੰਨੇ ਜਿਲ੍ਹਾ ਪ੍ਰੀਸਦ ਸੀਟਾਂ ਅਤੇ ਕਈ ਬਲਾਕ ਸੰਮਤੀ ਸੀਟਾਂ ਤੇ ਬਸਪਾ ਦੇ ਮਜਬੂਤ ਉਮੀਦਵਾਰ ਖੜ੍ਹੇ ਹਨ। ਅੱਜ ਕਾਗਜ ਭਰਨ ਵਾਲਿਆਂ 'ਚ ਜਿਲ੍ਹਾ ਪ੍ਰੀਸ਼ਦ ਮੱਤੇਵਾੜਾ ਜੋਨ ਤੋਂ ਲਾਭ ਸਿੰਘ ਭਾਮੀਆਂ ਦੀ ਨੂੰਹ ਪਰਮਜੀਤ ਕੌਰ ਭਾਮੀਆਂ, ਮਾਂਗਟ ਜੋਨ ਤੋਂ ਸੀਨੀਅਰ ਆਗੂ ਸੁਰਿੰਦਰ ਮੇਹਰਬਾਨ ਅਤੇ ਚੱਕ ਸਰਵਣਨਾਥ ਤੋਂ ਧਰਮਪਾਲ ਸਿੰਘ, ਗਾਲਿਬ ਕਲ੍ਹਾਂ ਤੋਂ ਚਰਨਜੀਤ ਕੌਰ, ਮਾਣਕੂ ਤੋਂ ਪ੍ਰੇਮ ਸਿੰਘ, ਗਿੱਲ ਤੋਂ ਕਰਮਜੀਤ ਕੌਰ, ਧਾਂਦਰਾ ਤੋਂ ਬਲਵੀਰ ਸਿੰਘ ਰਾਜਗੜ੍ਹ, ਗਿੱਲ ਤੋਂ ਕਰਮਜੀਤ ਕੌਰ, ਦਾਖਾ ਹਲਕਾ ਤੋਂ ਮਸਤਾਨ ਸਿੰਘ, ਪਾਇਲ ਹਲਕੇ ਦੇ ਜੋਨ ਤੋਂ ਪਰਮਜੀਤ ਕੌਰ ਜਿਲ੍ਹਾ ਪ੍ਰੀਸ਼ਦ ਦੇ ਨਾਲ ਬਲਾਕ ਸੰਮਤੀ, ਰਾਮਗੜ੍ਹ ਸਰਦਾਰਾਂ ਤੋਂ ਮਾਸਟਰ ਦਰਬਾਰਾ ਸਿੰਘ, ਬਲਾਕ ਸੰਮਤੀ ਸੁਰਜੀਤ ਪੋਲ, ਬਹਾਦਰਕੇ ਤੋਂ ਪ੍ਰਵੀਨ ਕੌਰ, ਕਾਸਾਬਾਦ ਤੋਂ ਅਮਰਜੀਤ ਕੌਰ, ਹਵਾਸ ਤੋਂ ਜਗਮੋਹਣ ਸਿੰਘ ਕਲੇਰ, ਬੁਲਾਰਾ ਤੋਂ ਬੂਟਾ ਸਿੰਘ ਸੰਗੋਵਾਲ, ਭਾਮੀਆਂ ਖੁਰਦ ਤੋਂ ਗੁਰਦੀਪ ਸਿੰਘ ਕੁੱਬੇ, ਲਲਹੇੜੀ ਤੋਂ ਦੀਦਾਰ ਸਿੰਘ, ਇੱਕਲਾਹਾ ਤੋਂ ਸਰਬਜੀਤ ਸਿੰਘ, ਜਗਦੀਸ਼ ਸਿੰਘ, ਜੰਡਿਆਲੀ ਤੋਂ ਕੁਲਵਿੰਦਰ ਸਿੰਘ ਆਦਿ ਸ਼ਾਮਿਲ ਹਨ। ਇਸਤੋਂ ਇਲਾਵਾ ਕੁਝ ਉਮੀਦਵਾਰਾਂ ਨੇ ਹੋਰਨਾਂ ਥਾਂਵਾਂ ਤੇ ਵੀ ਫਾਰਮ ਭਰੇ। ਇਸ ਮੌਕੇ ਗੱਲ ਕਰਦਿਆਂ ਸ੍ਰੀ ਗੋਗੀ, ਚੋਹਾਨ, ਸ: ਭਾਮੀਆਂ, ਬਸਰਾ ਅਤੇ ਕੈਪਟਨ ਰਾਮਪਾਲ ਨੇ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਵੇਲੇ ਹੋਈਆਂ ਬੇਅਦਬੀਆਂ ਦੀਆਂ ਘਟਨਾਵਾਂ ਅਤੇ ਪਿੰਡਾਂ ਦਾ ਕਿਸੇ ਵੀ ਪੱਖ ਤੋਂ ਵਿਕਾਸ ਨਾ ਹੋਣ ਕਾਰਨ ਲੋਕ ਇਸ ਤੋਂ ਪੂਰੀ ਤਰ੍ਹਾਂ ਨਿਰਾਸ਼ ਹਨ। ਏਸੇ ਨਿਰਾਸ਼ਾ ਦੇ ਚੱਲਦਿਆਂ ਉਨ੍ਹਾਂ ਦੀ ਵਿਧਾਨ ਸਭਾ ਚੋਣਾਂ ਵਿੱਚ ਜੋ ਹਾਲਤ ਜਨਤਾ ਨੇ ਕੀਤੀ ਸੀ ਹੁਣ ਸਥਿਤੀ ਉਸ ਤੋਂ ਵੀ ਬਦਤਰ ਹੈ।



ਜੇਕਰ ਗੱਲ ਕਾਂਗਰਸ ਦੀ ਕਰੀਏ ਤਾਂ ਇਸਨੇ ਸੱਤਾ ਵਿੱਚ ਆਉਣ ਤੋਂ ਬਾਅਦ ਕੁਝ ਵੀ ਨਹੀ ਕੀਤਾ ਜਿਸ ਕਾਰਨ ਲੋਕ ਇਨ੍ਹਾਂ ਤੋਂ ਵੀ ਏਨੇ ਨਿਰਾਜ ਹਨ ਕਿ ਇਨ੍ਹਾਂ ਨੂੰ ਸਰਕਾਰ ਹੋਣ ਦੇ ਬਾਵਜੂਦ ਉਮੀਦਵਾਰ ਤੱਕ ਨਹੀ ਮਿਲ ਰਹੇ ਸਨ। ਜਦਕਿ ਬਸਪਾ ਦੇ ਚੋਣ ਨਿਸ਼ਾਨ ਹਾਥੀ ਤੋਂ ਚੋਣ ਲੜ੍ਹਨ ਲਈ ਲੋਕ ਖੁਦ ਅੱਗੇ ਆਏ ਹਨ। ਆਗੂਆਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਸਾਰੇ ਉਮੀਦਵਾਰ ਚੰਗੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ। ਇਸ ਮੌਕੇ ਪ੍ਰਗਣ ਬਿਲਗਾ, ਭੁਸ਼ਣ ਕਾਸਾਬਾਦ, ਸਾਬਕਾ ਸਰਪੰਚ ਹਰਮੇਸ਼ ਹਵਾਸ, ਗੁਰਮੀਤ ਸਿੰਘ, ਚਰਨ ਦਾਸ ਮਾਂਗਟ, ਸਰਪੰਚ ਛਿੰਦਰਪਾਲ, ਨਰਿੰਦਰ ਚੌਂਤਾ, ਯਾਦਵਿੰਦਰ ਯਾਦੀ, ਕਮਲਜੀਤ ਕੌਰ ਅਟਵਾਲ, ਰਾਮੇਸ਼ ਲਾਲ, ਸੰਤੋਖ ਮੱਲ, ਸੀਤਾਰਾਮ ਬਲੀਏਵਾਲ, ਹਰਜਿੰਦਰ ਸਿੰਘ, ਅਮਰਚੰਦ, ਡਾ: ਸੁਰਿੰਦਰ ਜੱਖੂ ਅਤੇ ਹੋਰ ਹਾਜਰ ਸਨ।






## ਪੁੱਤਰ-ਮੋਹ ਦੇ ਪੁਆੜੇ

ਅਹੁਦੇ ਆਪਣੇ ਟੱਬਰ ਨੂੰ ਵੰਡ ਕੇ ਤੇ
ਲੋਕ-ਰਾਜ ਦੀ ਰੋਲ'ਤੀ ਪੱਤ ਯਾਰੋ।

ਮੀਰੀ ਪੀਰੀ ਨੂੰ ਪਿੱਠ ਦੇ ਰੱਖ ਦਿੱਤੀ
ਉਤੇ ਧਰਮ ਦੇ ਸਿਆਸਤ ਦੀ ਲੱਤ ਯਾਰੋ।

ਮਿੰਨ੍ਹੇ ਮੀਸਣੇ ਢੀਠ ਹੋ ਕਰਨ ਦਾਵੇ
ਜਿਨ੍ਹਾਂ ਵਿਚ ਨਾ ਰਾਈ ਵੀ ਸੱਤਿ ਯਾਰੋ।

ਵੋਟਾਂ ਵਾਸਤੇ ਕਰੀਆਂ ਬੇਅਦਬੀਆਂ ਵੀ
ਗੋਲੀ-ਬਾਰੀ ਦੀ ਕਰੀ ਸੀ ਅੱਤ ਯਾਰੋ।

ਭੇਡਾਂ ਵਾਂਗ ਸਿਰ ਚੁੱਕਣਾ ਭੁੱਲਿਆ ਏ
'ਚੋਗੇ' ਖਾਣ ਲਈ ਸਾਥੀਆਂ ਬੰਨ੍ਹਿਆਂ ਨੂੰ।

ਹੱਕ ਕਿਸੇ ਦੇ ਨਾਹੀਂ ਇਤਿਹਾਸ ਦਿਸਦਾ
ਪੁੱਤਰ-ਮੋਹ ਵਿਚ ਹੋ ਗਏ ਅੰਨ੍ਹਿਆਂ ਨੂੰ।



ਤਰਲੋਚਨ ਸਿੰਘ 'ਦੁਪਾਲਪੁਰ'
ਸੰਪਰਕ : 001-408-915-1268, E-mail : tdupalpuri@yahoo.com

# 16 ਸਤੰਬਰ ਦੇ 14ਵੇਂ ਵਿਸ਼ਵ ਕਬੱਡੀ ਕੱਪ ਲਈ ਤਕਨੀਕੀ ਕਮੇਟੀ ਦਾ ਗਠਨ

**ਯੂਨੀਅਨ ਸਿਟੀ (ਬਿਓਰੋ)–** ਯੂਨਾਈਟਡ ਸਪੋਰਟਸ ਕੈਲੇਫੋਰਨੀਆਂ, ਅਮਰੀਕਾ ਵਲੋਂ ਲੋਗਨ ਹਾਈ ਸਕੂਲ, ਯੂਨੀਅਨ ਸਿਟੀ ਵਿਖੇ ਮਿਤੀ 16 ਸਤੰਬਰ ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਰ ਦੇਰ ਸ਼ਾਮ ਤੱਕ ਕਰਵਾਏ ਜਾ ਰਹੇ 14ਵੇਂ ਵਿਸ਼ਵ ਕਬੱਡੀ ਕੱਪ ਲਈ ਤਕਨੀਕੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ।

ਇਥੇ ਰਾਜਾ ਸਵੀਟਸ ਵਿਖੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਇਕਬਾਲ ਸਿੰਘ ਗਾਖਲ, ਤੀਰਥ ਸਿੰਘ ਗਾਖਲ, ਸਰਦੂਲ ਸਿੰਘ ਰੰਧਾਵਾ, ਅਜੀਤ ਸਿੰਘ ਬੱਲ ਅਤੇ ਜਗੀਰ ਸਿੰਘ ਸਾਰੇ ਕਬੱਡੀ ਕੱਪ ਦੌਰਾਨ ਮੈਚਾਂ ਦੇ ਤਕਨੀਕੀ ਪ੍ਰਬੰਧਾਂ ਦੀ ਜ਼ੁੰਮੇਵਾਰੀ ਸੰਭਾਲਣਗੇ। ਸ. ਬੈਂਸ ਨੇ ਕਿਹਾ ਕਿ ਇਹ ਖੇਡਾਂ ਜ਼ਰੀਏ ਭਾਈਚਾਰਕ ਸਾਂਝ ਮਜ਼ਬੂਤ ਕਰਨ ਲਈ ਇਕ ਸਾਂਝਾ ਯਤਨ ਹੈ ਤੇ ਇਸ ਨੂੰ ਸਫਲ ਬਣਾਉਣ ਵਿਚ ਸਾਰਿਆਂ ਦਾ ਪੂਰਨ ਸਹਿਯੋਗ ਹੈ ਅਤੇ ਉਹ ਆਸ ਵੀ ਕਰਦੇ ਹਨ ਕਿ ਇਵੇਂ ਹੀ ਇਹ ਸਾਂਝ ਦਿਨੋ ਦਿਨ


ਇਕਬਾਲ ਸਿੰਘ ਗਾਖਲ


ਤੀਰਥ ਸਿੰਘ ਗਾਖਲ


ਜਗੀਰ ਸਿੰਘ


ਹੋਰ ਵੀ ਗੂੜੀ ਹੁੰਦੀ ਜਾਵੇਗੀ। ਤਕਨੀਕੀ ਕਮੇਟੀ ਦਾ ਗਠਨ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਕਿਸੇ ਵੇਲੇ ਪੁਆਇੰਟ ਏਧਰ ਓਧਰ ਹੋਣ ਕਾਰਨ ਨਰਾਜ਼ਗੀਆਂ ਜਾਂ ਰੋਸ ਪੈਦਾ ਹੋ ਜਾਂਦਾ ਹੈ। ਅਜਿਹਾ ਵੱਡੇ ਵੱਡੇ ਖੇਡ ਮੇਲਿਆਂ ਵਿਚ ਅਕਸਰ ਹੁੰਦਾ ਵੀ ਹੈ।


ਇਹ ਤਕਨੀਕੀ ਕਮੇਟੀ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰੇਗੀ। ਕਮੇਟੀ ਦੇ ਤਿੰਨ ਮੈਂਬਰਾਂ ਦੀ ਸਹਿਮਤੀ ਵਾਲਾ ਫੈਸਲਾ ਹੀ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਾਲੇ ਤੱਕ ਯੂਨਾਈਟਡ ਸਪੋਰਟਸ ਕਲੱਬ ਦੇ ਕਿਸੇ ਵੀ ਵਿਸ਼ਵ ਕੱਪ ਵਿਚ ਅਜਿਹੀ ਸਮੱਸਿਆ ਨਹੀ ਆਈ ਅਤੇ ਅਗੋਂ ਤੋਂ ਵੀ ਨਾ ਆਵੇ ਇਸੇ ਲਈ ਤਕਨੀਕੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵਿਚ ਸਾਰੇ ਹੀ ਜ਼ੁੰਮੇਵਾਰ ਅਤੇ ਤਜ਼ਰਬੇਕਾਰ ਸਖਸ਼ੀਅਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਮੀਟਿੰਗ ਵਿਚ ਵੱਖ ਵੱਖ ਖੇਡ ਕਲੱਬਾਂ ਦੇ ਨੁਮਾਇੰਦੇ ਅਤੇ ਚੋਣਵੇਂ ਖਿਡਾਰੀ ਵੀ ਹਾਜ਼ਰ ਸਨ।

# 'ਸਰਾਭਾ– ਕ੍ਰਾਈ ਫੱਾਰ ਫ੍ਰੀਡਮ' ਦੇ ਨਾਲ ਵਿਸ਼ਵ ਪ੍ਰਸਿੱਧ ਕਵੀ ਰਾਜ਼ ਇਕ ਹੋਰ ਇੰਟਰਨੈਸ਼ਨਲ ਪ੍ਰੌਜੈਕਟ ਵੱਲ ਵਧੇ

ਫਿਲਮ ਅਧਾਰਤ ਹੈ ਕ੍ਰਾਂਤੀਕਾਰੀ ਕਰਤਾਰ ਸਿੰਘ ਸਰਾਭਾ ਅਤੇ ਗੱਦਰ ਚੰਡੀਗੜ੍ਹ, ਇਤਿਹਾਸਕ ਫਿਲਮ 'ਦਾ ਬਲੈਕ ' ਦੀ ਇੰਟਰਨੈਸ਼ਨਲ ਅਪਾਰ ਸਫਲਤਾ ਤੋਂ ਬਾਅਦ ਹੁਣ ਵਿਸ਼ਵ ਪ੍ਰਸਿੱਧ ਨਿਰਦੇਸ਼ਕ ਕਵੀ ਰਾਜ਼ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੇ ਪੰਨਿਆਂ ਤੋਂ ਕ੍ਰਾਂਤੀਕਾਰੀ ਕਰਤਾਰ ਸਿੰਘ ਸਰਾਭਾ ਤੋਂ ਜੁੜੀ 'ਸਰਾਭਾ– ਕ੍ਰਾਈ ਫੱਾਰ ਫ੍ਰੀਡਮ' ਨਾਂਅ ਦੀ ਫਿਲਮ ਦਰਸ਼ਕਾਂ ਦੇ ਸਨਮੁੱਖ ਪੇਸ਼ ਕਰਣਗੇਂ। ਪ੍ਰੌਡਯੂਸਰ ਕੁਲਦੀਪ ਸ਼ਰਮਾ, ਸਰਬਜੀਤ ਹੂੰਡਲ ਅਤੇ ਜਤਿੰਦਰ ਜੈ ਮਿਨਹਾਸ ਹਨ। 'ਸਰਾਭਾ– ਕ੍ਰਾਈ ਫੱਾਰ ਫ੍ਰੀਡਮ' ਇਹ ਫਿਲਮ ਅਮਰੀਕਾ, ਕਨੇਡਾ, ਯੂਕੇ, ਫਿਲਿਪਿੰਸ ਅਤੇ ਭਾਰਤ ਵਿਚ ਫਿਲਮਾਈ ਜਾਵੇਗੀ। 'ਸਰਾਭਾ–ਕ੍ਰਾਈ ਫੱਾਰ ਫ੍ਰੀਡਮ' ਇਹ ਫਿਲਮ ਸੱਚੀ ਘਟਨਾ ਤੇ ਆਧਾਰਤ ਹੈ ਜੋ ਕਿ ਦੇਸ਼ ਨੂੰ ਅੰਗਰੇਜਾਂ ਦੀ ਜਕੜੀ ਗੁਲਾਮੀ ਤੋਂ ਛੁੜਾਉਣ ਦੀ ਯਾਤਰਾ ਦਾ ਬਿਉਰਾ ਪੇਸ਼ ਹੈ।

ਫਿਲਮ ਵਿਚ ਗਦਰ ਨੂੰ ਬਖ਼ੂਬੀ ਪੇਸ਼ ਕੀਤਾ ਗਿਆ ਹੈ ਜੜਾਂ 18ਵੀਂ ਤੋਂ 19ਵੀਂ ਸਦੀ ਵਿਚ ਉਤਰੀ ਅਮਰੀਕਾ ਵਿਚ। ਇਹ ਉਸ ਦੌਰਾਨ ਦਾ ਬਿਊਰਾ ਹੈ ਜਦ ਬੇਹਤਰ ਜੀਵਨ ਦੀ ਆਸ ਵਿਚ ਅੰਗਰੇਜਾਂ ਦੇ ਅਤਿਆਚਾਰ ਅਤੇ ਕਿਸਾਨਾਂ ਤੇ ਜਬਰਨ ਟੈਕਸ ਵਸੂਲੀ ਨੇ ਪੰਜਾਬ ਦੇ ਪੰਜਾਬੀ ਸਮਾਜ ਨੂੰ ਮਜਬੂਰਨ ਅਮਰੀਕਾ ਵਲ੍ਹ ਰੁਖ ਕਰਣਾ ਪਿਆ ਸੀ । ਸ਼ੁਰੂਆਤੀ ਦੌਰ ਵਿਚ ਜਿਆਦਾਤਰ ਕਿਸਾਨ ਅਤੇ ਬ੍ਰਿਟਿਸ਼ਕਾਲ ਦੇ ਸਾਬਕਾ ਸੈਨਿਕ ਹੀ ਇਸ ਪਲਾਇਨ ਦਾ ਹਿੱਸਾ ਸਨ। ਆਜਾਦੀ ਉਨ੍ਹਾਂ ਦੇ ਜਹਿਨ ਤੋਂ ਕੋਸੋ ਦੂਰ ਸੀ ਜਦ ਤਕ ਉਨ੍ਹਾਂ ਦਾ ਸਾਹਮਣਾ ਅਮ–ਰੀਕਾ ਦੇ ਮੁਸ਼ਕਲ ਜੀਵਨ ਦੀ ਵਾ–ਸਤੀਵਿਕਤਾ ਤੋਂ ਨਹੀਂ ਹੋਇਆ ਸੀ। ਇਥੇ ਇਨ੍ਹਾਂ ਨੂੰ ਆਜਾਦੀ ਦੀ ਦਾ ਅਹਿਸਾਸ ਹੋਇਆ ਅਤੇ ਕੁਝ ਆਮ ਕਿਸਾਨਾਂ ਨੇ ਭਾਰਤ ਵਿਚ ਬ੍ਰਿਟਿਸ਼ ਰਾਜ ਦੀ ਜੜ ਉਖਾੜਨ ਦਾ ਮਨ ਬਣਾ ਲਿਆ। ਇਸ ਦੇ ਪਰਵਾਨ ਚੜਨ ਦੇ ਬਾਅਦ 8700 ਤੋਂ ਵੀ ਵੱਧ ਲੋਕੀ ਤੋਂ ਵਿਚ ਬਹਿ ਕੇ ਸਵਦੇਸ਼ ਦਾ ਰੁਖ ਕੀਤਾ ਅਤੇ ਬਗਾਵਤ ਦਾ ਵਜਾ ਦਿੱਤਾ। ਇਸੇ ਭਾਵਨਾ ਦੀ ਅੱਗ ਵਿਚ ਇਕ ਚਿੰਗਾਰੀ ਬਰਕਲੇ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀ


ਵਿਸ਼ਵ ਪ੍ਰਸਿੱਧ ਨਿਰਦੇਸ਼ਕ ਕਵੀ ਰਾਜ਼




ਕਰਤਾਰ ਸਿੰਘ ਸਰਾਭਾ ਵਿਚ ਵੀ । ਭਾਵੇਂ ਜਾਣਕਾਰਿਆਂ ਨੇ ਇਸ ਬਗਾਵਤ ਨੂੰ ਅੰਗਰੇਜਾਂ ਦੁਆਰਾ ਦਬਾ ਦਿੱਤਾ ਗਿਆ ਪਰ ਆਜ਼ਾਦੀ ਦੇ ਪਰਵਾਨਿਆਂ ਖਾਸਕਰ ਪੰਜਾਬੀਆਂ ਵਿਚ ਦੇਸ਼ ਨੂੰ ਆਜ਼ਾਦ ਦੀ ਲਲਕ ਜਿੰਦਾ ਸੀ । ਕਈ ਕ੍ਰਾਂਤੀਕਾਰੀਆਂ ਦੇ ਨਾਲ ਕਰਤਾਰ ਸਿੰਘ ਸਰਾਭਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਅਤੇ ਲਾਹੌਰ ਸੈਂਟ੍ਰ.ਲ ਜੇਲ ਵਿਚ ਫਾਂਸੀ ਦੀ ਸਜਾ ਦੇ ਦਿਤੀ ਗਈ । ਉਹ ਉਸ ਸਮੇਂ ਸਿਰਫ 19 ਸਾਲ ਦੇ ਸਨ। ਕਵੀ ਰਾਜ਼ ਕਈ ਅਵਾਰਡ ਦੇ ਜੈਤੂ ਹਨ ਤੇ ਇੰਡਸਟ੍ਰੀ ਵਿਚ ਕਈ ਟੀਵੀ ਸ਼ੌਅ ਅਤੇ ਫਿਲਮਾਂ ਬਣਾ ਚੁਕੇ ਹਨ।

ਉਨ੍ਹਾਂ ਦੀ ਆਉਣ ਵਾਲੀ ਫਿ.ਲਮਾਂ ਵਿਚ ਵਾਰਿਅਰਸ, ਅਮੇਰਿਕਨ ਆਈ ਐਮ ਐਂਡ ਮੇਰਾ ਵਤਨ ਸ਼ਾਮਲ ਹਨ। ਬੇਅਰਫੂਟ ਵਾਰਿਅਰਸ ਇਕ ਇੰਟਰਨੈਸ਼ਨਲ ਪ੍ਰੇਰਣਾਦਾਈ ਫਿਲਮ ਹੈ ਜਿਸਨੂੰ ਮਿਨਹਾਸ ਫਿਲਮਸ ਲਿਮੇਟਿਡ ਬੈਨਰ ਦੇ ਹੇਠ ਜਤਿੰਦਰ ਮਿਨਹਾਸ ਨੇ ਪ੍ਰੌਡਊਸ ਕੀਤਾ ਹੈ ਜਦਕਿ ਫਿਲਮ ਦਾ ਲੇਖਨ ਅਤੇ ਨਿਰਰੇਸ਼ਨ ਕਵੀ ਰਾਜ਼ ਨੇ ਕੀਤਾ ਹੈ। ਫਿਲਮ ਨੇ ਅਪਣਾ ਸ਼ੂਟ ਪੰਜਾਬ ਵਿਚ ਖਤਮ ਕੀਤਾ ਹੈ ਅਤੇ ਇਹ ਫਿਲਮ ਵਿਚ ਪੋਸਟ ਪ੍ਰੋਡਕਸ਼ਨ ਦੇ ਲਈ ਗਈ ਹੈ। ਸਰਬ ਥਾਇਰਾ ਦੁਆਰਾ ਫਿਲਮ ਵਰਡਵਾਇਡ ਰਿਲੀਜ ਹੋਵੇਗੀ। ਅੱਗਲੇ ਸਾਲ ਤਕ ਆਉਣ ਵਾਲੀ ਇਹ ਫਿਲਮ ਤਿੰਨ ਵਰਜਨ ਵਿਚ ਰਿਲੀਜ ਹੋਵੇਗੀ। ਫਿਲਮ 2019 ਵਿਚ ਰਿਲੀਜ ਹੋਵੇਗੀ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


## Kash FABRICS



### ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਢੁੱਗਾ ਅਤੇ ਗੁਰਜੀਤ ਕੌਰ ਢੁੱਗਾ

**Threading Salon**

**Specializing in:**
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com

Like us on Facebook | Follow us on Instagram

---

## INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

**Super Eyebrow Threading Now Open**

**Eyebrow Threading & Henna Tattoo**

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com

---

## Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets

---

## INDIA BAZAAR



Jai Ram Gaught | Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
New folding bed verities
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99
Bio Bidet Elite 2 $ 39.99+ Tax
ਪੱਗਾਂ ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।
ਸੂਟ ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
ਲਾਈਨਿੰਗ ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
Baksho Kaur Bisla Hardev Singh Bisla
530-671-0439, Fax 530-822-0439 Cell- 530-844-3250
Buy 5 get 1 free


TANDOOR
Indian Restaurant
27167 Mission Blvd. Hayward, CA 95544
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
We are open seven days 11 AM to 10 PM
Contact Us:
Ph. 510-885-1212
Fax. 510-885-1532


ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer
ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ
eLog Book Integration COMING SOON
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
WE HANDLE DOT AUDITS
Tel: 800.936.4011 • 209.636.0880
GLOBAL SOLUTION FOR TRANSPORTATION
(A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hay-ward, CA 94544
Prop: Jasbir Singh Takhar
510-755-2132
Harmandeep Singh

# ਲੋਕਤੰਤਰ ਵਿੱਚ ਵਿਰੋਧੀ ਸੁਰਾਂ ਦੀ ਪ੍ਰਸੰਗਿਕਤਾ

**ਅੰਗ-ਸੰਗ**



ਸ਼ਾਮ ਸਿੰਘ
98141-13338

**ਸਮਾਜ ਦੇ ਸਿਆਣੇ ਲੋਕ, ਚਿੰਤਕ, ਫਨਕਾਰ, ਲੇਖਕ ਅਤੇ ਬੁਲਾਰੇ ਲੋਕ ਹਿੱਤ ਵਿੱਚ ਆਵਾਜ਼ ਬੁਲੰਦ ਕਰਦੇ ਹਨ ਤਾਂ ਹਾਕਮਾਂ ਨੂੰ ਪਸੰਦ ਨਹੀਂ ਆਉਂਦੇ। ਸਰਕਾਰਾਂ ਨੂੰ ਅਜਿਹੇ ਲੋਕਾਂ ਦੇ ਬੋਲ, ਲਿਖਤਾਂ ਅਤੇ ਕਦਮਾਂ 'ਚੋਂ ਬਗ਼ਾਵਤ ਦੀ ਬੂ ਆਉਂਦੀ ਹੈ, ਜਿਸ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਹਰਬੇ ਵਰਤਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਜਾਗਦੇ ਸਿਰਾਂ ਵਾਲੇ ਅਤੇ ਜਾਗਦੀ ਜ਼ਮੀਰ ਵਾਲੇ ਇਨ੍ਹਾਂ ਵਿਰੋਧੀ ਸੁਰ ਵਾਲੇ ਲੋਕਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ, ਤਾਂ ਕਿ ਸਖ਼ਤੀ ਕਰ ਕੇ ਸਬਕ ਸਿਖਾਇਆ ਜਾ ਸਕੇ। ਸਰਕਾਰਾਂ ਨੂੰ ਸ਼ਾਇਦ ਪਤਾ ਨਹੀਂ ਹੁੰਦਾ ਕਿ ਇਹ ਲੋਕ ਤਾਂ ਆਪਣੇ ਲੋਕਾਂ ਲਈ ਪਰਣਾਏ ਹੁੰਦੇ ਹਨ ਅਤੇ ਲੋਕ ਹਿੱਤ ਦੀ ਵਿਚਾਰਧਾਰਾ ਨੂੰ ਛੱਡਣ ਲਈ ਤਿਆਰ ਨਹੀਂ ਹੋ ਸਕਦੇ। ਉਹ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਤੋਂ ਨਹੀਂ ਡਰਦੇ ਅਤੇ ਨਾ ਹੀ ਸਰਕਾਰ ਦੇ ਤਸ਼ੱਦਦ ਤੋਂ ਘਬਰਾਉਂਦੇ ਹੋਏ ਲੋਕ ਹਿੱਤਾਂ ਵਾਸਤੇ ਲੜਨ ਤੋਂ ਪਿੱਛੇ ਹਟਣ ਲਈ ਤਿਆਰ ਨਹੀਂ ਹੁੰਦੇ। ਨਾ ਅੱਗੇ ਹੋਣਗੇ, ਉਹ ਹਮੇਸ਼ਾ ਜ਼ੁਲਮ ਨਾਲ ਮੱਥਾ ਲਾਉਂਦੇ ਹਨ।**

ਸਾਰੇ ਹੀ ਮੁਲਕਾਂ ਦੀਆਂ ਹਕੂਮਤਾਂ ਵਿਰੋਧੀ ਸੁਰਾਂ ਸੁਣਨ ਵਾਸਤੇ ਤਿਆਰ ਨਹੀਂ ਹੁੰਦੀਆਂ। ਉਹ ਹਾਂ-ਪੱਖੀ ਆਵਾਜ਼ਾਂ ਸੁਣਨ ਦੀਆਂ ਆਦੀ ਹੁੰਦੀਆਂ ਹਨ, ਨੁਕਤਾਚੀਨੀ ਨੂੰ ਕਦੇ ਨਹੀਂ ਸਹਿੰਦੀਆਂ। ਲੋਕਤੰਤਰੀ ਤਰਜ਼ ਦੀਆਂ ਹਕੂਮਤਾਂ ਦਾ ਸੁਭਾਅ ਹੋਰ ਤਰ੍ਹਾਂ ਦਾ ਇਸ ਲਈ ਹੋਣਾ ਜ਼ਰੂਰੀ ਹੁੰਦਾ ਹੈ, ਕਿਉਂਕਿ ਇਹਨਾਂ ਵਿਚ ਲੋਕਾਂ ਦੀ ਗਹਿਰ-ਗੰਭੀਰ ਭਾਈਵਾਲੀ ਵੀ ਹੁੰਦੀ ਹੈ ਅਤੇ ਹਮਾਇਤ ਵੀ। ਲੋਕਾਂ ਦੀ ਆਪਣੀ ਬਣਾਈ ਹੋਈ ਸਰਕਾਰ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ, ਕਿਉਂਕਿ ਉਸ ਵਿੱਚ ਸ਼ਾਮਲ ਹਾਕਮ ਕਿਸੇ ਤਰ੍ਹਾਂ ਵੀ ਲੋਕਾਂ ਤੋਂ ਦੂਰ ਜਾਣ ਬਾਰੇ ਸੋਚ ਤੱਕ ਨਹੀਂ ਸਕਦੇ। ਜਦੋਂ ਕਦੇ ਉਹ ਲੋਕ ਮੁੱਦਿਆਂ ਅਤੇ ਮਸਲਿਆਂ ਨੂੰ ਤਰਜੀਹ ਨਾ ਦਿੰਦੇ ਹੋਏ ਆਪਣੇ ਸਵਾਰਥਾਂ ਨੂੰ ਪਹਿਲ ਦੇਣ ਲੱਗ ਪੈਂਦੇ ਹਨ ਅਤੇ ਭਾਈ-ਭਤੀਜਾਵਾਦ ਨੂੰ ਮੋਢਿਆਂ 'ਤੇ ਚੁੱਕਣ ਤੋਂ ਉੱਕਾ ਹੀ ਗੁਰੇਜ਼ ਨਹੀਂ ਕਰਦੇ ਤਾਂ ਲੋਕਾਂ ਦੀ ਸੁਰ ਵਿਰੋਧ ਦੇ ਰਾਹ 'ਤੇ ਤੁਰਨ ਲਈ ਮਜਬੂਰ ਹੁੰਦੀ ਹੈ ਅਤੇ ਹੋਰ ਕੋਈ ਚਾਰਾ ਨਹੀਂ ਰਹਿੰਦਾ।

ਸਮਾਜ ਦੇ ਸਿਆਣੇ ਲੋਕ, ਚਿੰਤਕ, ਫਨਕਾਰ, ਲੇਖਕ ਅਤੇ ਬੁਲਾਰੇ ਲੋਕ ਹਿੱਤ ਵਿੱਚ ਆਵਾਜ਼ ਬੁਲੰਦ ਕਰਦੇ ਹਨ ਤਾਂ ਹਾਕਮਾਂ ਨੂੰ ਪਸੰਦ ਨਹੀਂ ਆਉਂਦੇ। ਸਰਕਾਰਾਂ ਨੂੰ ਅਜਿਹੇ ਲੋਕਾਂ ਦੇ ਬੋਲ, ਲਿਖਤਾਂ ਅਤੇ ਕਦਮਾਂ 'ਚੋਂ ਬਗ਼ਾਵਤ ਦੀ ਬੂ ਆਉਂਦੀ ਹੈ, ਜਿਸ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਹਰਬੇ ਵਰਤਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਜਾਗਦੇ ਸਿਰਾਂ ਵਾਲੇ ਅਤੇ ਜਾਗਦੀ ਜ਼ਮੀਰ ਵਾਲੇ ਇਨ੍ਹਾਂ ਵਿਰੋਧੀ ਸੁਰ ਵਾਲੇ ਲੋਕਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ, ਤਾਂ ਕਿ ਸਖ਼ਤੀ ਕਰ ਕੇ ਸਬਕ ਸਿਖਾਇਆ ਜਾ ਸਕੇ। ਸਰਕਾਰਾਂ ਨੂੰ ਸ਼ਾਇਦ ਪਤਾ ਨਹੀਂ ਹੁੰਦਾ ਕਿ ਇਹ ਲੋਕ ਤਾਂ ਆਪਣੇ ਲੋਕਾਂ ਲਈ ਪਰਣਾਏ ਹੁੰਦੇ ਹਨ ਅਤੇ ਲੋਕ ਹਿੱਤ ਦੀ ਵਿਚਾਰਧਾਰਾ ਨੂੰ ਛੱਡਣ ਲਈ ਤਿਆਰ ਨਹੀਂ ਹੋ ਸਕਦੇ। ਉਹ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਤੋਂ ਨਹੀਂ ਡਰਦੇ ਅਤੇ ਨਾ ਹੀ ਸਰਕਾਰ ਦੇ ਤਸ਼ੱਦਦ ਤੋਂ ਘਬਰਾਉਂਦੇ ਹੋਏ ਲੋਕ ਹਿੱਤਾਂ ਵਾਸਤੇ ਲੜਨ ਤੋਂ ਪਿੱਛੇ ਹਟਣ ਲਈ ਤਿਆਰ ਨਹੀਂ ਹੁੰਦੇ। ਨਾ ਅੱਗੇ ਹੋਣਗੇ, ਉਹ ਹਮੇਸ਼ਾ ਜ਼ੁਲਮ ਨਾਲ ਮੱਥਾ ਲਾਉਂਦੇ ਹਨ।

ਬਹੁਤ ਮੁਲਕਾਂ ਦੇ ਅਗਾਂਹ ਵਧਣ ਵਾਲੇ ਲੋਕਾਂ ਨੇ ਆਪਣੇ ਸੁੱਖ-ਆਰਾਮ ਤਿਆਗ ਕੇ ਕਾਲ ਕੋਠੜੀਆਂ ਨੂੰ ਘਰ ਸਮਝ ਲਿਆ ਅਤੇ ਹੱਥ-ਕੜੀਆਂ, ਬੇੜੀਆਂ ਨੂੰ ਨਵੇਂ ਅਰਥ ਪ੍ਰਦਾਨ ਕਰ ਦਿੱਤੇ। "ਤੇਰੇ ਲਈ ਛਣਕਾ ਕੇ ਲੰਘੇ ਬੇੜੀਆਂ, ਤੂੰ ਹੀ ਸਾਡੀ ਚਾਲ ਪਹਿਚਾਣੀ ਨਹੀਂ।" ਅਜਿਹਾ ਵਰਤਾਰਾ ਤਾਨਾਸ਼ਾਹ ਸਰਕਾਰਾਂ, ਬਾਦਸ਼ਾਹਾਂ ਵਾਲੀ ਤਰਜ਼ ਦੀਆਂ ਹਕੂਮਤਾਂ ਵਿੱਚ ਤਾਂ ਝੱਲਣਾ ਪੈਂਦਾ ਹੈ, ਕਿਉਂਕਿ ਹੋਰ ਕੋਈ ਚਾਰਾ ਨਹੀਂ ਹੁੰਦਾ, ਪਰ ਲੋਕਤੰਤਰੀ ਤਰਜ਼ ਵਾਲੀਆਂ ਹਕੂਮਤਾਂ ਵਿੱਚ ਅਜਿਹਾ ਹੋਵੇ ਤਾਂ ਸਹਿਣ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਲੋਕਾਂ ਦੀਆਂ ਆਪਣੀਆਂ ਹੁੰਦੀਆਂ ਹਨ ਅਤੇ ਮਿੱਥੀ ਮਿਆਦ ਤੋਂ ਵੱਧ ਰਹਿ ਵੀ ਨਹੀਂ ਸਕਦੀਆਂ। ਜਿਹੜੀਆਂ ਲੋਕਾਂ ਦੀ ਵਿਰੋਧੀ ਸੁਰ ਨੂੰ ਨਾ ਮੰਨਦੀਆਂ ਹੋਈਆਂ ਉਨ੍ਹਾਂ ਨੂੰ ਦਬਾਉਣ ਅਤੇ ਕੁਚਲਣ ਦੇ ਰਾਹ ਪੈ ਜਾਂਦੀਆਂ ਹਨ, ਉਹਨਾਂ ਨੂੰ ਲੋਕ ਸਬਕ ਸਿਖਾਉਣ ਤੋਂ ਪਿੱਛੇ ਨਹੀਂ ਰਹਿੰਦੇ। ਉਹ ਫੇਰ ਮਿੱਥੀ ਮਿਆਦ ਤੋਂ ਬਾਅਦ ਕਿਤੇ ਨਹੀਂ ਲੱਭਦੀਆਂ।

ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਦੀ ਬਣੀ ਹਕੂਮਤ ਨੂੰ ਇਹ ਗੱਲ ਸਾਫ਼-ਸਾਫ਼ ਸਮਝਣੀ ਚਾਹੀਦੀ ਹੈ ਕਿ ਵਿਰੋਧੀ ਸੁਰਾਂ ਨੇਤਾਵਾਂ ਦੀ ਮਾੜੀ ਕਾਰਗੁਜ਼ਾਰੀ ਵਿਰੁੱਧ ਹੁੰਦੀਆਂ ਹਨ ਜਾਂ ਫੇਰ ਹਕੂਮਤ ਦੀਆਂ ਨੀਤੀਆਂ ਵਿਰੁੱਧ, ਪਰ ਉਹ ਮੁਲਕ ਦੇ ਵਿਰੁੱਧ ਨਹੀਂ ਹੁੰਦੀਆਂ। ਹਕੂਮਤਾਂ ਵੱਲੋਂ ਅਜਿਹੀਆਂ ਸੁਰਾਂ ਨੂੰ ਦਬਾਉਣ ਅਤੇ ਮਿਟਾਉਣ ਲਈ ਦੇਸ਼-ਵਿਰੋਧੀ ਗਰਦਾਨ ਕੇ ਉਨ੍ਹਾਂ ਉੱਤੇ ਦੇਸ-ਧਰੋਹ ਦਾ ਦਾਗ਼ ਲਾਉਣ ਦਾ ਜਤਨ ਕੀਤਾ ਜਾਂਦਾ ਹੈ, ਜਿਸ ਨੂੰ ਕਿਸੇ ਤਰਕ ਨਾਲ ਸਾਬਤ ਨਹੀਂ ਕੀਤਾ ਜਾ ਸਕਦਾ। ਜ਼ਰੂਰੀ ਹੈ ਕਿ ਲੋਕਤੰਤਰ ਵਾਲੇ ਦੇਸਾਂ ਵਿੱਚ ਲੋਕ ਪ੍ਰਤੀਨਿਧ ਇਹ ਸਮਝਣ ਅਤੇ ਮੰਨਣ ਦਾ ਜਤਨ ਕਰਨ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰ ਕਿਸਮ ਦੀਆਂ ਆਵਾਜ਼ਾਂ ਸੁਣਨੀਆਂ ਚਾਹੀਦੀਆਂ ਹਨ, ਤਾਂ ਕਿ ਵਿਰੋਧ ਪੈਦਾ ਹੀ ਨਾ ਹੋਣ ਦਿੱਤੇ ਜਾਣ। ਵਿਰੋਧੀ ਸੁਰਾਂ ਜੇ ਉੱਠਦੀਆਂ ਹਨ ਤਾਂ ਹਕੂਮਤ ਦੇ ਕੰਨ ਖਿੱਚਣ ਲਈ ਹੁੰਦੀਆਂ ਹਨ, ਤਾਂ ਕਿ ਲੋਕਤੰਤਰ ਵਿੱਚ ਹਰ ਇੱਕ ਦੀ ਸੁਣੀ ਜਾਵੇ। ਹਰੇਕ ਦੀ ਸੁਣਨ ਵਾਲੀ ਅਤੇ ਹਰੇਕ ਦੇ ਮਸਲੇ ਸੁਲਝਾਉਣ ਵਾਲੀ ਹਕੂਮਤ ਲੋਕਤੰਤਰ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਹਿੱਸਾ ਪਾਏਗੀ। ਅਜਿਹੇ ਵਕਤ ਆ ਗਏ ਹਨ, ਜਦੋਂ ਲੋਕ ਪਹਿਲਾਂ ਵਰਗੇ ਨਹੀਂ ਰਹੇ, ਸਗੋਂ ਪੜ੍ਹ-ਲਿਖ ਕੇ, ਮਾਰਾਂ ਖਾ ਕੇ ਸਿਆਸਤਦਾਨਾਂ ਨੂੰ ਸਮਝ ਕੇ ਸੂਝਵਾਨ ਹੋ ਗਏ ਹਨ, ਜਿਸ ਕਾਰਨ ਉਨ੍ਹਾਂ ਨੂੰ ਚਾਰਿਆ ਨਹੀਂ ਜਾ ਸਕਦਾ। ਜਿਹੜੇ ਨੇਤਾ ਜਾਂ ਪਾਰਟੀਆਂ ਅੱਜ ਵੀ ਲੋਕਾਂ ਨੂੰ ਧੋਖਾ ਦੇਣ ਬਾਰੇ ਸੋਚਦੇ ਹਨ, ਉਹ ਹੁਣ ਜਿੱਤ ਨਹੀਂ ਸਕਦੇ।

ਲੋਕਤੰਤਰ ਦੀ ਰੱਖਿਆ ਅਤੇ ਮਜ਼ਬੂਤੀ ਲਈ ਉਹ ਕਦਮ ਪੁੱਟੇ ਜਾਣ ਦੀ ਅਤੀ ਜ਼ਰੂਰਤ ਹੈ, ਜਿਨ੍ਹਾਂ ਨਾਲ ਦੇਸ ਵਿੱਚ ਉੱਠਦੀਆਂ ਵਿਰੋਧੀ ਸੁਰਾਂ ਨੂੰ ਗੌਰ ਨਾਲ ਸੁਣਿਆ-ਸਮਝਿਆ ਜਾਵੇ ਅਤੇ ਸੰਭਵ ਹੱਦ ਤੱਕ ਉਹਨਾਂ ਦੇ ਰੋਸਿਆਂ ਨੂੰ ਦੇਸ ਦਾ ਫ਼ਿਕਰ ਸਮਝ ਕੇ ਦੂਰ ਕਰਨ ਦਾ ਜਤਨ ਹੋਵੇ। ਅਜਿਹਾ ਹੋਣ ਨਾਲ ਲੋਕਾਂ ਵਿੱਚ ਭਰੋਸੇ ਯੋਗਤਾ ਬਣੇਗੀ ਵੀ ਅਤੇ ਵਧੇਗੀ ਵੀ। ਉਹ ਲੋਕਤੰਤਰ ਨੂੰ ਆਪਣੀ ਢਾਲ ਸਮਝਣਗੇ ਅਤੇ ਆਪਣੀ ਸੋਚ ਨਾਲ ਚੁਣੇ ਪ੍ਰਤੀਨਿਧਾਂ ਨੂੰ ਸਤਿਕਾਰ ਦੇਣਗੇ, ਜਿਹੜੇ ਲੋਕਾਂ ਦੀਆਂ ਚਿੰਤਾਵਾਂ ਅਤੇ ਫ਼ਿਕਰਾਂ ਨੂੰ ਦੂਰ ਕਰ ਕੇ ਉਹਨਾਂ ਲਈ ਖ਼ੁਸ਼ਹਾਲੀਆਂ ਪੈਦਾ ਕਰਨਗੇ।

### ਪੰਜਾਬ ਸਿਆਸਤ ਦਾ ਚਿਹਰਾ

ਕਿਸੇ ਪੰਜਾਬੀ ਨੂੰ ਵੀ ਪਾਉ, ਇਹ ਸਵਾਲ ਬਹੁਤ ਔਖਾ ਹੈ ਕਿ ਜੇ ਅੱਜ ਚੋਣ ਕਰਨੀ ਹੋਵੇ ਤਾਂ ਉਹ ਕਿਸ ਰਾਜਸੀ ਪਾਰਟੀ ਦੇ ਹੱਕ ਵਿੱਚ ਹੱਥ ਖੜ੍ਹੇ ਕਰੇਗਾ ਅਤੇ ਵੋਟ ਪਾਵੇਗਾ।

ਕਾਂਗਰਸ ਹਾਕਮ ਪਾਰਟੀ ਹੈ, ਪਰ ਲੋਕਾਂ ਦੀਆਂ ਆਸਾਂ 'ਤੇ ਪੂਰੀ ਨਹੀਂ ਉਤਰੀ। ਹਾਂ, ਏਨਾ ਜ਼ਰੂਰ ਹੈ ਕਿ ਦਸ ਸਾਲਾਂ ਤੱਕ ਰਾਜ ਕਰਨ ਵਾਲੀ ਪਾਰਟੀ ਨੇ ਤਾਂ ਅਸਲ ਮੁੱਦੇ ਛੋਹੇ ਹੀ ਨਹੀਂ। ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਮਾਫ਼ ਕਰਨ ਦਾ ਮਸਲਾ ਹੀ ਨਹੀਂ ਛੇੜਿਆ। ਲੋਕਾਂ ਦੇ ਪੈਸਿਆਂ ਦੁਆਰਾ ਬਣਾਈਆਂ ਸੜਕਾਂ ਦਾ ਸ਼ੋਰ ਪਾ ਕੇ ਹੀ ਸਾਰ ਲਿਆ, ਜਿਹੜਾ ਕਿ ਕਿਸੇ ਵੀ ਸਰਕਾਰ ਲਈ ਬੁਨਿਆਦੀ ਕੰਮ ਵੀ ਹੁੰਦਾ ਹੈ ਅਤੇ ਜ਼ਰੂਰੀ ਵੀ। ਇਨ੍ਹਾਂ ਦੋਹਾਂ ਪਾਰਟੀਆਂ ਦੇ ਹੱਕ ਵਿੱਚ ਲੋਕ ਹਾਮੀ ਨਹੀਂ ਭਰਦੇ। ਅਜੇ ਕਾਂਗਰਸ ਸਰਕਾਰ ਕੋਲ ਵਕਤ ਹੈ, ਜਿਸ ਦੌਰਾਨ ਕਿਸਾਨਾਂ ਦੇ ਪੂਰੇ ਕਰਜ਼ੇ ਵੀ ਮਾਫ਼ ਕੀਤੇ ਜਾ ਸਕਦੇ ਹਨ, ਘਰ-ਘਰ ਜਾ ਕੇ ਨੌਕਰੀਆਂ ਵੀ ਦਿੱਤੀਆਂ ਜਾ ਸਕਦੀਆਂ ਹਨ ਅਤੇ ਸਮਾਰਟ ਫੋਨ ਵੀ ਵੰਡਣੇ ਕੋਈ ਮੁਸ਼ਕਲ ਕੰਮ ਨਹੀਂ। ਜੇ ਕਾਂਗਰਸ ਨੇ ਇਹ ਕੁਝ ਕਰ ਦਿੱਤਾ ਤਾਂ ਲੋਕ ਇਸ ਪਾਰਟੀ ਦੇ ਹੱਕ ਵਿੱਚ ਹੋਣ ਤੋਂ ਗੁਰੇਜ਼ ਨਹੀਂ ਕਰਨਗੇ। ਰਹੀ ਤੀਜੀ ਧਿਰ ਬਣਨ ਦੀ ਗੱਲ ਕਰਨ ਵਾਲੀ ਰਾਜਸੀ ਪਾਰਟੀ ਆਮ ਆਦਮੀ ਪਾਰਟੀ। ਉੱਠੀ ਤਾਂ ਅਨਾਰ ਦੇ ਚੱਲਣ ਵਾਂਗ ਸੀ, ਜਿਸ ਨੇ ਪੰਜਾਬੀਆਂ ਦਾ ਏਨਾ ਧਿਆਨ ਖਿੱਚਿਆ ਕਿ ਇੱਕ ਵਾਰ ਤਾਂ ਲੱਗਣ ਲੱਗ ਪਿਆ ਸੀ ਕਿ 'ਆਪ' ਦੀ ਸਰਕਾਰ ਬਣੀ ਕਿ ਬਣੀ, ਪਰ ਇਸ ਦੇ ਆਪਣੇ ਨੇਤਾਵਾਂ ਨੇ ਆਪਣੇ ਹੱਥੀਂ ਬੇੜਾ ਡੋਬ ਲਿਆ। ਹੁਣ ਤਾਂ ਗੱਲ ਹੋਰ ਵੀ ਖ਼ਰਾਬ ਹੋ ਕੇ ਰਹਿ ਗਈ। ਪਾਰਟੀ ਸੱਚੋ-ਸੱਚ ਦੋਫਾੜ ਹੋ ਗਈ। ਸੁਖਪਾਲ ਸਿੰਘ ਅਤੇ ਕੰਵਰ ਸੰਧੂ ਦੀ ਅਗਵਾਈ ਵਾਲਾ ਪੰਜਾਬ ਧੜਾ ਅਤੇ ਦੂਜਾ ਭਗਵੰਤ ਵਾਲਾ ਦਿੱਲੀ ਧੜਾ। ਪੰਜਾਬ ਦੇ ਲੋਕ ਸੁਖਪਾਲ-ਕੰਵਰ ਦੇ ਗੁੱਟ ਵੱਲ ਵੱਧ ਹੋ ਗਏ ਅਤੇ ਦਿੱਲੀ ਵੱਲ ਦੇਖਣ ਵਾਲਿਆਂ ਦਾ ਵਿਰੋਧ ਹੋਣ ਲੱਗ ਪਿਆ। ਦੋਵੇਂ ਧੜੇ ਆਪੋ-ਆਪਣੀ ਖਿਚੜੀ ਪਕਾ ਰਹੇ ਹਨ, ਜਿਸ ਨੂੰ ਖਾਣ ਲਈ ਅਜੇ ਪੰਜਾਬ ਦੇ ਲੋਕ ਮਨ ਨਹੀਂ ਬਣਾ ਸਕੇ। ਪੰਜਾਬ ਧੜੇ ਵਾਲੇ ਪਾਰਟੀ ਛੱਡ ਨਹੀਂ ਸਕਦੇ, ਕਿਉਂਕਿ ਅੱਠ ਵਿਧਾਇਕਾਂ ਦੀ ਮੈਂਬਰੀ ਖ਼ਤਮ ਹੋ ਜਾਵੇਗੀ। ਦਿੱਲੀ ਵਾਲੇ ਉਹਨਾਂ ਨੂੰ ਕੱਢਦੇ ਵੀ ਨਹੀਂ। ਪੰਜਾਬ ਵਾਲੇ ਬੈਨਰ ਅਤੇ ਨਾਂਅ ਤਾਂ 'ਆਪ' ਦਾ ਹੀ ਵਰਤਦੇ ਹਨ, ਪਰ ਦਿੱਲੀ ਦੇ ਨੇਤਾਵਾਂ ਨੂੰ ਤਿੱਖੀ ਸੁਰ ਵਾਲੀ ਆਲੋਚਨਾ ਤੋਂ ਬਖ਼ਸ਼ਦੇ ਨਹੀਂ। ਅਜਿਹੀ ਹਾਲਤ ਵਿੱਚ ਕੋਈ ਧੜਾ ਪੰਜਾਬੀਆਂ ਦੇ ਬਹੁਮੱਤ ਨੂੰ ਆਪਣੇ ਵੱਲ ਖਿੱਚਣ ਦੇ ਅਜੇ ਯੋਗ ਨਹੀਂ ਹੋਇਆ। ਪੰਜਾਬੀਆਂ ਲਈ ਔਖੇ ਸਵਾਲ ਦਾ ਜਵਾਬ ਲੱਭਣਾ ਸੌਖਾ ਨਹੀਂ।

### ਲਤੀਫ਼ੇ ਦਾ ਚਿਹਰਾ-ਮੋਹਰਾ

ਵੱਡਾ ਰਾਜਸੀ ਨੇਤਾ ਭਾਸ਼ਣ ਖ਼ਤਮ ਕਰ ਕੇ ਮੰਚ ਤੋਂ ਹੇਠਾਂ ਉੱਤਰਿਆ ਤਾਂ ਹਮਾਇਤੀਆਂ 'ਚ ਚਮਚਾਗਿਰੀ ਦੀ ਦੌੜ ਲੱਗ ਗਈ।

ਪਹਿਲਾ : ਨੇਤਾ ਜੀ, ਤੁਸੀਂ ਤਾਂ ਭਾਸ਼ਣ ਵਿੱਚ ਕਮਾਲ ਹੀ ਕਰ ਦਿੱਤਾ।

ਦੂਜਾ : ਕੇਵਲ ਕਮਾਲ ਨਹੀਂ, ਲੁੱਟੇ ਲੋਕ ਬਹੁਤ ਹੀ ਕਮਾਲ ਕੀਤੀ।

ਤੀਜਾ : ਨੇਤਾ ਜੀ ਨੇ ਇਹ ਕਮਾਲ ਕੋਈ ਪਹਿਲੀ ਵਾਰ ਕੀਤੀ ਹੈ!

# ਸਿੱਖਾਂ ਵੱਲੋਂ ਕੈਨੇਡਾ (ਵਿਕਟੋਰਿਆਂ) ਵਿਚ 100 ਸੌ ਸਾਲ ਪਹਿਲਾਂ ਵਸਾਏ ਪਿੰਡ 'ਪਾਲਦੀ' ਦੀ ਹੋਂਦ ਖਤਮ ਹੋਣ ਕਿਨਾਰੇ

## ਪਿੰਡ ਵਿਚ 99 ਸਾਲ ਪੁਰਾਣਾ ਹੈ ਗੁਰਦੁਆਰਾ ਸਾਹਿਬ ਪਰ ਸਿੱਖਾਂ ਦੀ ਵਸੋਂ ਦਾ ਪਿੰਡ 'ਚੋਂ ਹੋਇਆ ਉਜਾੜਾ









**ਮੇਰੀ ਵਿਦੇਸ਼ ਯਾਤਰਾ**



ਜਗਰੂਪ ਸਿੰਘ ਜਰਖੜ
206-478-2001

ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਾਹਿਲਪੁਰ ਦੇ ਨੇੜੇ ਇੱਕ ਪਿੰਡ ਵਸਦਾ ਹੈ ਜਿਸਦਾ ਨਾਂਅ ਹੈ 'ਪਿੰਡ ਪਾਲਦੀ' । ਉਥੋਂ ਦੇ 1888 'ਚ ਸਿੱਖ ਪਰਿਵਾਰ 'ਚ ਜਨਮੇ ਮੀਆਂ ਸਿੰਘ ਸਪੁੱਤਰ ਬੂਲਾ ਸਿੰਘ ਆਪਣੇ ਦੋ ਸਾਥੀਆਂ ਕਪੂਰ ਸਿੰਘ ਅਤੇ ਦੁੱਮਣ ਸਿੰਘ ਨਾਲ ਰੋਜ਼ੀ ਰੋਟੀ ਕਮਾਉਣ ਲਈ 1906 'ਚ ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਗਏ। ਜ਼ਿੰਦਗੀ ਦੇ ਨਿਰਵਾਹ ਦੇ ਚਲਦੇ ਸੰਘਰਸ਼ ਅਖੀਰ 1915-16 'ਚ ਕੈਨੇਡਾ ਦੇ ਵਿਕਟੋਰਿਆ ਦੇ ਆਈਲੈਂਡ ਵਿਚ 'ਡੰਕਨ ਵੈਲੀ' ਕੋਲ ਰੇਲਵੇ ਲਾਈਨਾਂ 'ਤੇ ਨੌਕਰੀ ਕਰਨ ਲੱਗੇ।

1914 'ਚ ਸ਼ੁਰੂ ਹੋਏ ਪਹਿਲੇ ਵਿਸ਼ਵ ਯੁੱਧ ਦੌਰਾਨ ਕੈਨੇਡਿਅਨ ਨੌਜਵਾਨਾਂ 'ਚ ਫੌਜ 'ਚ ਭਰਤੀ ਹੋਣ ਦਾ ਵੱਡਾ ਰੁਝਾਨ ਸੀ। ਉਸ ਵੇਲੇ ਕੈਨੇਡੀਅਨ ਗੋਰੇ ਵੱਡੀ ਗਿਣਤੀ 'ਚ ਲੱਕੜ ਦੀ ਇਕ 'ਸ਼ਾਹ ਮਿੱਲ' 'ਚ ਕੰਮ ਕਰਦੇ ਸਨ ਅਤੇ ਕੈਨੇਡੀਅਨ ਨੌਜਵਾਨਾਂ ਦਾ ਰੁਝਾਨ ਫੌਜ ਵੱਲ ਨੂੰ ਹੋ ਗਿਆ। ਤਾਂ ਉਸੇ ਮਿੱਲ੍ਹ 'ਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪਾਲਦੀ ਦੇ ਮੀਆਂ ਸਿੰਘ ਅਤੇ ਉਸਦੇ ਸਾਥੀ ਕਪੂਰ ਸਿੰਘ ਤੇ ਦੁੱਮਣ ਸਿੰਘ ਅਤੇ ਹੋਰ 34 ਦੇ ਕਰੀਬ ਨੌਜਵਾਨਾਂ ਨੇ ਇਹ ਮਿੱਲ੍ਹ ਲੀਜ਼ 'ਤੇ ਲੈ ਲਈ। ਪਾਲਦੀ ਪਿੰਡ ਵਾਲਾ ਮੀਆਂ ਸਿੰਘ ਤੋਂ ਮਾਇਓ ਸਿੰਘ ਬਣ ਗਿਆ। ਇਸ ਮਿੱਲ੍ਹ ਦਾ ਨਾਂਅ ਵੀ 'ਮਾਇਓ ਬ੍ਰਦਰਜ਼ ਟਿੰਬਰ ਕੰਪਨੀ' ਰੱਖਿਆ ਗਿਆ। ਕੁਦਰਤ ਦੀ ਅਜਿਹੀ ਨਿਗ੍ਹਾ ਸਵੱਲੀ ਹੋਈ ਕਿ ਮਾਇਓ ਬ੍ਰਦਰਜ਼ ਲੱਕੜ ਮਿੱਲ੍ਹ ਦੀ ਪੂਰੀ ਕੈਨੇਡਾ ਵਿਚ ਬੱਲੇ-ਬੱਲੇ ਹੋ ਗਈ। ਇਸ ਮਿੱਲ੍ਹ ਦਾ ਵਪਾਰ ਅਮਰੀਕਾ ਅਤੇ ਹੋਰ ਯੂਰਪੀਅਨ ਦੇਸ਼ਾਂ ਵਿਚ ਫੈਲ ਗਿਆ। ਮਾਇਓ ਦੀ ਪਹਿਚਾਣ ਅਮਰੀਕਾ ਦੇ ਧਨਾਢ ਬੰਦਿਆਂ ਵਿਚ ਹੋ ਗਈ। ਅਖੀਰ ਇਹ ਮਿੱਲ੍ਹ ਇਕੱਲੇ ਮਾਇਓ ਸਿੰਘ ਦੀ ਬਣ ਗਈ। ਇਸ ਦਾ ਨਾਂਅ 'ਮਾਇਓ ਬ੍ਰਦਰਜ਼' ਤੋਂ ਬਦਲ ਕੇ 'ਮਾਇਓ ਲੰਬਰ' ਕੰਪਨੀ ਰੱਖ ਲਿਆ ਗਿਆ। ਇਹ ਮਿੱਲ੍ਹ 14 ਹਜ਼ਾਰ ਏਕੜ ਵਿਚ ਫੈਲ ਗਈ । ਹਰ ਰੋਜ਼ 1 ਹਜ਼ਾਰ ਦੇ ਕਰੀਬ ਮੁਲਾਜ਼ਮ ਇਸ ਮਿੱਲ੍ਹ 'ਚ ਕੰਮ ਕਰਦੇ ਸਨ। ਜਿੰਨ੍ਹਾਂ ਵਿਚ ਵਧੇਰੇ ਸਿੱਖ ਪਰਿਵਾਰਾਂ ਤੋਂ ਇਲਾਵਾ ਗੋਰੇ, ਜਪਾਨੀ ਅਤੇ ਚੀਨੀ ਲੋਕ ਮਾਇਓ ਸਿੰਘ ਦੀ ਮਿੱਲ੍ਹ 'ਚ ਕੰਮ ਕਰਦੇ ਸਨ।

ਉਸਤੋਂ ਬਾਅਦ ਇਸ ਮਿੱਲ੍ਹ 'ਚ ਇੱਕ ਪਿੰਡ ਦੀ ਸਥਾਪਨਾ ਹੋਈ, ਜਿਸ ਦਾ ਨਾਂਅ ਮਾਇਓ ਸਿੰਘ ਨੇ ਆਪਣੇ ਜੱਦੀ ਦੇ ਪਿੰਡ ਦੇ ਨਾਂਅ 'ਤੇ 'ਪਿੰਡ ਪਾਲਦੀ' ਰੱਖਿਆ। ਜਿਸ 'ਚ ਸਿੱਖ ਭਾਈਚਾਰੇ ਦੇ ਲੋਕਾਂ ਤੋਂ ਇਲਾਵਾ ਜਪਾਨੀ ਲੋਕ ਵਸਣੇ ਸ਼ੁਰੂ ਹੋ ਗਏ। 1919 'ਚ ਉਥੇ ਵਸਦੇ ਸਿੱਖਾਂ ਨੇ ਕੈਨੇਡਾ ਦੇ ਇਸ ਪਿੰਡ ਪਾਲਦੀ ਵਿਚ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ। ਜਿਸਦਾ ਨਾਂਅ ਰੱਖਿਆ ਗਿਆ 'ਪਾਲਦੀ ਸਿੱਖ ਟੈਂਮਪਲ'। ਇਸਤੋਂ ਇਲਾਵਾ ਸਮੇਂ ਦੇ ਬੀਤਣ ਨਾਲ ਪਿੰਡ ਵਿਚ ਸਕੂਲ, ਪੋਸਟ ਆਫਿਸ, ਜਪਾਨੀ ਟੈਂਪਲ, ਸਟੋਰ ਆਦਿ ਸਥਾਪਿਤ ਹੋਏ। 1925 'ਚ ਮਾਇਓ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਆਪਣਾ ਇਕ ਆਲੀਸ਼ਾਨ ਮਕਾਨ ਬਣਾਇਆ। ਉਸ ਵਕਤ ਜਦੋਂ ਆਮ ਬੰਦੇ ਲਈ ਇਕ ਸਾਈਕਲ ਖਰੀਦਣਾ ਵੀ ਇਕ ਵੱਡੀ ਚੁਣੌਤੀ ਸੀ ਤਾਂ ਮਾਇਓ ਸਿੰਘ ਨੇ ਹਵਾਈ ਜਹਾਜ਼ ਰੱਖਿਆ ਸੀ ਅਤੇ ਉਸਨੇ ਆਪਣੇ ਘਰ ਹੈਲੀਪੈਡ ਬਣਾਇਆ ਸੀ। ਦੁਨੀਆ ਦੀ ਮਸ਼ਹੂਰ ਕੰਪਨੀ ਰੋਲਸ ਰਾਇਸ ਦੀਆਂ ਦੋ ਮਹਿੰਗੀਆਂ ਵੱਡੀਆਂ ਕਾਰਾਂ ਉਸ ਕੋਲ ਮੌਜੂਦ ਸਨ। ਮਾਇਓ ਸਿੰਘ ਦਸਾਂ ਨੌਹਾਂ ਦੀ ਕਿਰਤ 'ਚੋਂ ਯੂਨੀਵਰਸਿਟੀ ਆਫ ਵਿਕਟੋਰੀਆ ਨੂੰ ਦਾਨ ਦਿੰਦਾ ਸੀ। 1937 'ਚ ਇਥੇ 100 ਤੋਂ ਵੱਧ ਸਿੱਖਾਂ ਦੇ ਘਰ ਅਤੇ ਪਰਿਵਾਰ ਸਨ। ਜਿੰਨ੍ਹਾਂ ਦੀ ਵਸੋਂ 1500 ਤੋਂ 2000 ਦੇ ਕਰੀਬ ਸੀ। ਪਿੰਡ ਪਾਲਦੀ ਨੂੰ ਕੈਨੇਡਾ ਦੇ ਸਿੱਖਾਂ ਦਾ ਪਿੰਡ ਕਿਹਾ ਜਾਂਦਾ ਹੈ। ਪਿੰਡ ਦੀਆਂ ਗਲੀਆਂ ਦੇ ਨਾਮ ਜੋ ਅੱਜ ਵੀ ਉਥੋਂ ਦੀਆਂ ਗਲੀਆਂ 'ਚ ਅੱਜ ਵੀ ਲੱਗੀਆਂ ਨੇਮ ਪਲੇਟਾਂ ਇਸ ਗੱਲ ਦਾ ਗਵਾਹ ਹਨ ਜਿਸ ਵਿਚ ਇਕ ਗਲੀ ਕਪੂਰ ਸਿੰਘ ਦੇ ਨਾਂਅ 'ਤੇ, ਇੱਕ ਦਾ ਨਾਮ ਦੁੱਮਣ ਸਿੰਘ ਤੇ ਇੱਕ ਗਲੀ ਦਾ ਨਾਂਅ ਉਸਦੀ ਧਰਮਪਤਨੀ ਬਿਸ਼ਨ ਕੌਰ ਦੇ ਨਾਮ, ਜਦਕਿ ਇਕ ਹੋਰ ਗਲੀ ਦਾ ਨਾਮ ਉਸਦੀ ਬੇਟੀ ਜਿੰਦੋ (ਜੋਗਿੰਦਰ ਕੌਰ) ਦੇ ਨਾਮ 'ਤੇ ਹੈ। ਇਹ ਪਾਲਦੀ ਪਿੰਡ, ਵਿਕਟੋਰੀਆ ਤੋਂ 74 ਕਿਲੋਮੀਟਰ ਦੂਰ ਅਤੇ ਡੰਕਨ ਵੈਲੀ ਤੋਂ 13 ਕਿਲੋਮੀਟਰ ਦੂਰ ਉੱਤਰ ਵਾਲੇ ਪਾਸੇ ਹੈ । 1948 'ਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਉਚੇਚੇ ਤੌਰ 'ਤੇ ਮਾਇਓ ਸਿੰਘ ਦੇ ਘਰ ਅਤੇ ਉਸਦੀ ਮਿੱਲ੍ਹ ਦੇਖਣ ਗਏ। ਮਾਇਓ ਸਿੰਘ ਦੇ 7 ਬੱਚੇ ਸਨ। ਜਦੋਂ ਵੀ ਉਸਦੇ ਘਰ ਕੋਈ ਬੱਚਾ ਪੈਦਾ ਹੁੰਦਾ ਤਾਂ ਉਹ ਆਪਣੀ ਇਕ ਦਿਨ ਦੀ ਤਨਖਾਹ ਵਿਕਟੋਰੀਆ ਯੂਨੀਵਰਸਿਟੀ ਨੂੰ ਦਾਨ ਕਰਦੇ ਸਨ।

(ਬਾਕੀ ਸਫਾ 16 'ਤੇ)

# ਵਰਤਮਾਨ ਸਮੱਸਿਆਵਾਂ- ਸਮਾਧਾਨ ਤੇ ਗਿਆਨੀ ਦਿੱਤ ਸਿੰਘ ਜੀ



ਡਾ.ਇੰਦਰਜੀਤ ਸਿੰਘ ਗੋਗੋਆਣੀ
ਖਾਲਸਾ ਕਾਲਜ ਅੰਮ੍ਰਿਤਸਰ

ਗਿਆਨੀ ਦਿੱਤ ਸਿੰਘ ਜੀ ਦਾ ਸੰਸਾਰਕ ਜੀਵਨ 21 ਅਪ੍ਰੈਲ, 1850 ਤੋਂ 6 ਸਤੰਬਰ 1901 ਈਸਵੀ ਤੱਕ ਬਹੁਤ ਹੀ ਸੀਮਿਤ ਜਿਹੇ ਸਮੇਂ ਵਿੱਚ ਹੈ, ਪਰ ਆਪ ਦੀ ਕਰਨੀ ਹੈਰਾਨੀਜਨਕ ਹੈ। ਆਪ ਇੱਕ ਅਨੁਭਵੀ ਕਵੀ, ਵਾਰਤਾਕਾਰ, ਪੱਤਰਕਾਰ, ਟੀਕਾਕਾਰ, ਇਤਿਹਾਸਕਾਰ, ਗੋਸ਼ਟੀਕਾਰ ਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਉਨ੍ਹਾਂ ਦਾ ਸਾਧਾਰਨ ਲੋਕਾਂ ਨੂੰ ਸਮਝਾਉਣ ਦਾ ਢੰਗ ਕਾਬ-ਏ-ਤਾਰੀਫ਼ ਸੀ।

ਇੱਕ ਸਦੀ ਤੋਂ ਉੱਪਰ ਸਮਾਂ ਬੀਤਣ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਰਚਨਾਵਾਂ ਦੀ ਅਹਿਮੀਅਤ ਸਦਾ ਰਹੇਗੀ ਅੱਜ ਵੀ ਸਾਡੇ ਦੇਸ਼ ਦੀ ਤਸਵੀਰ ਉਹੀ ਹੈ, ਜੋ ਉਨ੍ਹਾਂ 'ਗੁੱਗਾਗਪੌੜਾ' ਪੁਸਤਕ ਵਿੱਚ ਪੇਸ਼ ਕੀਤੀ ਹੈ....

ਦੇਖੋ ਮੂਰਖ ਦੇਸ਼ ਅਸਾਡਾ
ਕਿਕੁਰ ਡੁੱਬਦਾ ਜਾਂਦਾ
ਸੱਪਾਂ ਕੁੱਤਿਆਂ ਬਿੱਲਿਆਂ ਕਾਵਾਂ
ਆਪਨੇ ਪੀਰ ਬਣਾਂਦਾ।
ਇੱਧਰ ਗੁਰਾਂ ਦੇ ਨਾਂ ਉੱਤੇ ਜਿਊਂਦੇ

ਪੰਜਾਬ ਦੀ ਹਾਲਤ ਦੇਖੀਏ ਤਾਂ ਹਰ 10-20 ਕਿ-ਲੋਮੀਟਰ ਉੱਤੇ ਨਾਮਦਾਨ ਦੇਣ ਵਾਲਿਆਂ ਦਾ ਡੇਰਾ ਆ ਜਾਂਦਾ ਹੈ, ਹਰ ਪੰਜਵੇਂ ਪਿੰਡ 'ਚ ਧਾਗੇ ਤਵੀਤ ਦੇਣ ਵਾਲੇ, ਹਰ ਦਸਾਂ ਪਿੰਡਾਂ ਪਿੱਛੇ ਢੋਲ-ਚਿਮਟਾ ਕੁੱਟ ਕੇ ਭੂਤ ਕੱਢਣ ਵਾਲੇ, ਥਾਂ-ਥਾਂ ਕਬਰਾਂ, ਮੜ੍ਹੀਆਂ ਦੀ ਪੂਜਾ ਤੇ ਹਰ ਜਿਲ੍ਹੇ 'ਚ ਕਿਤੇ ਨਾ ਕਿਤੇ ਸ਼ਰਾਬਾਂ, ਖੀਰਾਂ, ਦੁੱਧਾਂ ਦੇ ਚੜ੍ਹਾਵੇ ਚੜ੍ਹਦੇ ਹਨ। ਇਹ ਸਾਰੀਆਂ ਬਿਮਾਰੀਆਂ ਸਿੱਖ ਘਰਾਣਿਆਂ ਵਿੱਚ ਹਨ। 'ਨਕਲੀ ਸਿੱਖ ਪ੍ਰਬੋਧ' ਪੁਸਤਕ ਵਿੱਚ ਐਸੀ ਸੋਚ ਵਾਲੇ ਸਿੱਖਾਂ ਨੂੰ ਗਿਆਨੀ ਜੀ ਨੇ ਫਿਟਕਾਰਾਂ ਪਾਈਆਂ ਹਨ।

ਗੁਰਮਤਿ ਕੋ ਆਦਰ ਨਹੀਂ,
ਅਨਮਤੋਂ ਕੇ ਦਾਸ।
ਕਹੋ ਭਲਾ ਇਸ ਕਰਮ ਤੇ,
ਕਿਉਂ ਹੋ ਕਾਰਜ ਰਾਸ?
ਗੁਰੂ ਗ੍ਰੰਥ ਕੁਛ ਕਹਤ ਹੈ,
ਯਹ ਕਰਹੈਂ ਕੁਛ ਔਰ।
ਕਹੋ ਅਜੇਹਾ ਖਾਲਸਾ,
ਕਿਉਂ ਪਾਵੋ ਗੁਰ ਠੌਰ।
ਕਹਨੀ ਸੂਰਤ ਸਿੰਘ ਕੀ,
ਰਹਨੀ ਗੀਦੜ ਦੇਖ।
ਗੁਰ ਆਗਯਾ ਕਰ ਭੰਗ ਇਨ,
ਹਰ ਲੀਨੇ ਨਿਜ ਲੇਖ।
ਗੁਰੂ ਬਨਾਏ ਔਰ ਥੇ,
ਇਹ ਬਨ ਬੈਠੇ ਔਰ।
ਬਨੇ ਭੂੰਡ ਯਹ ਗੋਬਰੀ,
ਗੁਰ ਕੀਨੇ ਥੇ ਭੌਰ।

ਹੁਣ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਕੋਈ ਵੀ ਝੂਠੀ ਅਫ਼ਵਾਹ ਉਡਾ ਦੇਵੇ ਤੇ ਕੋਈ ਵੀ ਨਵਾਂ ਪਾਖੰਡ ਰਚਾ ਲਵੋ ਫੇਰ ਅੰਨੇ ਤੇ ਅਗਿਆਨੀ ਲੋਕ ਧੜਾ-ਧੜ ਪਿੱਛੇ ਲੱਗ ਜਾਂਦੇ ਹਨ। ਇੱਥੇ ਕਿਹਾ ਜਾਂਦਾ ਭਾਵੇਂ ਸੁਆਹ ਦੀਆਂ ਪੁੜੀਆਂ ਵੇਚ ਲਓ, ਭਾਵੇਂ ਤਵੀਤ ਵੇਚ ਲਵੋ, ਛੱਪੜਾਂ ਦਾ ਪਾਣੀ, ਮੋਮਬੱਤੀਆਂ, ਹਰੀਆਂ ਚੂੜੀਆਂ, ਨਾਰੀਅਲ, ਸ਼ਨੀਵਾਰ ਨਿੰਬੂ ਮਿਰਚਾਂ, ਮੂਰਤੀਆਂ ਨੂੰ ਦੁੱਧ ਪਿਲਾਵੋ, ਨਜ਼ਰਾਂ ਉਤਾਰੋ ਆਦਿ ਹਰ ਭਰਮ ਨਿਤ ਦਿਨ ਵੱਧਦਾ ਹੈ। ਇਸ ਤਰ੍ਹਾਂ ਦੀ ਵਹਿਮੀ ਮਾਨਸਿਕਤਾ ਨੂੰ ਹਰ ਸ਼ੈਤਾਨ ਲੁੱਟ ਰਿਹਾ ਹੈ। ਇਹ ਬੌਧਿਕ ਤੇ ਆਰਥਿਕ ਲੁੱਟ ਹੈ। ਗਿ. ਦਿੱਤ ਸਿੰਘ ਜੀ ਨੇ 'ਦੰਭ ਵਿਦਾਰਨ' ਪੁਸਤਕ ਵਿੱਚ ਸਾਡੇ ਦੇਸ ਦੀ ਹੀ ਤਸਵੀਰ ਪੇਸ਼ ਕੀਤੀ ਹੈਜਿਸ

ਤੇ ਜਿਸ ਨੇ ਜੋ ਕਹਾ,
ਮਾਨ ਗਏ ਮਤ ਹੀਨ।
ਤਿਸ ਹੀ ਪਰ ਦ੍ਰਿੜ ਹੋ ਗਏ,
ਜਾਣਹਿ ਤੱਤ ਕਬੀਨ।
ਇਸੀ ਵਾਸਤੇ ਦੇਸ ਇਹ,
ਗਿਆ ਅਧੋਗਤਿ ਮਾਹਿ।
ਅਪਨੀ ਬੁੱਧੀ ਰਹੀ ਜਦ,
ਇਨ ਲੋਗਨ ਸਿਰ ਨਾਹਿ।

ਜਦੋਂ ਆਪਣੀ ਬੁੱਧੀ ਆਪਣੇ ਸਿਰ 'ਚ ਹੀ ਨਾ ਰਹੀ ਤਾਂ ਸਾਰਾ ਦੇਸ ਅਧੋਗਤੀ ਵਿੱਚ ਗਰਕ ਜਾਂਦਾ ਹੈ। ਬਾਕੀਆਂ ਦੀ ਗੱਲ ਛੱਡੋ, ਅਜੋਕੇ ਸਿੱਖ ਸਮਾਜ ਦੀ ਗੱਲ ਕਰੀਏ, ਤਾਂ ਇੱਥੇ ਗ਼ੈਰਸਿੱਖ ਵੀ ਵੱਸਦੇ ਹਨ, ਪਰ ਉਹ ਕਿਸੇ ਸ਼ੇਖ਼ ਫੱਤੇ, ਰੋਡੇ ਸ਼ਾਹ, ਬੱਗੇ ਸ਼ਾਹ ਜਾਂ ਧਾਉਲੀ ਧਾਰ ਵਾਲੇ ਦੇ ਘੱਟ ਹੀ ਜਾਂਦੇ ਹਨ, ਪਰ ਦੂਜੇ ਪਾਸੇ ਕਈ ਸਿੱਖ ਸਿੱਖਣੀਆਂ ਆਪਣੇ ਗੁਰੂ ਦਾ ਦਰ ਛੱਡ ਕੇ ਮਨਮੱਤੀਆਂ ਦੇ ਸਥਾਨਾਂ ਵੱਲ ਦੌੜਦੇ ਹਨ। ਗਿਆਨੀ ਜੀ ਦੀ ਪੁਰਾਤਨ ਰਚਨਾ 'ਮੀਰਾਂ ਮਨੌਤ ਤੇ ਸੈਲਾਨੀ ਸਿੰਘ' ਵਿੱਚ ਇਸ ਦਾ ਵੇਰਵਾ ਵਰਤਮਾਨ ਸਮੇਂ ਉੱਤੇ ਸਹੀ ਢੁੱਕਦਾ ਹੈ-



ਸਾਰਾ ਜਗਤ ਖ਼ੁਸ਼ੀ ਹੈ ਵੱਸਦਾ।
ਆਪਣੇ ਰੰਗਾਂ ਅੰਦਰ ਰੱਸਦਾ।
ਪਰ ਨਾ ਕਿਸੇ ਪਕੜਦਾ ਮੀਆਂ।
ਸੁੱਖ ਤੇ ਵੱਸਣ ਮਾਵਾਂ ਧੀਆਂ।
ਪਰ ਇਹ ਸਿੱਖ ਨਮਾਣੇ ਚਾਇ।
ਤੁਰਤ ਪੀਰ ਨੇ ਪਕੜੇ ਆਇ।
ਫਿਰਨ ਮਰਦ ਪਕੜੀਆਂ ਨਾਰਾਂ।
ਕਰਦਾ ਮਨ ਭਾਵੰਦੀ ਮਾਰਾਂ।
ਨਹੀਂ ਇਹਨਾਂ ਨੂੰ ਛੱਡੇ ਉਹ।
ਦੇਵਣ ਦੁੱਧ ਮੱਝ ਦਾ ਚੋਅ।

ਹੁਣ ਇਹ ਖੁਆਰੀ ਪੰਜਾਬ ਵਿੱਚ ਕਈ ਥਾਂਈਂ ਅਤੇ ਪੰਜਾਬੋਂ ਬਾਹਰ ਵੀ ਹੋ ਰਹੀ ਹੈ। ਕਾਰਨ ਵੀ ਸਪੱਸ਼ਟ ਹੈ ਕਿ ਸ਼ੈਤਾਨ ਤੇ ਪਾਖੰਡੀ ਲੋਕਾਂ ਨੇ ਹਰ ਯੁੱਗ ਵਿੱਚ ਸਮਾਜ ਨੂੰ ਠੱਗਿਆ ਤੇ ਗੁੰਮ-ਰਾਹ ਕੀਤਾ ਹੈ। ਗਿਆਨੀ ਜੀ ਨੇ 'ਦੁਰਗਾ ਪ੍ਰਬੋਧ' ਵਿੱਚ ਠੱਗਾਂ ਦੀ ਬਿਰਤੀ ਬਿਆਨ ਕੀਤੀ ਹੈ।

ਠੱਗ ਜਿਵੇਂ ਠੱਗੀ ਸਮਯ,
ਜੁਦੇ ਜੁਦੇ ਹੁਇ ਜਾਤ।
ਪਰ ਅੰਦਰ ਮੈਂ ਹੋਤ ਹੈ,
ਸਭਨਾ ਦੀ ਇਕ ਬਾਤ।

ਇਹੋ ਹੀ ਨੁਕਤਾ ਗਿਆਨੀ ਜੀ ਨੇ 'ਨੀਤੀ ਪ੍ਰਕਾਸ਼' ਵਿੱਚ ਦਿੱਤਾ ਹੈ ਕਿ ਜਿਵੇਂ ਰੀਠਾ ਦੇਖਣ ਨੂੰ ਤਾਂ ਮਿੱਠੇ ਬੇਰ ਵਰਗਾ ਪ੍ਰਤੀਤ ਹੁੰਦਾ ਹੈ, ਪਰ ਨਿਰਾ ਜ਼ਹਿਰ ਹੈ। ਇਸੇ ਤਰ੍ਹਾਂ ਦੁਸ਼ਟ ਪੁਰਖ ਵੀ ਭੇਖ ਧਾਰ ਕੇ ਭੁਲੇਖਾ ਪਾ ਜਾਂਦੇ ਹਨ। ਅੱਜ ਪੰਜਾਬ 'ਚ ਫੈਲਿਆ ਦੇਹਧਾਰੀ ਗੁਰੂਡੰਮ ਇਸ ਦਾ ਪ੍ਰਤੱਖ ਪ੍ਰਮਾਣ ਹੈ। ਸਰਸਾ, ਬਿਆਸਾ, ਨੂਰਮਹਿਲੀਏ, ਨਕਲੀ ਨਿਰੰਕਾਰੀਆਂ ਦੇ ਬਾਹਰੀ ਭੇਖ ਨੇ ਕਈ ਸਿੱਖ ਪਰਿਵਾਰ ਵੀ ਆਪਣਏ ਜਾਲ ਵਿੱਚ ਫਸਾ ਲਏ ਹਨ। ਐਸੇ ਭੋਲੇ-ਭਾਲੇ ਗੁੰਮਰਾਹ ਹੋਏ ਲੋਕਾਂ ਨੂੰ ਇਹ ਪੰਕਤੀਆਂ ਸੁਚੇਤ ਕਰ ਰਹੀਆਂ ਹਨ-

ਰੀਠੇ ਮੀਠੇ ਬੇਰ ਸਮ,
ਦੇਖਣ ਕੋ ਮਿਲ ਜਾਤ।
ਤਿਉਂ ਦੁਰਜਨ ਸਮ ਸੁਜਨ ਕੇ,
ਭੇਖ ਧਾਰ ਦਰਸਾਤ।

ਇਸ ਦੀ ਪਰਖ ਨਾ ਕਰ ਸਕਣਾ ਅਗਿਆਨਤਾ ਹੈ ਅਤੇ ਇਹ ਭਟਕਨਾ ਦਾ ਕਾਰਨ ਗਿਆਨ ਦੀ ਅਣਹੋਂਦ ਹੈ। 'ਗੁਰਮਤਿ ਆਰਤੀ ਪ੍ਰਬੋਧ' ਪੁਸਤਕ ਵਿੱਚ ਇਸ ਦਾ ਵੇਰਵਾ ਇਉਂ ਦਿੱਤਾ ਹੈ-

ਇਸ ਅਗਯਾਨ ਨਚਾਇਆ,
ਇਹ ਸਾਰਾ ਸੰਸਾਰ।
ਵੱਡੇ-ਵੱਡੇ ਪੰਡਤ ਕਰੇ,
ਜਿਸ ਨੇ ਪਕੜ ਗਵਾਰ।

ਇਸੇ ਤਰ੍ਹਾਂ ਸਭ ਤੋਂ ਵੱਡਾ ਭਰਮ ਤੇ ਪਾਖੰਡ ਕਰਮ ਦਿਨਾਂ ਦਿਹਾਰਾਂ ਤੇ ਥਿੱਤਾਂ ਮਹੀਨਿਆਂ ਦੀਆਂ ਵਿਚਾਰਾਂ ਤੋਂ ਲੈ ਕੇ, ਵਰਤ ਸਰਾਧਾਂ ਦੀਆਂ ਫੋਕਟ ਵਿਚਾਰਾਂ ਵਿੱਚ ਘੁੰਮਦਾ, ਮੰਤਰਾਂ-ਜੰਤਰਾਂ- ਤੰਤਰਾਂ ਦੇ ਭਰਮ ਜਾਲ ਵਿੱਚ ਆ ਉਲਝਦਾ ਹੈ। ਇਹ ਰੁਝਾਨ ਅਜੋਕੇ ਸਮੇਂ ਵਿੱਚ ਹੋਰ ਵੀ ਖ਼ਤਰਨਾਕ ਹੋ ਗਿਆ ਹੈ। ਗਿਆਨੀ ਜੀ ਇਨ੍ਹਾਂ ਪਾਖੰਡਵਾਦੀ ਲੋਕਾਂ ਦੀ ਹਕੀਕਤ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਇਹ ਲੋਕ ਰਿੱਧੀਆਂ- ਸਿੱਧੀਆਂ ਰੱਖਦੇ ਹਨ ਤਾਂ ਦਰ-ਦਰ ਕਿਉਂ ਮੰਗਦੇ ਫਿਰਦੇ ਹਨ? ਇਹ ਹਜ਼ਰਤ ਬਣ ਕੇ ਕਿਉਂ ਨਹੀਂ ਬੈਠ ਜਾਂਦੇ? 'ਦੁਰਗਾ ਪ੍ਰਬੋਧ' ਵਿੱਚ ਇਹ ਪਾਖੰਡ ਕਰਮ ਨੂੰ ਇਉਂ ਉਘਾੜਿਆ ਹੈ-

ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧ,
ਜੋ ਇਨ ਮਹਿ ਕਛੁ ਹੋਇ।
ਹਜਰਤ ਹ੍ਵੈ ਆਪਹਿ ਰਵਹਿ,
ਮਾਂਗਤ ਫਿਰਤ ਨਾ ਕੋਇ।

ਅੱਗੇ ਜਾ ਕੇ ਸਿੱਖਾਂ ਨੂੰ ਸੰਬੋਧਨ ਹੁੰਦਿਆਂ ਕਬਰਾਂ ਮੜ੍ਹੀਆਂ ਦੀ ਅਸਲੀਅਤ ਦੱਸ ਕੇ ਆਪਣੇ ਗੁਰੂ ਉੱਤੇ ਮਾਣ ਕਰਨਾ ਦੱਸਿਆ ਹੈ-

ਕਿਆ ਗੁਰ ਤੇ ਇਹ ਜੋਰਾਵਰ ਹੈ।
ਮੜੀਆਂ ਦੇ ਵਿਚ ਜਿਸ ਦਾ ਘਰ ਹੈ।

ਸਭ ਤੋਂ ਵੱਡੀ ਗੱਲ ਕਿ ਉਨ੍ਹਾਂ ਨੇ ਸਾਡੇ ਅੱਜ ਵਰਗੇ ਭਾਵਨਾ ਵਿਹੂਣੇ, ਗੁਰਬਾਣੀ ਰੱਸ ਤੋਂ ਵਾਂਝੇ, ਕੁਝ ਕੁ ਅਸ਼ਰਧਕ ਵਿਦਵਾਨਾਂ ਵਾਂਗ ਆਪਣੇ ਅਮੀਰ ਧਰਮ ਸਿਧਾਂਤਾਂ ਉੱਤੇ ਕੁਹਾੜਾ ਨਹੀਂ ਚਲਾਇਆ, ਸਗੋਂ ਨਾਮ ਦੀ ਮਹਿਮਾ ਗੁਰਬਾਣੀ ਵਿਚਾਰ, ਬਾਣੀ-ਬਾਣਾ ਅਤੇ ਕਲਗੀਧਰ ਪਿਤਾ ਜੀ ਲਈ ਅਥਾਹ ਵਿਸ਼ਵਾਸ ਦ੍ਰਿੜ੍ਹ ਕਰਵਾਇਆ ਹੈ। ਜਿਵੇਂ-

ਦਸਮੇ ਗੁਰ ਦੀ ਓਟ ਲੈ,
ਤੇਗ ਗਿਆਨ ਦੀ ਕੱਢ।
ਇਸ ਮੀਏਂ ਸੁਲਤਾਨ ਦਾ,
ਫਸਤਾ ਦੇਸਾਂ ਵੱਢ। (ਸੁਲਤਾਨ ਪੁਆੜਾ)

ਇਹ ਸਵੈ-ਮਾਣ ਤੇ ਸਵੈ-ਵਿਸ਼ਵਾਸ ਪੈਦਾ ਕਰਨਾ ਹੀ ਉਨ੍ਹਾਂ ਦੀਆਂ ਰਚਨਾਵਾਂ ਦਾ ਤੱਤ ਸਾਰ ਰਿਹਾ ਹੈ। ਸੰਨ 1886 ਤੋਂ 1901 ਤੱਕ 'ਖਾਲਸਾ ਅਖਬਾਰ ਲਾਹੌਰ' ਵਿੱਚ ਛਪੇ ਬੇਗਿਣਤ ਲੇਖ, ਸੰਪਾਦਕੀਆਂ, ਨਵੇਂ-ਨਵੇਂ ਕਾਲਮ ਉਨ੍ਹਾਂ ਦੇ ਕੌਮੀ ਦਰਦ ਦੇ ਗਵਾਹ ਹਨ। ਕਦੀ ਉਹ ਆਪਣੀ ਕੌਮ ਨੂੰ 'ਧਰਮ ਦਰਪਣ'

ਵਿੱਚ ਇਉਂ ਸਮਝਾਉਂਦੇ ਹਨ-

ਪਰ ਤੂੰ ਦੇਖੀਂ ਵਾਂਗ ਗਵਾਰਾਂ,
ਧੋਖਾ ਨਾ ਖਾ ਜਾਈਂ।
ਲੱਡੂ ਪੇੜੇ ਛੱਡ ਪਿਛਾਹਾਂ,
ਪੱਲੇ ਬੇਰ ਨਾ ਪਾਈਂ।

ਕਦੀ ਉਹ 'ਨੀਤੀ ਬਚਨ' ਰਾਹੀਂ ਆਪਣੇ ਪੰਥ ਦੇ ਵਾਰਸਾਂ ਨੂੰ ਸੁਚੇਤ ਕਰਦੇ ਹਨ ਕਿ ਫੋਕੇ ਆਡੰਬਰ ਵੇਖ ਕੇ ਵਿਸ਼ਵਾਸ ਨਾ ਕਰਿਉ। ਜੋ ਲਾਭ ਹਾਨੀ ਦੀ ਵਿਚਾਰ ਨਹੀਂ ਕਰਦਾ ਉਹ ਮੂਰਖ ਹੈ।

ਦੇਖ ਆਡੰਬਰ ਮਾਤ੍ਰ ਹੀ
ਜੋ ਕਰਕੇ ਵਿਸ਼ਵਾਸ।
ਹਾਨ ਲਾਭ ਅਪਨੀ ਚਹੇ,
ਸੋ ਮੂਰਖ ਦੁਖ ਰਾਸ।

ਜੇ ਸਿੱਖ ਪੰਥ ਦੀਆਂ ਧਾਰਮਿਕ ਸਮੱਸਿਆਵਾਂ ਦਾ ਹੱਲ ਸੀਮਤ ਸ਼ਬਦਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਗਿ. ਦਿੱਤ ਸਿੰਘ ਜੀ ਨੇ ਆਪਣੀ ਰਚਨਾ 'ਸੁਲਤਾਨ ਪੁਆੜਾ' ਵਿੱਚ ਗੁਰੂ ਦਾ ਸਿੰਘ ਪਰਕਰਣ ਦੌਰਾਨ ਇੱਕ ਦਵੈਯਾ ਬੁਲਾਇਆ ਹੈ, ਜੋ ਸਿੱਖੀ ਦੇ ਵਾਰਸਾਂ ਲਈ ਪ੍ਰੇਰਨਾ ਸ੍ਰੋਤ ਹੈ। ਹੱਦਾਂ ਬੰਨ੍ਹੇ ਟੱਪ ਰਹੇ ਨਸ਼ੇ, ਦੇਹਧਾਰੀ ਗੁਰੂਡੰਮ, ਪਤਿਤਪੁਣਾ ਤੇ ਭਰਮਾਂ ਪਾਖੰਡਾਂ ਦਾ ਇਲਾਜ ਇਹੋ ਹੀ ਹੈ-

ਅੰਮ੍ਰਿਤ ਛਕ ਕੇ
ਦਸਮੇਂ ਗੁਰ ਦੇ ਪੂਰੇ ਸਿੰਘ ਸਦਾਵੋ।
ਪੀਰਾਂ-ਮੀਰਾਂ ਅੱਗੇ ਮੁੜ ਕੇ,
ਕਦੇ ਨਾ ਸੀਸ ਝੁਕਾਵੋ।
ਵਾਹਿਗੁਰੂ ਦੀ ਫ਼ਤੇ ਬੁਲਾ ਕੇ,
ਮੜ੍ਹੀ ਮਸਾਣ ਉਠਾਓ।
ਗੁਰੂ ਗ੍ਰੰਥ ਦਾ ਪਾਠ ਕਰੋ ਨਿੱਤ,
ਬਾਣੀ ਮੈ ਮਨ ਲਾਓ।

# ਸਿੱਖਾਂ ਵੱਲੋਂ ਕੈਨੇਡਾ (ਵਿਕਟੋਰਿਆਂ) ਵਿਚ 100 ਸੌ ਸਾਲ ਪਹਿਲਾਂ ਵਸਾਏ ਪਿੰਡ 'ਪਾਲਦੀ' ਦੀ ਹੋਂਦ ਖਤਮ ਹੋਣ ਕਿਨਾਰੇ










(ਸਫਾ 15 ਦੀ ਬਾਕੀ)

ਅਖੀਰ ਕੁਦਰਤ ਨੇ ਪਾਸਾ ਪਲਟਿਆ। 50ਵੇਂ ਦਹਾਕੇ 'ਚ ਮਾਇਓ ਸਿੰਘ ਦੀ 'ਮਾਇਓ ਲੰਬਰ ਕੰਪਨੀ' ਮਿੱਲ੍ਹ ਫੇਲ ਹੋਣ ਕਿਨਾਰੇ ਹੋ ਗਈ। ਉਸਦੇ ਸਾਥੀ ਕਪੂਰ ਸਿੰਘ ਵੈਨਕੂਵਰ ਚਲੇ ਗਏ। ਅਖੀਰ ਮਿੱਲ੍ਹ ਬੈਂਕ ਕੋਲ ਗਿਰਵੀ ਹੋ ਗਈ। ਸਿੱਖ ਪਰਿਵਾਰਾਂ ਨੇ ਪਿੰਡ ਪਾਲਦੀ ਛੱਡਣਾ ਸ਼ੂਰੂ ਕਰ ਦਿੱਤਾ। 1955 'ਚ ਮਾਇਓ ਸਿੰਘ , 1952 'ਚ ਉਸਦੀ ਪਤਨੀ ਦੀ ਮੌਤ ਹੋ ਗਈ। ਸਿੱਖਾਂ ਦਾ ਪਿੰਡ ਪਾਲਦੀ ਵਿਚੋਂ ਉਜਾੜਾ ਸ਼ੁਰੂ ਹੋ ਗਿਆ। ਮਾਇਓ ਸਿੰਘ ਦਾ ਆਲੀਸ਼ਾਨ ਮਕਾਨ ਖੰਡਰ ਬਣਾ ਕੇ ਤਬਾਹ ਹੋ ਗਿਆ। ਪਰਿਵਾਰ ਬਿਖਰ ਗਿਆ। ਉਸਦੇ ਪੋਤੇ ਪੋਤੀਆਂ 'ਤੇ ਪੱਛਮੀ ਸੱਭਿਆਚਾਰ ਭਾਰੂ ਹੋਗਿਆ ਤੇ ਉਹ ਗੋਰੇ ਗੋਰਿਆਂ ਵਾਲਾ ਜੀਵਨ ਬਿਤਾਉਣ ਲੱਗ ਪਏ। ਮਾਇਓ ਸਿੰਘ ਦੇ ਪਰਿਵਾਰ ਵਿਚੋਂ ਉਸਦੇ ਬੱਚੇ, ਪੋਤੇ ਪੋਤੀਆਂ, ਜਿੰਨ੍ਹਾਂ ਵਿਚ ਪੋਤ ਨੂੰਹ, ਜੌਨੀ ਟੇਲਰ, ਰੌਬਿਨ, ਦਵਿੰਦਰ, ਜੈਲੀ, ਡਾਰਸੀ, ਸ਼ੈਰੀ, ਵਗੈਰਾ ਸਿੱਖੀ ਸ੍ਵਰੂਪ ਤੋਂ ਦੂਰ ਆਪਣੀ ਹੋਰ ਜ਼ਿੰਦਗੀ ਵਿਚ ਹੀ ਮਘਨ ਹੋ ਗਏ।

ਮੇਰੀ ਕੈਨੇਡਾ ਯਾਤਰਾ ਦੌਰਾਨ ਮੈਨੂੰ ਇਹ ਜਗ੍ਹਾ ਸਿੱਖਾਂ ਦੇ ਉਜੜੇ ਬਾਗ ਨੂੰ ਨੇੜਿਉਂ ਦੇਖਣ ਦਾ ਮੌਕਾ ਮਿਲਿਆ। ਭਾਵੇਂ ਅੱਜ ਵੀ ਯੂਨੀਵਰਸਿਟੀ ਆਫ ਵਿਕਟੋਰੀਆ 'ਚ ਮਾਇਓ ਸਿੰਘ ਦੇ ਨਾਂਅ 'ਤੇ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਇੰਡੀਆ ਵਿਚ ਵੀ ਉਸਦੇ ਨਾਂਅ 'ਤੇ ਇਕ ਹਸਪਤਾਲ ਤੇ ਆਡੀਟੋਰੀਅਮ ਬਣੇ ਹੋਏ ਹਨ। ਅੱਜ ਵੀ ਉੱਜੜੇ ਪਾਲਦੀ ਪਿੰਡ 'ਚ ਮਾਇਓ ਲੰਬਰ ਮਿੱਲ੍ਹ ਕੋਲ 94 ਏਕੜ ਜ਼ਮੀਨ ਬੈਂਕ ਕੋਲ ਗਿਰਵੀ ਹੈ। ਉਸ 'ਤੇ 15 ਲੱਖ ਡਾਲਰ ਦਾ ਕਰਜ਼ਾ ਖੜ੍ਹਾ ਹੈ। ਪਿੰਡ ਪਾਲਦੀ ਵਿਚੋਂ ਸਿੱਖ ਕੂਚ ਕਰਕੇ ਡੰਕਨ ਵੈਲੀ ਅਤੇ ਹੋਰ ਥਾਵਾਂ 'ਤੇ ਚਲੇ ਗਏ ਹਨ ਜੋ ਸਿੱਖਾਂ ਨੇ ਉਥੇ ਸਕੂਲ ਬਣਾਇਆ ਸੀ ਉਹ 1997 ਵਿਚ ਬੰਦ ਹੋ ਗਿਆ। ਮਾਇਓ ਸਿੰਘ ਦਾ ਘਰ ਪੂਰੀ ਤਰ੍ਹਾਂ ਖੰਡਰ ਹੋਇਆ ਪਿਆ ਹੈ। ਸਿਰਫ ਦੋ ਕਮਰੇ ਖਸਤਾ ਹਾਲਤ 'ਚ ਖੜ੍ਹੇ ਹਨ। ਪਰ ਪਿੰਡ ਪਾਲਦੀ ਦਾ 99 ਸਾਲ ਪਹਿਲਾਂ ਬਣਿਆ ਗੁਰਦੁਆਰਾ ਸਹੀ ਸਲਾਮਤ ਹੈ। ਉਥੇ ਜਲੰਧਰ ਜ਼ਿਲ੍ਹਾ ਦਾ ਗ੍ਰੰਥੀ ਸੰਤੋਖ ਸਿੰਘ ਸੇਵਾ ਕਰਦਾ ਹੈ। ਗੁਰਦੁਆਰਾ ਸਾਹਿਬ 'ਚ ਮਹਾਰਾਜ ਦਾ ਸਰੂਪ ਹਰ ਰੋਜ਼ ਪ੍ਰਕਾਸ਼ ਹੁੰਦਾ ਹੈ। ਦੀਵਾਨ ਹਾਲ, ਲੰਗਰ ਹਾਲ ਵਧੀਆ ਰੂਪ 'ਚ ਹਨ। ਇਸ ਵਿਚ ਇਕ ਮਿਊਜ਼ੀਅਮ ਵੀ ਬਣਿਆ ਹੈ। ਜਿਥੇ ਮਾਇਓ ਸਿੰਘ ਅਤੇ ਹੋਰ ਸਿੱਖਾਂ ਵੱਲੋਂ ਕੀਤੇ ਸੰਘਰਸ਼ ਅਤੇ ਉਨ੍ਹਾਂ ਦੀਆਂ ਜ਼ਿੰਦਗੀ ਦੀਆਂ ਪ੍ਰਾਪਤੀਆਂ ਦੀਆਂ ਤਸਵੀਰਾਂ ਲੱਗੀਆਂ ਹੋਈਆ ਹਨ। ਮਾਇਓ ਸਿੰਘ ਦਾ ਪੋਤਾ ਮਿਸਟਰ ਰੌਬਿਨ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਹੈ। ਕੋਈ ਟਾਵਾਂ ਟਾਵਾਂ ਸਿੱਖ ਇੱਥੇ ਆਉਂਦਾ ਹੈ। ਗ੍ਰੰਥੀ ਸੰਤੋਖ ਸਿੰਘ ਦੇ ਦੱਸਣ ਮੁਤਾਬਕ ਨੇੜੇ ਪੈਂਦੀ ਡੰਕਨ ਵੈਲੀ ਵਿਚ ਰਹਿੰਦੇ ਸਿੱਖ ਪਰਿਵਾਰਾਂ ਦੀ ਕਦੇ ਕਦੇ ਇਥੇ ਇਕੱਤਰਤਾ ਹੁੰਦੀ ਹੈ। ਪਰ ਪਾਲਦੀ ਪਿੰਡ ਵਿਚ ਕੋਈ ਸਿੱਖ ਵੀ ਨਹੀਂ ਰਹਿੰਦਾ।

ਅਗਲੇ ਵਰ੍ਹੇ 2019 'ਚ ਪਿੰਡ ਪਾਲਦੀ ਦੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਦਾ 100ਵਾਂ ਵਰ੍ਹਾ ਹੈ। ਸਿੱਖੀ ਪ੍ਰਤੀ ਸਤਿਕਾਰ ਰੱਖਣ ਵਾਲੇ ਸਿੱਖਾਂ ਦੀ ਇਹ ਭਾਵਨਾ ਹੈ ਕਿ ਪਿੰਡ ਪਾਲਦੀ ਦੇ ਗੁਰੂਘਰ ਦਾ ਸਥਾਪਨਾ ਦਿਵਸ ਅਗਲੇ ਵਰ੍ਹੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇ । ਇਸ ਪਿੰਡ ਦੀ ਹੋਂਦ ਨੂੰ ਬਚਾਉਣ ਲਈ ਜੋ 15 ਲੱਖ ਦਾ ਬੈਂਕ ਦਾ ਕਰਜ਼ਾ ਖੜ੍ਹਾ ਹੈ, ਉਸਨੂੰ ਉਤਾਰ ਕੇ ਕਿਵੇਂ ਨਾ ਕਿਵੇਂ ਸਿੱਖਾਂ ਦੇ ਕੈਨੇਡਾ ਵਿਚ ਪਹਿਲੇ ਵਸਾਏ ਇਤਿਹਾਸਕ ਪਿੰਡ ਦੀ ਹੋਂਦ ਨੂੰ ਬਚਾਇਆ ਜਾਵੇ ਤੇ ਗੁਰੂ ਘਰ ਨੂੰ ਸੁਰੱਖਿਅਤ ਰੱਖਿਆ ਜਾਵੇ। ਜੇ ਸਿੱਖ ਸੰਸਥਾ ਇਹ ਉਪਰਾਲਾ ਕਰਦੀ ਹੈ ਤਾਂ ਇੱਕ ਵਧੀਆ ਕਦਮ ਹੋਵੇਗਾ, ਪਰ ਜੇ ਸਿੱਖਾਂ ਨੇ ਖਾਮੋਸ਼ੀ ਧਾਰ ਲਈ ਤਾਂ ਪਿੰਡ ਪਾਲਦੀ ਤੇ ਗੁਰੂ ਘਰ ਦੀ ਜ਼ਮੀਨ ਜੋ ਪਹਿਲਾਂ ਹੀ ਸਰਕਾਰ ਕੋਲ ਗਿਰਵੀ ਹੈ, ਦੀ ਹੋਂਦ ਕੈਨੇਡਾ ਦੇ ਕਾਨੂੰਨ ਮੁਤਾਬਕ ਨਸ਼ਟ ਹੋ ਜਾਵੇਗੀ। ਇਹ ਸਮਾਂ ਹੀ ਦੱਸੇਗਾ ਕਿ ਇਸ ਪਿੰਡ ਨੂੰ ਬਚਾਉਣ ਲਈ ਸਿੱਖ ਕੌਮ ਕਿਹੋ ਜਿਹੀ ਭੂਮਿਕਾ ਨਿਭਾਉਂਦੀ ਹੈ। ਜੇਕਰ ਨਹੀਂ ਤਾਂ ਕੈਨੇਡਾ ਸਰਕਾਰ ਦੀ ਭੂਮਿਕਾ ਨਾਲ ਇਸ ਪਿੰਡ ਦਾ ਉਜਾੜਾ ਯਕੀਨੀ ਹੈ।

# ਕਿਹੜੇ ਰਾਹ ਤੇ ਕਿਹੜੀਆਂ ਵਾਟਾਂ



ਕੇਹਰ ਸ਼ਰੀਫ
+49 173 3546050

ਬਹੁਤੇ ਲੋਕ ਆਮ ਤੌਰ 'ਤੇ ਸਮੇਂ ਦੀ ਧਾਰਾ ਵੇਖ ਕੇ ਚੱਲਣ ਦੇ ਆਦੀ ਹੋ ਗਏ ਹਨ। ਨਵੀਆਂ ਪੈੜਾਂ ਪਾਉਣ ਵਾਲੇ ਬਹੁਤ ਹੀ ਘੱਟ ਲੋਕ ਮਿਲਦੇ ਹਨ, ਜੋ ਸੱਚਮੁੱਚ ਜ਼ਿੰਦਗੀ ਨਾਲ ਸਬੰਧਤ ਗੰਭੀਰ ਮੁੱਦਿਆਂ/ਮਸਲਿਆਂ ਵਲ ਸੁਹਿਰਦਤਾ ਤੇ ਸੋਝੀ ਭਰੀ ਰੁਚੀ ਰੱਖਦੇ ਹੋਣ। ਬਹੁਤੇ ਤਾਂ 'ਵਗਦੀ ਗੰਗਾ' ਵਿਚ ਹੱਥ ਧੋ ਕੇ ਆਪਣਾ ਆਪ ਛੱਡ ਹੋਰਾਂ ਵਰਗੇ ਹੋਏ ਚਾਹੁੰਦੇ ਹਨ ਜਾਂ ਫੇਰ ਉਸ ਵੱਗ ਵਿਚ ਰਲ਼ਿਆ ਚਾਹੁੰਦੇ ਹਨ ਜਿਹੜਾ ਵੱਗ ਗਲ਼ ਪਈ ਪੰਜਾਲ਼ੀ ਦਾ ਭਾਰ ਢੋਣ ਅਤੇ ਖੋਪੇ ਲੱਗੀ ਜ਼ਿੰਦਗੀ ਨੂੰ ਹੰਢਾਉਣ ਦਾ ਆਦੀ ਹੋ ਚੁੱਕਿਆਂ ਹੈ, ਕਿਉਂਕਿ ਹਵਾ ਦੇ ਰੁਖ ਚੱਲਣਾ ਸੌਖਾ ਹੁੰਦਾ ਹੈ। ਹਵਾ ਦਾ ਰੁਖ ਮੋੜਨਾ ਔਖਾ ਤਾਂ ਜ਼ਰੂਰ ਹੁੰਦਾ ਹੈ ਪਰ ਅਸੰਭਵ ਬਿਲਕੁਲ ਨਹੀਂ। ਇਤਿਹਾਸ ਵਿਚ ਇਸ ਦੀਆਂ ਕਾਫੀ ਸਾਰੀਆਂ ਮਿਸਾਲਾਂ ਮਿਲਦੀਆਂ ਹਨ। ਇਤਿਹਾਸ ਸਿਰਜਣ ਵਾਸਤੇ ਸਦਾ ਹੀ ਸਿਦਕਵਾਨਾਂ ਦੀ ਲੋੜ ਪੈਂਦੀ ਹੈ। ਸਿਰੜ, ਸਿਦਕ, ਹੌਸਲੇ ਤੇ ਹਿੰਮਤ ਨਾਲ ਲੜਨ ਵਾਲਿਆਂ ਦੀ ਅੰਤ ਵਿਚ ਹਮੇਸ਼ਾ ਹੀ ਜਿੱਤ ਵੀ ਹੋਈ ਹੈ।

ਨਵੀਆਂ ਪੈੜਾਂ ਪਾਉਣ ਵਾਸਤੇ ਹੋਸ਼ ਭਰਪੂਰ ਨਵੀਂ ਸੋਚ, ਅਤੇ ਜੋਸ਼ ਭਰਪੂਰ ਤੋਰ ਦੀ ਲੋੜ ਪੈਂਦੀ ਹੈ। ਨਵੀਂ ਸੋਚ ਵਾਸਤੇ ਮਨ ਦਾ ਜਗਿਆਸੂ, ਖੋਜੀ ਤੇ ਪਾਰਖੂ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਨਵੇਂ ਤੇ ਪੁਰਾਣੇ ਅਤੇ ਖਰੇ-ਮਾੜੇ ਦੀ ਨਿਰਖ, ਪਰਖ ਕਰਨ ਵਾਸਤੇ ਸੋਚ ਨੂੰ ਤਿੱਖਿਆਂ/ਤਕੜਿਆਂ ਪਰ ਸਮਤੋਲ ਕਰਦਿਆਂ ਵਿਗਸੀ ਸੂਝ ਦੇ ਆਸਰੇ ਨਵੀਆਂ ਧਾਰਨਾਵਾਂ, ਨਵੀਆਂ ਜੁਗਤਾਂ ਨਾਲ ਜੁੜਨਾ/ਜੂਝਣਾ ਪੈਂਦਾ ਹੈ। ਇਹ ਤਾਂ ਫੇਰ ਉਹ ਹੀ ਕਰ ਸਕੇਗਾ ਜਿਸ ਦੇ ਮਨ ਮਸਤਕ ਵਿਚ ਨੇੜ੍ਹੇ ਸਮਿਆਂ ਪ੍ਰਤੀ ਚਿੰਤਾ ਦੇ ਨਾਲ ਹੀ ਇਸ ਨੂੰ ਬਦਲ ਸਕਣ ਵਾਲੇ ਸਾਹਸ ਭਰਪੂਰ ਚਿੰਤਨ ਦਾ ਦੀਵਾ ਵੀ ਬਲਦਾ ਹੋਵੇ, ਮਨੁੱਖਤਾ ਦਾ ਦਰਦ ਵਸਦਾ ਹੋਵੇ, ਲੋਕਾਈ ਦਾ ਦੁੱਖ ਹਰਨ ਦੀ ਤਾਂਘ ਘਰ ਕਰੀ ਬੈਠੀ ਹੋਵੇ ਤਾਂ ਫੇਰ ਉਹ ਆਪਣੇ ਵਿਚਾਰਾਂ ਨਾਲ, ਆਪਣੇ ਅਨੁਭਵ ਦੇ ਆਸਰੇ ਹੋਰਨਾਂ ਨੂੰ ਵੀ ਆਪਣੇ ਵਿਚਾਰਾਂ ਨਾਲ ਪ੍ਰਭਾਵਿਤ ਕਰਦਿਆਂ ਆਪਣੇ ਨਾਲ ਰਲਾ ਕੇ ਸੱਚ ਦੀ ਇਕ ਲਹਿਰ ਉਸਾਰਨ ਦਾ ਜ਼ੋਖ਼ਮ ਭਰਿਆ ਰਾਹ ਅਪਣਾ ਸਕਦਾ ਹੋਵੇ। ਸ਼ੁਰੂਆਤ ਭਾਵੇਂ ਕਿਸੇ ਇਕ ਜਾਂ ਕੁੱਝ ਦੇ ਵਿਚਾਰ ਨਾਲ ਹੁੰਦੀ ਹੈ ਪਰ ਅਜਿਹਾ ਕਾਰਜ ਕਿਸੇ ਵੀ ਲਹਿਰ ਤੋਂ ਬਿਨਾ ਅੱਗੇ ਨਹੀਂ ਵਧ ਸਕਦਾ। ਜਿਸ ਨੇ ਕਿਸੇ ਚੰਗੇ ਕਾਰਜ ਦਾ ਨਿਸਚਾ ਕਰ ਹੀ ਲਿਆ ਹੋਵੇ ਉਹ ਫੇਰ ਜਤਨ ਕਰਕੇ ਆਪਣੇ ਵਰਗੇ ਹੋਰ ਲੋਕ ਵੀ ਲੱਭ ਹੀ ਲੈਂਦਾ ਹੈ ਜੋ ਉਸ ਕਾਰਜ ਨੂੰ ਨੇਪਰੇ ਚਾੜ੍ਹਨ ਵਾਸਤੇ ਮੱਦਦਗਾਰ ਸਾਬਤ ਹੋ ਸਕਦੇ ਹੋਣ, ਔਖੇ ਕਾਰਜ ਦਾ ਭਾਰ ਵੰਡਾਅ ਸਕਦੇ ਹੋਣ। ਜਤਨ ਜਾਰੀ ਰੱਖੇ ਜਾਣ ਤਾਂ ਕੀਤੀ ਮਿਹਨਤ ਨੂੰ ਫਲ ਪੈਂਦਾ ਹੀ ਹੈ। ਇਹ ਵੀ ਅੱਜ ਦੀ ਦੁੱਖ ਭਰੀ ਅਸਲੀਅਤ ਹੈ ਕਿ ਜਿਵੇਂ ਜਿਵੇਂ ਇਨਸਾਨ ਦੀਆਂ ਪਦਾਰਥਕ ਲੋੜਾਂ ਪੂਰੀਆਂ ਹੁੰਦੀਆਂ ਜਾ ਰਹੀਆਂ ਹਨ ਉਸ ਦੀ ਪਦਾਰਥਕ ਭੁੱਖ ਹੋਰ ਵਧਦੀ ਜਾ ਰਹੀ ਹੈ। ਇਸ 'ਹੋਰ' ਦੀ ਗੈਰ ਜਰੂਰੀ ਪ੍ਰਾਪਤੀ ਉਸ ਨੂੰ ਗਲਤ ਰਾਹੇ ਤੋਰਦੀ ਹੈ ਜੋ ਆਖਰ ਉਸ ਨੂੰ ਬਦਇਖ਼ਲਾਕੀ ਦੀ ਝੋਲੀ ਪਾ ਦਿੰਦੀ ਹੈ। ਸੋਚਿਆ ਜਾਵੇ ਭਲਾਂ ਇਖ਼ਲਾਕਹੀਣ ਇਨਸਾਨ ਦਾ ਵੀ ਕੋਈ ਜੀਊਣ ਹੁੰਦਾ ਹੈ? ਇਨਸਾਨੀਅਤ ਪ੍ਰਤੀ ਮੋਹ ਭਰੇ ਦਰਦ ਵਾਲੇ ਪੱਖ ਨੂੰ ਬਹੁਤ ਸਾਰੇ ਲੋਕ ਅਣਗੌਲਿਆ ਕਰ ਜਾਂਦੇ ਹਨ। ਬਹੁਤੇ ਇਹਨੂੰ ਧਾਰਮਿਕਤਾ / ਰੂਹਾਨੀਅਤ ਨਾਲ ਹੀ ਜੋੜੀ ਜਾਂਦੇ ਹਨ ਜਦੋਂ ਕਿ ਅਸਲੀਅਤ ਵਿਚ ਅਜਿਹਾ ਨਹੀਂ ਹੈ। ਕਿਸੇ ਵੀ ਤਰ੍ਹਾਂ ਦੇ ਅਨਿਆਂ ਦੇ ਖਿਲਾਫ ਲੜਨਾ ਅਸਲ ਵਿਚ ਸੱਚ ਨਾਲ ਜੁੜਨ ਦਾ ਰਾਹ ਕਿਹਾ ਜਾ ਸਕਦਾ ਹੈ।

ਹਾਥੀ ਦੇ ਦੰਦਾਂ ਵਾਲੀ ਕਹਾਵਤ ਅੱਜ ਸੌ ਨਹੀਂ ਕਈ ਸੌ ਫੀਸਦੀ ਸੱਚ ਹੈ। ਆਪਣੇ ਆਪ ਨੂੰ ਸਮਾਜ ਸੇਵਕ ਕਹਾਉਣ ਵਾਲਿਆਂ ਵਿਚੋਂ ਬਹੁਤੇ ਸਿਆਸਤ ਦਾ "ਧੰਦਾ" ਕਰਦੇ ਹਨ। ਸਿਆਸਤਦਾਨਾਂ ਵਿਚਲੇ ਜਾਤੀ ਗਰਜਾਂ ਮਾਰੇ ਮੁਨਾਫੇਖੋਰਾਂ ਨੇ ਸਮਾਜ ਨੂੰ ਨਿਘਾਰ ਦੇ ਰਾਹੇ ਪਾ ਦਿੱਤਾ ਹੈ, ਜਿਸਨੂੰ ਸਾਫ ਕਰਨ ਵਾਲਾ ਕਾਸਟਕ ਸੋਢਾ ਕਿਧਰੇ ਨਹੀਂ ਮਿਲਦਾ। ਦੋਹਰੀ, ਦੋਗਲੀ ਜਾਂ ਗੈਰ ਯਤਾਰਥਕ, ਅਨੈਤਿਕ ਜ਼ਿੰਦਗੀ ਜੀਊਣ ਵਾਲੇ ਆਪ ਹੀ ਆਪਣੇ ਆਪ ਨੂੰ ਸਿਆਣੇ ਦੱਸਕੇ ਬਾਹਵਾਂ ਉਲਾਰ ਉਲਾਰ ਕੇ ਸਭ ਤੋਂ ਵੱਧ "ਨੈਤਿਕਤਾ" ਦਾ ਪ੍ਰਚਾਰ ਕਰਦੇ ਹਨ। ਬਸ, ਸਟੇਜ ਤੋਂ ਥੱਲੇ ਲਹਿਣ ਦੀ ਦੇਰ ਹੈ ਕਿ ਬਿਨਾ ਕਿਸੇ ਸ਼ਰਮ-ਹਯਾ ਤੋਂ ਉਹ ਉਸੇ ਨੈਤਿਕਤਾ ਦਾ ਕਤਲ ਕਰਦੇ ਨਜ਼ਰ ਆਉਣਗੇ। ਇਹ ਦੰਭ ਅੱਜ ਦੀ ਸਿਆਸਤ ਦਾ ਧੰਦਾ ਕਰਨ ਵਾਲੇ ਦਲਾਲਾਂ ਵਲੋਂ ਹਰ ਹੀਲੇ ਤਾਕਤ (ਖਾਸ ਕਰਕੇ ਰਾਜਸੀ ਅਤੇ ਆਰਥਕ) ਪ੍ਰਾਪਤ ਕਰਨ ਦੀ ਭੁੱਖ ਵਿਚੋਂ ਜੰਮਿਆਂ ਅੱਤ ਦਾ ਕਮੀਨਾ ਅਤੇ ਨਿੰਦਣਯੋਗ ਵਰਤਾਰਾ ਹੈ, ਜੋ ਸਮਾਜ ਅੰਦਰ ਬੁਰਿਆਈ ਪੈਦਾ ਹੀ ਨਹੀਂ ਕਰਦਾ ਸਗੋਂ ਉਹਦੇ ਵਧਣ-ਫੁਲਣ ਵਿਚ ਵੀ ਸਹਾਈ ਹੁੰਦਾ ਹੈ। ਜਾਂ ਫੇਰ ਇਸ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਹ ਨਵੇਂ ਕਿਸਮ ਦੇ ਭੁੱਖਿਆਂ ਦਾ ਨੰਗਪੁਣਾ ਤੇ ਫੁਕਰਪੁਣਾ ਹੈ। ਇਸ ਭੁੱਖਪੁਣੇ ਤੇ ਫੁਕਰੇਪਨ ਨੂੰ ਸਿਆਸੀ ਭਾਸ਼ਾ ਵਿਚ ਮੌਕਾਪ੍ਰਸਤੀ ਕਿਹਾ ਜਾਵੇ ਜਾਂ ਆਪਣੇ ਆਪ ਦੇ ਪਸਾਰ ਦੀ ਕਮੀਨਗੀ ਭਰੀ ਰੁਚੀ, ਦੋਵੇਂ ਹੀ ਠੀਕ ਹਨ। ਅਜਿਹੇ ਲੋਕਾਂ ਨੂੰ ਹੀ ਸਿਆਸੀ ਭਾਸ਼ਾ/ਸ਼ਬਦਾਵਲੀ ਵਿਚ ਸ਼ਾਇਦ ਲੁੰਪਨ ਕਿਹਾ ਜਾਂਦਾ ਹੈ। ਅਜਿਹੇ ਲੋਕ ਸਦਾ ਹੀ ਬੇ-ਪੈਂਦ ਲੋਟੇ ਵਰਗੀਆਂ ਅਜੀਬੋ-ਗਰੀਬ ਹਰਕਤਾਂ/ਕਰਤੂਤਾਂ ਕਰਦੇ ਹਨ। ਗਿਰਜੇ ਦੇ ਕੁੱਕੜ ਵਾਂਗ ਹਵਾ ਦੇ ਰੁਖ ਨਾਲ ਹੀ ਘੁੰਮਦੇ ਨਜ਼ਰ ਆਉਂਦੇ ਹਨ। ਆਪਣਾ ਵਜੂਦ ਇਨ੍ਹਾਂ ਦਾ ਹੁੰਦਾ ਹੀ ਕੋਈ ਨਹੀਂ ਪਰ ਇਸਦੇ ਹੋਣ ਦਾ ਸਭ ਤੋਂ ਵੱਧ ਭਰਮ ਪਾਲਦੇ ਹਨ।

ਜੀਵਨ ਦੇ ਹੋਰ ਖੇਤਰਾਂ ਵਿਚ ਵੀ ਆਮ ਤੌਰ 'ਤੇ ਅਜਿਹਾ ਹੀ ਹੋ ਰਿਹਾ ਹੈ। ਕਿਸੇ ਪਾਸੇ ਵੀ ਨਿਗਾਹ ਮਾਰੋ ਤਾਂ ਮਨ ਦੇ ਕਦਮ ਉਦਾਸੀ ਦੀਆਂ ਡੂੰਘਾਣਾਂ ਵਲ ਤੁਰਦੇ ਹਨ। ਭਾਰਤ ਬਾਰੇ ਗੱਲ ਕਰਦਿਆਂ ਲੋਕ ਇਹ ਹੀ ਕਹਿੰਦੇ ਸੁਣੀਂਦੇ ਹਨ ਕਿ ਭਾਰਤ ਕਦੇ ਸੋਨੇ ਦੀ ਚਿੜੀ ਹੁੰਦਾ ਸੀ, ਇਹ ਕਥਨ ਠੀਕ ਹੀ ਹੋਵੇਗਾ। ਸਾਮਰਾਜੀਆਂ/ਬਸਤੀਵਾਦੀਆਂ ਨੇ ਵੀ ਬਥੇਰਾ ਲੁੱਟਿਆ। ਹੁਣ ਤਾਂ ਆਜ਼ਾਦੀ ਆਇਆਂ ਵੀ ਪੌਣੀ ਸਦੀ ਹੋਣ ਵਾਲੀ ਹੈ। ਪਰ, ਇਹਦੀ ਲੁੱਟ ਅਜੇ ਵੀ ਕਿਉਂ ਹੋਈ ਜਾ ਰਹੀ ਹੈ? ਇਸ ਭਾਰਤ ਦੇ ਆਪਣੇ ਹੀ ਪੁੱਤਰ ਕਹਾਉਣ ਵਾਲੇ ਬਾਹਰਲੇ ਸਾਮਰਾਜੀਆਂ ਨਾਲ ਰਲ ਕੇ ਇਹ ਕਰਤੂਤ ਕਰ ਰਹੇ ਹਨ। (ਆਪਣੀ ਹੀ ਮਾਂ ਦਾ ਝਾਟਾ ਪੁੱਟਣ ਵਾਲੇ ਅਜਿਹੇ ਲੋਕ ਪੁੱਤ ਕਹਾਉਣ ਦੇ ਕਿੰਨੇ ਕੁ ਹੱਕਦਾਰ ਹੁੰਦੇ ਹਨ ?) ਹੁਣ ਇਹ ਕਿਉਂ ਮਿੱਟੀ ਦੀ ਚਿੜੀ ਬਣਦਾ ਜਾ ਰਿਹਾ ਹੈ? ਦੂਸਰੇ ਪਾਸੇ 'ਧਰਮ' ਦਾ ਫੱਟਾ ਲਾਈ ਫਿਰਦੇ, ਫਾਸ਼ਿਸ਼ਟ ਸੋਚ ਵਾਲਿਆਂ ਨੇ ਆਪਣੀ ਬੇ-ਹਯਾਈ ਭਰੀ ਲੋਕ ਵਿਰੋਧੀ, ਲੋਕਾਂ ਨੂੰ ਵੰਡਦੀ, ਪਾੜਦੀ ਫਿਰਕਾਪ੍ਰਸਤੀ ਵਾਲੀ ਵੱਖੋ-ਵੱਖਰੀ ਕੱਟੜਤਾ ਭਰੀ 'ਧਾਰਮਿਕ' ਦੇ ਨਾਂ ਵਾਲੀ ਗੰਦੀ ਸਿਆਸਤ ਲੈ ਕੇ ਮੁਲਕ ਦੇ ਸੈਕੂਲਰ ਢਾਂਚੇ ਦੇ ਮੂਹ 'ਤੇ ਫਿੱਟੇ-ਮੂੰਹ ਲਿਖਣ ਦੇ ਜਤਨਾਂ ਰਾਹੀਂ ਆਪਣਾ ਹੀ ਮੂੰਹ ਕਾਲਾ ਕੀਤਾ ਹੈ। ਦਰਅਸਲ ਧਾਰਮਕ ਕੱਟੜਤਾ ਨੂੰ ਅਪਣਾਏ ਹੋਏ 'ਧਾਰਮਿਕਤਾ' ਦਾ ਪਖੰਡ ਕਰਨ ਵਾਲੇ ਭਾਰਤ ਦੀਆਂ ਸੁੱਚੀਆਂ, ਅਪਣੱਤ ਭਰੀਆਂ ਸੱਭਿਆਚਾਰਕ ਅਤੇ ਭਾਈਚਾਰਕ ਸਾਂਝਾਂ ਨੂੰ ਹੀ ਕਲੰਕਤ ਕਰਦੇ ਹਨ। ਐਹੋ ਜਹੀ ਪੁੱਠੀ ਖੋਪਰੀ ਵਾਲੇ ਇਨਸਾਨੀਅਤ ਦੇ ਮਿੱਤਰ ਨਹੀਂ ਦੁਸ਼ਮਣ ਹੀ ਹੋ ਸਕਦੇ ਹਨ। ਧਰਮ ਨਿਰਪੱਖ ਅਤੇ ਦੇਸ਼ਭਗਤੀ ਵਾਲੀ ਸੋਚ ਰੱਖਣ ਵਾਲਿਆਂ ਨੂੰ ਤਾਂ ਹਰ ਸਮੇਂ, ਹਰ ਥਾਵੇਂ ਸੁਚੇਤ ਹੋ ਕੇ ਇਸ ਬਾਰੇ ਬਹੁਤ ਹੀ ਗੰਭੀਰਤਾ ਨਾਲ ਸੋਚਣਾ ਪਵੇਗਾ। ਲੋਕਾਂ ਨੂੰ ਹਰ ਕਿਸਮ ਦੀ ਕੱਟੜਤਾ ਦੇ ਕੋਹੜ (ਇਸ ਵਿਚ ਭਾਰਤ ਅੰਦਰਲਾ ਜਾਤ-ਪਾਤੀ ਪ੍ਰਬੰਧ/ਵਰਣ ਵਿਵਸਥਾ ਵਾਲਾ ਨਸਲਵਾਦ ਵੀ ਸ਼ਾਮਲ ਹੈ) ਪ੍ਰਤੀ ਸੁਚੇਤ ਕਰਨ ਲਈ ਆਪਣਾ ਹਰ ਹੀਲਾ ਵਰਤਣਾ ਪਵੇਗਾ, ਤਾਂ ਕਿ ਲੋਕ ਇਸ ਜ਼ਹਿਰ ਭਰੇ ਡੰਗ ਤੋਂ ਬਚ ਸਕਣ। ਸ਼ਰਾਬੀ-ਕਬਾਬੀ ਕਿਸਮ ਦੇ ਨੇਤਾ ਸ਼ਰਾਬਬੰਦੀ ਵਾਲੀ ਮੁਹਿੰਮ ਦੇ ਉਦਘਾਟਨਾਂ 'ਤੇ ਪਹੁੰਚ ਕੇ ਧੂੰਆ-ਰਾਲ਼ੀ ਵਾਲਾ ਭਾਸ਼ਣ ਕਰਨ ਤੋਂ ਬਾਅਦ 'ਮੂੰਹ ਗਿੱਲਾ' ਕਰਦੇ ਹਨ। ਖੁਦ ਰਿਸ਼ਵਤਾਂ ਲੈਣ ਵਾਲੇ ਵੱਡੇ ਵੱਡੇ ਨੇਤਾ (ਪਰ ਛੋਟੇ ਮਨੁੱਖ) ਰਿਸ਼ਵਤਖੋਰਾਂ ਨੂੰ ਫੜਾਉਣ ਵਾਲਿਆਂ ਵਾਸਤੇ ਇਨਾਮ ਦੇਣ ਦਾ ਐਲਾਨ ਕਰਦੇ ਹਨ, ਬਸ! ਐਲਾਨ ਹੀ ਕਰਦੇ ਹਨ। ਇਸੇ ਓਹਲੇ 'ਚ ਉਹ ਆਪਣੇ ਘਰ ਭਰਦੇ ਹਨ। ਨਾਅਰਾ ਉਨ੍ਹਾਂ ਦਾ ਆਪਣਾ ਹੀ ਘੜਿਆ ਹੋਇਆ ਹੈ 'ਸਾਨੂੰ ਮੌਕਾ ਮਿਲਿਆ ਹੈ, ਭਰਾਂਗੇ ਘਰ ਆਪਣੇ'। ਬਸ, ਉਹ ਤਾਂ ਇਸ ਨੂੰ ਹੀ ਸਾਕਾਰ ਕਰੀ ਜਾ ਰਹੇ ਹਨ। ਕੁੱਝ ਲੋਕ ਸਘਰਸ਼ ਕਰਦੇ ਹਨ, ਬਾਕੀ - ਵਿਚਾਰੇ ਬਣਕੇ ਦੇਖ ਰਹੇ ਹਨ।

ਆਪਣੇ ਹੀ ਘਰਾਂ ਅੰਦਰ ਔਰਤਾਂ ਨਾਲ ਦੁਰਵਿਵਾਰ ਕਰਨ ਅਤੇ ਉਨ੍ਹਾਂ ਨੂੰ ਕੁੱਟਣ ਮਾਰਨ ਵਾਲੇ ਕਾਫੀ ਸਾਰੇ ਔਰਤਾਂ ਦੀ ਬਰਾਬਰੀ ਅਤੇ ਉਨ੍ਹਾਂ ਉੱਤੇ ਹੁੰਦੇ ਅੱਤਿਆਚਾਰਾਂ ਦੇ ਖਿਲਾਫ ਨਿਕਲਦੇ ਜਲਸੇ-ਜਲੂਸਾਂ ਵਿਚ ਵੱਧ ਚੜ੍ਹਕੇ ਸ਼ਾਮਲ ਹੁੰਦੇ ਹਨ। ਦਾਜ-ਦਹੇਜ ਉੱਤੇ ਪਾਬੰਦੀ ਲਾਉਣ ਦਾ ਜੋਸ਼-ਖਰੋਸ਼ ਨਾਲ ਸੰਘ ਪਾੜ ਪਾੜ ਕੇ ਪ੍ਰਚਾਰ ਕਰਨ ਅਤੇ ਇਸ ਮਕਸਦ ਖਾਤਰ ਘੋਲ ਚਲਾਉਣ ਵਾਲਿਆਂ ਵਿਚੋਂ ਬਹੁਤੇ ਆਪਣੇ ਬੱਚਿਆਂ ਦੇ ਵਿਆਹ-ਸ਼ਾਦੀਆਂ ਵੇਲੇ ਹਿੱਕ ਠੋਕ ਕੇ ਵੱਧ ਤੋਂ ਵੱਧ ਦਾਜ ਲੈਣ ਦੀ ਜਿਦ ਪੂਰੀ ਕਰਕੇ ਆਪਣੀ "ਸ਼ਾਨ" ਵਿਚ ਵਾਧਾ ਕਰਦੇ ਹਨ। ਅਜਿਹਾ ਬਹੁਤ ਕੁੱਝ ਗਿਣਾਇਆ ਜਾ ਸਕਦਾ ਹੈ ਜੋ ਸਾਡੇ ਸਮਾਜ ਨੂੰ ਘੁਣ ਬਣਕੇ ਚੰਬੜਿਆ ਹੋਇਆ ਹੈ ਅਤੇ ਸਾਡੀ ਸੋਚ ਨੂੰ ਖੋਖਲਾ ਕਰ ਰਿਹਾ ਹੈ। ਇਸ ਕਰਕੇ ਹੀ ਮਨੁੱਖਾਂ ਵਿਚੋਂ ਮਨੁੱਖਪੁਣਾ, ਇਨਸਾਨੀਅਤ, ਭਾਈਚਾਰਕ ਸਾਂਝ ਲਗਾਤਾਰ ਕਿਰਦੀ ਜਾ ਰਹੀ ਹੈ। ਸੋਚਣਾ ਤਾਂ ਇਹ ਵੀ ਬਣਦਾ ਹੈ ਕਿ ਅਸੀਂ ਕਿੰਨੇ ਕੁ ਮਨੁੱਖ ਰਹਿ ਗਏ ਹਾਂ?

ਪਰਦੇਸ ਜੋ ਖਾਸ ਕਰਕੇ ਆਪਣੇ ਲੋਕਾਂ ਦੀ ਖਿੱਚ ਦਾ ਕੇਂਦਰ ਬਿੰਦੂ ਬਣਿਆਂ ਹੋਇਆ ਹੈ। ਮੁੰਡਾ ਜਾਂ ਕੁੜੀ ਕਿਸੇ ਨਾ ਕਿਸੇ ਤਰ੍ਹਾਂ ਬਾਹਰ ਸੈੱਟ ਹੋ ਜਾਣ, ਇਹ ਆਮ ਸੋਚ ਦਾ ਹਿੱਸਾ ਬਣ ਗਿਆ ਹੈ। ਕਾਫੀ ਸਾਰੇ ਮੁੰਡੇ ਬਾਹਰ ਪਹੁੰਚ ਕੇ ਪੱਕੇ ਹੋਣ ਵਾਸਤੇ ਕਿਸੇ ਵੀ ਤਰ੍ਹਾਂ ਦੀਆਂ ਔਰਤਾਂ ਦਾ ਸਹਾਰਾ ਲੈਂਦੇ ਹਨ ਭਾਵੇਂ ਕਿ ਬਹਾਨਾ ਘਰ ਵਸਾਉਣ ਦਾ ਲਾਇਆ ਜਾਂਦਾ ਹੈ। ਜਦੋਂ ਘਰ ਵਸ ਗਿਆ ਮਹਿਸੂਸ ਹੁੰਦਾ ਹੈ ਤਾਂ ਪੱਕੇ ਪੈਰੀਂ ਹੁੰਦਿਆਂ ਹੀ ਉਹ ਔਰਤ ਉਨ੍ਹਾਂ ਨੂੰ ਬੁੱਢੀ ਤੇ ਗਈ-ਗੁਜ਼ਰੀ ਦਿਸਣ ਲੱਗ ਪੈਂਦੀ ਹੈ। ਪਹਿਲਾਂ ਕਹਿਣਗੇ 'ਨਹੀਂ ਉਮਰ ਤਾਂ 'ਨੀ ਬਹੁਤੀ' ਜਦੋਂ ਤੋੜ ਵਿਛੋੜਾ ਕਰਦੇ ਹਨ ਤਾਂ ਆਖਣਗੇ 'ਭਲਾਂ ਕਿਹੜਾ ਬੁੱਢੀ-ਠੇਰੀ ਨਾਲ ਧੱਕੇ ਖਾਂਦਾ ਫਿਰੇ', ਨਾਲੇ ਮੇਰੀ ਅਜੇ ਉਮਰ ਹੀ ਕੀ ਐ? ਉਸਨੂੰ ਆਪਣੇ ਹੀ ਪਹਿਲਾਂ ਕਹੇ ਹੋਏ ਸ਼ਬਦ ਭੁੱਲ ਜਾਦੇ ਹਨ, ਜਿਨ੍ਹਾਂ ਲਫ਼ਜ਼ਾਂ ਦੇ ਆਸਰੇ ਉਹਨੇ ਵਕਤ ਕੱਢਿਆ ਸੀ ਜਾਂ 'ਘਰ ਵਸਾਇਆ' ਸੀ। ਜਦੋਂ ਉਹ ਉਸੇ ਬੇਬੇ ਦੇ ਹਾਣ ਦੀ 'ਬੁੱਢੀ-ਠੇਰੀ' ਦੇ ਅੱਗੇ ਪਿੱਛੇ "ਡਾਰਲਿੰਗ" ਦਾ ਰਾਗ ਅਲਾਪਦਾ ਸਾਹ ਨਹੀਂ ਸੀ ਲੈਂਦਾ। ਪੱਕੇ ਹੁੰਦਿਆਂ ਹੀ "ਡਾਰਲਿੰਗ" ਬੁੱਢੀ ਦਿਸਣ ਲੱਗ ਪੈਂਦੀ ਹੈ। ਆਪਣੇ ਲੋਕ ਪਰਦੇਸ ਦੇ ਲਾਲਚ ਵਸ ਆਪਣੀਆਂ ਪੜ੍ਹੀਆਂ-ਲਿਖੀਆਂ, ਘੱਟ ਉਮਰ ਦੀਆਂ ਕੰਜ-ਕੁਆਰੀਆਂ ਧੀਆਂ ਨੂੰ ਅਜਿਹੇ (ਆਮ ਬੋਲੀ ਵਿਚ ਦਹਾਜੂ) 'ਗਭਰੂਆਂ' ਦੇ ਲੜ ਬੰਨ੍ਹ ਦਿੰਦੇ ਹਨ। ਲੜਕੀ ਦੇ ਮਾਪਿਆਂ ਨੂੰ ਉਸ ਲੜਕੇ ਬਾਰੇ ਬਹੁਤਾ ਪਤਾ ਹੀ ਨਹੀਂ ਹੁੰਦਾ। ਰਿਸ਼ਤਾ ਕਰਨ ਲੱਗਿਆਂ ਆਮ ਕਰਕੇ ਕਿਹਾ ਜਾਂਦਾ ਹੈ ਕਿ 'ਉੱਥੇ ਤਾਂ ਮੇਰਾ ਕਾਗਜ਼ੀ ਵਿਆਹ ਹੋਇਆ ਸੀ ਸਿਰਫ ਪੱਕਾ ਹੋਣ ਵਾਸਤੇ'। ਬਸ ਏਦਾਂ ਦੇ ਫਿਕਰੇ ਬੋਲ 'ਗਊ ਦੀ ਪੂਛ ਫੜਕੇ ਗੰਗਾ ਤਰਨ ਦਾ ਜਤਨ' ਕੀਤਾ ਜਾਂਦਾ ਹੈ। ਪਰ ਵਹੁਟੀ ਜਦੋਂ 'ਲਾੜੇ' ਦੇ ਬਾਹਰਲੇ ਘਰ ਪਹੁੰਚਦੀ ਹੈ ਤਾਂ ਅਸਲੀਅਤ ਦਾ ਪਤਾ ਲਗਦਾ ਹੈ। ਬਹੁਤੇ ਕੇਸਾਂ ਵਿਚ ਕਿ ਕਾਗਜ਼ੀ ਦੱਸੇ ਗਏ ਵਿਆਹ ਵਿਚੋਂ ਬੱਚੇ ਵੀ ਹਨ, ਜਿਨ੍ਹਾਂ ਦਾ ਉਸ 'ਗਭਰੂ' ਨੂੰ ਜੇ ਉਹ ਕਾਨੂੰਨੀ ਕੰਮ ਕਰਦਾ ਹੋਵੇ ਤਾਂ ਹਰ ਮਹੀਨੇ ਕਾਨੂੰਨ ਮੁਤਾਬਿਕ ਖਰਚਾ ਵੀ ਤਾਰਨਾ ਪੈਂਦਾ ਹੈ। ਪਿੰਡੋਂ ਆਈ ਵਹੁਟੀ ਨੂੰ ਆਪਣੇ ਲਾੜੇ ਦਾ ਬਿਜ਼ਨਸ ਵੀ ਕਿਧਰੇ ਨਹੀਂ ਲੱਭਦਾ ਜਿਸ ਦੇ ਲਾਲਚ ਵਸ ਉਸ ਦੇ ਮਾਪਿਆਂ ਨੇ ਉਸਨੂੰ ਪਰਦੇਸ ਤੋਰਨ ਦਾ ਕੌੜਾ ਘੁੱਟ ਭਰਿਆ ਹੁੰਦਾ ਹੈ। ਅਜਿਹੇ ਲੋਕ ਆਪਣੇ ਆਪ ਨੂੰ ਹਾਸ਼ੀਏ ਵਲ ਧੱਕ ਕੇ ਬਦਰੰਗ ਜਹੀ ਜ਼ਿੰਦਗੀ ਭੋਗਦੇ ਦਿਨ ਕਟੀ ਕਰੀ ਜਾਂਦੇ ਹਨ/ਕਰੀ ਜਾ ਰਹੇ ਹਨ। ਆਖਰ ਇਹ ਰਾਹ ਭਲਾਂ ਕਿੱਧਰ ਜਾਂਦਾ ਹੈ? ਕਿੱਥੇ ਹੈ ਰਿਸ਼ਤਿਆਂ ਵਿਚਲਾ ਨਿੱਘ, ਮੋਹ-ਪਿਆਰ ਤੇ ਸਤਿਕਾਰ? ਕਿੱਥੇ ਹੈ ਆਪਣੇ ਇਖ਼ਲਾਕ ਨੂੰ ਉੱਚਾ ਚੁੱਕਣ ਵਾਲਾ ਰਾਹ? ਕਿੱਥੇ ਹੈ ਸੁਹਣੀ ਜ਼ਿੰਦਗੀ ਜੀਊਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਾਲੀ ਰੀਝਾਂ/ਸੁਪਨਿਆਂ ਦੀ ਧਰਤੀ? ਕਿਸੇ ਦਾ ਉਤਾਰ ਪਾਉਣ ਵਾਲਿਆਂ ਨੂੰ ਮਾੜਾ ਕਿਹਾ ਜਾਂਦਾ ਹੈ। ਅਸੀਂ ਤਾਂ ਹੋਰਨਾਂ ਦੀ ਦੇਖਾ-ਦੇਖੀ ਆਪਣੇ ਆਪ ਤੋਂ ਥਿੜਕ ਕੇ ਕਿਸੇ ਹੋਰ ਦੇ ਰਾਹੇ ਤੁਰੇ ਜਾ ਰਹੇ ਹਾਂ। ਇਹ ਜਾਣਦਿਆਂ ਹੋਇਆਂ ਵੀ ਕਿ ਇਹ ਰਾਹ ਸਰਾਸਰ ਗਲਤ ਹੈ। ਲੋੜ ਹੈ ਸਿੱਧਾ ਰਾਹ ਫੜਕੇ ਜ਼ਿੰਦਗੀ ਅੰਦਰ ਨਵੀਂ ਰੌਸ਼ਨੀ ਭਰਨ ਦੀ, ਜਿਸ ਰੌਸ਼ਨੀ ਵਿਚ ਆਪਣਾ ਆਪ ਦੇਖਿਆ ਅਤੇ ਪਹਿਚਾਣਿਆ ਜਾ ਸਕੇ। ਆਪਣੇ ਇਨਸਾਨ ਹੋਣ ਦਾ ਅਹਿਸਾਸ ਹੰਢਾਇਆ ਜਾ ਸਕੇ।

# ਇਟਲੀ ਵਿਚ ਹੋਈ ਕਾਮਯਾਬ ਯੂਰਪੀ ਪੰਜਾਬੀ ਕਾਨਫਰੰਸ









ਇਟਲੀ ਵਸਦੇ ਪੰਜਾਬੀ ਪਿਆਰਿਆਂ ਦਾ ਸਾਹਿਤ ਸੁਰ ਸੰਗਮ ਸਭਾ ਇਟਲੀ ਵਲੋਂ ਬੈਂਗਲੋ ਮੇਲਾ- ਬਰੇਸ਼ੀਆਂ ਦੇ ਮਹਾਰਾਜਾ ਰੈਸਟੋਰੈਂਟ ਦੇ ਖੁੱਲੇ ਹਾਲ ਵਿਖੇ ਯੂਰਪੀ ਪੰਜਾਬੀ ਕਾਨਫਰੰਸ ਕਰਵਾਈ ਗਈ। ਸਭਾ ਦੇ ਪ੍ਰਧਾਨ ਬਲਵਿੰਦਰ ਸਿੰਘ ਚਾਹਲ ਮਾਧੋ ਝੰਡਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਪੰਜਾਬੀ ਸਮਾਜ ਦੇ ਫਿਕਰਾਂ ਬਾਰੇ ਬੋਲੀ ਤੇ ਸੱਭਿਆਚਾਰ ਦੇ ਹਵਾਲੇ ਨਾਲ ਕਾਨਫਰੰਸ ਕਰਵਾਉਣ ਬਾਰੇ ਚਰਚਾ ਕੀਤੀ।

ਪ੍ਰਦੇਸ ਵਿਚ ਰਹਿੰਦਿਆਂ ਪੰਜਾਬੀ ਬਾਰੇ ਸੋਚਣਾ ਤੇ ਅਜਿਹੇ ਸਾਹਿਤਕ ਕਾਰਜ ਕਰਨੇ ਅਤੇ ਅਗਲੀ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਅਤੇ ਨਰੋਈਆਂ ਪੰਜਾਬੀ ਸਮਾਜਿਕ, ਭਾਈਚਾਰਕ ਕਦਰਾਂ ਕੀਮਤਾਂ ਬਾਰੇ ਜਾਣੂ ਕਰਵਾਉਣ ਅਤੇ ਇਨ੍ਹਾਂ ਨਾਲ ਜੋੜੀ ਰੱਖਣ ਵਾਸਤੇ ਕੀਤਾ ਗਿਆ ਇਹ ਜਤਨ ਬਹੁਤ ਹੀ ਸਲਾਹੁਣਯੋਗ ਕਿਹਾ ਜਾ ਸਕਦਾ ਹੈ।

ਇਸ ਦਾ ਆਰੰਭ ਪ੍ਰਕਾਸ਼ ਸੋਹਲ (ਯੂ.ਕੇ) ਅਤੇ ਹਰਵਿੰਦਰ ਧਾਲੀਵਾਲ ਵਲੋਂ ਸ਼ਮਾਂ ਰੌਸ਼ਨ ਕਰਨ ਨਾਲ ਹੋਇਆ।

ਪੰਜਾਬੀ ਬੋਲੀ ਅਤੇ ਸੱਭਿਆਚਾਰਕ ਪੱਖੋਂ ਇਟਲੀ ਵਿਚ ਭਾਵੇਂ ਇਹ ਵੱਡੇ ਪੱਧਰ ਦਾ ਪਹਿਲਾ ਕਦਮ ਸੀ ਪਰ ਸਾਹਿਤ ਸੁਰ ਸੰਗਮ ਸਭਾ ਦੇ ਮੈਂਬਰਾਂ ਤੇ ਸਹਿਯੋਗੀਆਂ ਨੇ ਇਸ ਦੀ ਕਾਮਯਾਬੀ ਵਾਸਤੇ ਬਹੁਤ ਮਿਹਨਤ ਕੀਤੀ, ਗੁਰੂ ਘਰਾਂ ਦੀਆਂ ਕਮੇਟੀਆਂ ਨੇ ਵੀ ਭਰਪੂਰ ਸਹਿਯੋਗ ਦਿੱਤਾ। ਇਸ ਕਾਨਫਰੰਸ ਨੂੰ ਕਾਮਯਾਬ ਕਿਹਾ ਜਾ ਸਕਦਾ ਹੈ। ਪੱਤਰਕਾਰ ਭਾਈਚਾਰੇ ਨੇ ਆਪਣਾ ਯੋਗਦਾਨ ਪਾਇਆ - ਏਥੋਂ ਤੱਕ ਕਿ ਪ੍ਰਿੰਟ ਮੀਡੀਆ ਦੇ ਨਾਲ ਹੀ ਇੰਗਲੈਂਡ ਤੋਂ ਚੱਲਦੇ ਇਲੈਕਟਰੌਨਿਕ ਮੀਡੀਏ, ਕਾਂਸ਼ੀ ਟੀ ਵੀ ਵਾਲਿਆਂ ਨੇ ਸਾਰਾ ਸਮਾਗਮ ਰੀਕਾਰਡ ਕੀਤਾ ਉਹ ਆਪਣੀ ਪੂਰੀ ਟੀਮ ਨਾਲ ਸਾਰਾ ਸਮਾਂ ਓਥੇ ਹਾਜ਼ਰ ਵੀ ਰਹੇ।

ਯਾਦ ਰਹੇ ਇਹ ਕਾਨਫਰੰਸ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਕੀਤੀ ਗਈ ਸੀ।

ਕਾਨਫਰੰਸ ਦੇ ਪ੍ਰਬੰਧਕਾਂ ਵਲੋਂ ਇਸ ਸਮਾਗਮ ਦੀ ਪ੍ਰਧਾਨਗੀ ਵਾਸਤੇ ਯੂਰਪੀ ਪੰਜਾਬੀ ਸੱਥ ਦੇ ਸੰਚਾਲਕ ਮੋਤਾ ਸਿੰਘ ਸਰਾਏ ਨੂੰ, ਮੁੱਖ ਮਹਿਮਾਨ ਵਜੋਂ ਕੈਨੇਡਾ ਦੇ ਸਰੀ ਸ਼ਹਿਰ ਵਿਚ ਪੰਜਾਬੀ ਭਵਨ ਦੀ ਸਥਾਪਤੀ ਕਰਨ ਵਾਲੇ ਸੁੱਖੀ ਬਾਠ ਨੂੰ ਸੱਦਿਆ ਗਿਆ । ਕਾਨਫਰੰਸ ਵਿਚ ਵੱਖੋ ਵੱਖ ਵਿਸ਼ਿਆਂ ਜਿਨ੍ਹਾਂ ਵਿਚ ਸੱਭਿਆਚਾਰ ਤੇ ਵਿਰਸਾ, ਪੰਜਾਬੀ ਬੋਲੀ ਅੱਜ ਤੇ ਭਲ਼ਕ, ਵਿਦੇਸ਼ ਵਿਚ ਅਜੋਕੀ ਪੀੜ੍ਹੀ ਤੇ ਮਾਂ ਬੋਲੀ, ਪੰਜ+ਆਬ, ਪੰਜਾਬੀ ਤੇ ਪੰਜਾਬੀਅਤ ਆਦਿ ਵਿਸ਼ਿਆਂ 'ਤੇ ਬੋਲਣ ਵਾਸਤੇ ਕੇਹਰ ਸ਼ਰੀਫ਼ (ਜਰਮਨੀ), ਮੋਤਾ ਸਿੰਘ ਸਰਾਏ (ਯੂ.ਕੇ), ਕੁਲਵੰਤ ਕੌਰ ਢਿੱਲੋਂ (ਯੂ.ਕੇ), ਪ੍ਰੋ ਸ਼ੰਗਾਰਾ ਸਿੰਘ ਢਿੱਲੋਂ ਨੂੰ ਸੱਦਿਆ ਗਿਆ ਸੀ ਹੋਰ ਵੀ ਕਈ ਬੁਲਾਰਿਆਂ ਨੇ। ਸਾਰੇ ਹੀ ਬੁਲਾਰਿਆਂ ਨੇ ਕਾਨਫਰੰਸ ਵਿਚ ਸਾਰੇ ਵਿਸ਼ਿਆ ਤੇ ਗੰਭੀਰ ਵਿਚਾਰਾਂ ਪੇਸ਼ ਕੀਤੀਆਂ। ਨਾਲ ਹੀ ਕਾਨਫਰੰਸ ਦੇ ਪ੍ਰਬੰਧਕਾਂ ਨੂੰ ਅਜਿਹਾ ਸਮਾਗਮ ਕਰਵਾਉਣ ਅਤੇ ਪਹਿਲੇ ਕਦਮ ਦੀ ਕਾਮਯਾਬੀ ਵਾਸਤੇ ਸ਼ਾਬਾਸ਼ ਵੀ ਦਿੱਤੀ। ਇਸਦੇ ਨਾਲ ਹੀ ਹੋਰ ਵੀ ਕਈ ਸੱਜਣਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਕਾਨਫਰੰਸ ਵਿਚ ਪੰਜਾਬੀ ਸਿੱਖਣ ਵਾਲੇ ਬੱਚਿਆਂ ਦਾ ਪ੍ਰਬੰਧਕਾਂ ਵਲੋਂ ਤੋਹਫਿਆਂ ਨਾਲ ਸਨਮਾਨ ਕਰਕੇ ਉਨ੍ਹਾਂ ਨੂੰ ਅੱਗੇ ਵਧਣ ਵਾਸਤੇ ਉਤਸ਼ਾਹਿਤ ਕਰਨ ਵਾਲਾ ਕਦਮ ਬਹੁਤ ਹੀ ਸਲਾਹੁਣਯੋਗ ਸੀ।

ਸਮਾਗਮ ਵਿਚ ਕਹਾਣੀਕਾਰ ਸੁਖਜੀਤ ਦੀ ਸਵੈ-ਬ੍ਰਿਤਾਂਤਕ ਕਿਤਾਬ 'ਮੈਂ ਜੈਸਾ ਹੂੰ ... ਮੈਂ ਵੈਸਾ ਕਿਉਂ ਹੂੰ', ਬਿੰਦਰ ਕੋਲੀਆਂਵਾਲ ਦਾ ਨਾਵਲ 'ਲਾਲ ਪਾਣੀ ਛੱਪੜਾਂ ਦੇ' ਤੇ ਕੁੱਝ ਹੋਰ ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ।

ਬਹੁਤ ਹੀ ਸਲਾਹੁਣਯੋਗ ਕਿਹਾ ਜਾਣ ਵਾਲਾ ਕਾਰਜ ਕਿ ਇੱਥੇ ਪੁਸਤਕ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਵਿਚ ਬਹੁਤੀਆਂ ਕਿਤਾਬਾਂ ਯੂਰਪੀ ਪੰਜਾਬੀ ਸੱਥ ਵਲੋਂ ਦਿੱਤੀਆਂ ਗਈਆਂ ਸਨ। ਕਾਨਫਰੰਸ ਵਿਚ ਪਹੁੰਚੇ ਬਹਤੇ ਲੋਕ ਅਤੇ ਬੱਚੇ ਆਪਣੇ ਨਾਲ ਕਈ ਕਈ ਕਿਤਾਬਾਂ ਘਰ ਲੈ ਕੇ ਗਏ। ਛੋਟੇ ਬੱਚਿਆਂ ਵਾਸਤੇ ਪੰਜਾਬੀ ਸਿੱਖਣ ਵਾਲੇ ਕਾਇਦੇ ਵੀ ਬੱਚਿਆਂ ਨੂੰ ਮੁਫਤ ਵਿਚ ਦਿੱਤੇ ਗਏ ਤਾਂ ਜੋ ਉਹ ਪੰਜਾਬੀ ਸਿੱਖਣ ਵਾਸਤੇ ਇਨ੍ਹਾਂ ਦੀ ਮੱਦਦ ਲੈ ਸਕਣ।

ਸਮਾਗਮ ਵਿਚ ਰਾਣਾ ਅਠੌਲਾ, ਰਾਜ ਸਰਹਾਲੀ, ਸਿੱਕੀ ਝੱਜੀ ਪਿੰਡ ਵਾਲਾ, ਹਰਜਿੰਦਰ ਸੰਧੂ ਯੂਕੇ, ਅੰਜੂਜੀਤ ਸ਼ਰਮਾਂ ਜਰਮਨੀ, ਦਲਜਿੰਦਰ ਰਹਿਲ, ਵਾਸਦੇਵ, ਸ਼ਿਵਨੀਤ, ਸਰਵਜੀਤ ਕੌਰ, ਅਮਰਵੀਰ ਹੋਠੀ ਅਤੇ ਰੁਪਿੰਦਰ ਹੁੰਦਲ ਤੇ ਕਈ ਹੋਰ ਕਵੀਆਂ ਨੇ ਵੀ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ, ਸਮਾਗਮ ਵਿਚ ਜੁੜੇ ਸਰੋਤਿਆਂ ਵਲੋਂ ਇਨ੍ਹਾਂ ਨੂੰ ਖੂਬ ਸਲਾਹਿਆ ਗਿਆ।

ਪ੍ਰਧਾਨਗੀ ਭਾਸ਼ਣ ਵਿਚ ਸੁੱਖੀ ਬਾਠ ਨੇ ਹੋਰ ਗੱਲਾਂ ਦੇ ਨਾਲ ਹੀ ਕੈਨੈਡਾ ਦੇ ਪੰਜਾਬੀ ਭਾਈਚਾਰੇ ਦੀ ਗੱਲ ਕਰਦਿਆਂ ਕਿਹਾ ਕਿ ਅਸੀਂ ਉੱਥੇ ਬਹੁਤ ਪ੍ਰਾਪਤੀਆਂ ਕੀਤੀਆਂ ਹਨ ਪਰ ਇਸ ਦੇ ਨਾਲ ਸਾਡੇ ਸਮਾਜ ਅੰਦਰ ਜੋ ਨਾਂਹ ਪੱਖੀ ਵਰਤਾਰਿਆਂ ਨੇ ਜਨਮ ਲਿਆ ਹੈ ਉਸ ਬਾਰੇ ਵੀ ਸਾਨੂੰ ਸੋਚਣਾ ਚਾਹੀਦਾ ਹੈ ਤਾਂ ਕਿ ਅਸੀਂ ਪਦਾਰਥਕ ਤਰੱਕੀ ਕਰਕੇ ਭਟਕ ਹੀ ਨਾ ਜਾਈਏ।

ਸਾਰੀ ਕਾਨਫਰੰਸ ਦੀ ਸਟੇਜ ਸਕੱਤਰੀ ਦਲਜਿੰਦਰ ਰਹਿਲ ਨੇ ਬਹੁਤ ਹੀ ਖੁਬਸੂਰਤੀ ਨਾਲ ਨਿਭਾਈ।

**- ਕੇਹਰ ਸ਼ਰੀਫ**

# ਖਤਰਨਾਕ ਸੰਕੇਤ ਹੋ ਸਕਦਾ ਹੈ ਸੰਵਿਧਾਨ ਜਲਾਉਣਾ



ਦਰਸ਼ਨ ਸਿੰਘ ਬਾਜਵਾ
98783-83053

ਪਿਛਲੇ ਦਿਨੀਂ ਐਸ.ਸੀ./ਐਸ.ਟੀ. ਅੱਤਿਆਚਾਰ ਨਿਵਾਰਣ ਐਕਟ ਦੇ ਮੂਲ ਰੂਪ ਵਿੱਚ ਪਾਰਲੀਮੈਂਟ ਵਿੱਚ ਪਾਸ ਹੋਣ ਪਿੱਛੋਂ 9 ਅਗਸਤ ਨੂੰ ਦਿੱਲੀ ਦੇ ਜੰਤਰ ਮੰਤਰ ’ਤੇ ਸਵਰਨ ਜਾਤੀਆਂ ਵੱਲੋਂ ਰਾਖਵਾਂਕਰਣ, ਐਸ.ਸੀ./ਐਸ.ਟੀ. ਐਕਟ ਅਤੇ ਭਾਰਤ ਦੇ ਸੰਵਿਧਾਨ ਦੇ ਖ਼ਿਲਾਫ਼ ਮੁਰਦਾਬਾਦ ਦੇ ਨਾਅਰੇ ਲਗਾਉਂਦਿਆਂ ਰੋਸ ਦਿਖਾਵਾ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਅੰਬੇਡਕਰਵਾਦੀ ਸੰਵਿਧਾਨ ਮੁਰਦਾਬਾਦ, ਐਸ.ਸੀ./ਐਸ.ਟੀ. ਐਕਟ ਮੁਰਦਾਬਾਦ, ਚਮਾਰ ਮੁਰਦਾਬਾਦ ਅਤੇ ਮਨੂੰਵਾਦ ਜ਼ਿੰਦਾਬਾਦ ਦੇ ਨਾਅਰੇ ਲਗਾਏ। ਅਖੀਰ ਵਿੱਚ ਸੰਵਿਧਾਨ ਦੀ ਕਾਪੀ ਨੂੰ ਫਾੜਨ ਪਿੱਛੋਂ ਅੱਗ ਲਾ ਕੇ ਜਲਾਇਆ ਗਿਆ। ਇਸ ਸਭ ਕਾਰਵਾਈ ਨੂੰ ਫੇਸਬੁੱਕ ’ਤੇ ਲਾਈਵ ਵੀ ਦਿਖਾਇਆ ਗਿਆ। ਸੰਵਿਧਾਨ ਦੀ ਕਾਪੀ ਨੂੰ ਜਲਾਉਣ ਵਾਲ਼ਿਆਂ ਵਿੱਚ ਜੋ ਨਾਮ ਸਾਹਮਣੇ ਆਏ ਹਨ ਉਹ ਹਨ ਸੰਜੇ ਸ਼ਰਮਾ, ਦੀਪਕ ਗੌਰ, ਅਨੂਪ ਦੂਬੇ, ਸੀਤੇਸ਼ ਪਾਠਕ, ਪਿਊਸ਼ ਪੰਡਿਤ, ਕ੍ਰਿਸ਼ਨ ਮੋਹਨ ਰਾਏ, ਆਸ਼ੂਤੋਸ਼ ਝਾਅ, ਸੰਤੋਸ਼ ਸ਼ੁਕਲਾ, ਕਾਮਿਨੀ ਝਾਅ, ਸ਼੍ਰੀਨਿਵਾਸ ਪਾਂਡੇ, ਅਭਿਸ਼ੇਕ ਸ਼ੁਕਲਾ ਆਦਿ। ਇਹਨਾਂ ਵਿੱਚੋਂ ਦੀਪਕ ਗੌੜ ਨੂੰ ਤਾਂ ਦਿੱਲੀ ਪੁਲਿਸ ਵੱਲੋਂ ਉਸਦੇ ਘਰੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਬਾਕੀਆਂ ਨੂੰ ਵੀ ਗ੍ਰਿਫ਼ਤਾਰ ਕੀਤੇ ਜਾਣ ਦੀ ਸੰਭਾਵਨਾ ਹੈ।

ਜੇਕਰ ਕਿਸੇ ਨਾਗਰਿਕ ਨੇ ਸੰਵਿਧਾਨ ਪ੍ਰਤੀ ਅਨਾਦਰ ਦਿਖਾਇਆ ਹੋਵੇ ਤਾਂ ਉਸ ਨਾਗਰਿਕ ਦੀ ਨਾਗਰਿਕਤਾ ਵੀ ਸਮਾਪਤ ਹੋ ਸਕਦੀ ਹੈ। ਇਸ ਤੋਂ ਜਾਹਰ ਹੈ ਕਿ ਸੰਵਿਧਾਨ ਪ੍ਰਤੀ ਅਨਾਦਰ ਦਿਖਾਉਣ ਵਾਲ਼ਿਆਂ ਦੇ ਖ਼ਿਲਾਫ਼ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਹੋਣਾ ਬਣਦਾ ਹੈ। ਪੁਲਿਸ ਨੇ ਇਸ ਤਰ੍ਹਾਂ ਕੀਤਾ ਵੀ ਹੈ। ਫਿਰ ਕੀ ਕਾਰਨ ਸੀ ਕਿ ਸਭ ਕੁੱਝ ਪਤਾ ਹੁੰਦੇ ਹੋਏ ਵੀ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਇਸ ਮੁੱਦੇ ਬਾਰੇ ਚੁੱਪੀ ਨਹੀਂ ਤੋੜੀ। ਉਹਨਾਂ ਨਾਲ਼ ਸੰਬੰਧਤ ਕਿਸੇ ਹੋਰ ਮੰਤਰੀ ਜਾਂ ਆਰ.ਐਸ.ਐਸ. ਦੇ ਕਿਸੇ ਬੁਲਾਰੇ ਨੇ ਵੀ ਇਸ ਕਦਮ ਦੀ ਨਿੰਦਾ ਨਹੀਂ ਕੀਤੀ। ਦੂਸਰੀਆਂ ਪਾਰਟੀਆਂ ਵੱਲੋਂ ਵੀ ਇਸ ਦੀ ਨਿੰਦਾ ਦੀਆਂ ਖਬਰਾਂ ਨਹੀਂ ਆਈਆਂ। ਮੁਸਲਮਾਨਾਂ ਨੇ ਕਦੇ ਸੰਵਿਧਾਨ ਨਹੀਂ ਜਲਾਇਆ। ਜਾਟਾਂ, ਗੁੱਜਰਾਂ ਅਤੇ ਮਰਾਠਿਆਂ ਨੇ ਰਾਖਵਾਂਕਰਣ ਲੈਣ ਲਈ ਹਿੰਸਾਤਮਕ ਅੰਦੋਲਨ ਜ਼ਰੂਰ ਕੀਤੇ ਪਰ ਇਹਨਾਂ ਵਿੱਚੋਂ ਕਿਸੇ ਨੇ ਵੀ ਸੰਵਿਧਾਨ ਨੂੰ ਨਹੀਂ ਜਲਾਇਆ। ਫਿਰ ਕੀ ਕਾਰਨ ਹੈ ਕਿ ਕੱਟੜ ਹਿੰਦੂਆਂ ਵੱਲੋਂ ਸੰਵਿਧਾਨ ਨੂੰ ਫਾੜ ਕੇ ਜਲਾਉਣ ਦੀ ਜ਼ਰੂਰਤ ਪੈ ਗਈ? ਸੰਵਿਧਾਨ ਨੂੰ ਜਲਾਉਣ ਵਾਲ਼ਿਆਂ ਦੀ ਕਾਰਵਾਈ ਜਿਸਨੇ ਦੇਖੀ ਹੈ ਉਸਨੇ ਇੱਕ ਗੱਲ ਜ਼ਰੂਰ ਨੋਟ ਕੀਤੀ ਹੋਵੇਗੀ ਕਿ ਉਹਨਾਂ ਨੇ ਜਿੱਥੇ ਅੰਬੇਡਕਰਵਾਦ ਮੁਰਦਾਬਾਦ ਕਿਹਾ ਉੱਥੇ ਮਨੂੰਵਾਦ ਜ਼ਿੰਦਾਬਾਦ ਵੀ ਕਿਹਾ। ਇਸ ਦਾ ਮਤਲਬ ਹੈ ਕਿ ਉਹ ਲੋਕ ਮਨੂੰਵਾਦੀ ਹਨ। ਜਾਣੀ ਉਹ ਆਰ.ਐਸ.ਐਸ. ਦੀ ਵਿਚਾਰਧਾਰਾ ਦੇ ਹਾਮੀ ਹਨ। ਆਰ.ਐਸ.ਐਸ. ਐਲਾਨੀਆਂ ਤੌਰ ’ਤੇ ਚਾਹੁੰਦੀ ਹੈ ਕਿ ਭਾਰਤੀ ਸੰਵਿਧਾਨ ਨੂੰ ਹਟਾ ਕੇ ਮਨੂੰ ਸਿੰਮ੍ਰਤੀ ਦਾ ਸੰਵਿਧਾਨ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਜੋ ਅਧਿਕਾਰ ਹੋਣਗੇ ਉਹ ਸਿਰਫ਼ ਉਹਨਾਂ ਨੂੰ ਹੀ ਹਾਸਲ ਹੋਣਗੇ ਜਿਹੜੇ ਮਨੂੰ ਦੀ ਗੈਰ ਬਰਾਬਰੀ ਵਾਲ਼ੀ ਵਿਵਸਥਾ ਨੂੰ ਮੰਨਣ ਦੇ ਪਾਬੰਦ ਹੋਣਗੇ। ਜਿਹੜੇ ਇਸ ਵਿਵਸਥਾ ਨੂੰ ਮੰਨਣ ਤੋਂ ਇਨਕਾਰੀ ਹੋਣਗੇ ਉਹ ਕਿਸੇ ਵੀ ਤਰ੍ਹਾਂ ਦੇ ਅਧਿਕਾਰਾਂ ਨੂੰ ਮਾਨਣ ਦੇ ਹੱਕਦਾਰ ਨਹੀਂ ਹੋਣਗੇ। ਸੰਘ ਦਾ ਦੂਸਰਾ ਮੁਖੀ ਮਾਧਵਰਾਵ ਸਦਾਸ਼ਿਵਰਾਵ ਗੋਲਵਾਲਕਰ ਉਰਫ ਗੁਰੂ ਜੀ ਆਪਣੇ ਗ੍ਰੰਥ 'ਹਿੰਦੂ ਰਾਸ਼ਟਰ ਕਿਉਂ” ਵਿੱਚ ਲਿਖਦੇ ਹਨ ਕਿ, "ਭਾਰਤੀ ਸੰਵਿਧਾਨ ਦੀ ਬੁਨਿਆਦ ਲੋਕਤੰਤਰ ਅਤੇ ਸੈਕੂਲਰਿਜ਼ਮ ’ਤੇ ਰੱਖੀ ਗਈ ਹੈ ਅਤੇ ਇਸ ਵਿੱਚ ਬਿਨਾਂ ਸੋਚੇ-ਸਮਝੇ ਚੋਰਾਂ, ਡਾਕੂਆਂ ਤੇ ਹਮਲਾਵਰਾਂ ਨੂੰ ਭਾਰਤ ਦੇ ਸਪੂਤਾਂ ਦੇ ਬਰਾਬਰ ਦਰਜਾ ਦਿੱਤਾ ਗਿਆ ਹੈ।’’ ਚੋਰਾਂ ਡਾਕੂਆਂ ਤੋਂ ਭਾਵ ਉਹ ਐਸ.ਸੀ./ਐਸ.ਟੀ. ਆਦਿ ਵਰਗ ਹਨ ਜਿਨ੍ਹਾਂ ਨੂੰ ਲੰਬੇ ਸਮੇਂ ਤੋਂ ਕ੍ਰਿਮਿਨਲ ਮੰਨਿਆ ਗਿਆ ਤੇ ਸਮਾਜ ਵਿੱਚੋਂ ਛੇਕਿਆ ਹੋਇਆ ਹੈ। ਹਮਲਾਵਰਾਂ ਤੋਂ ਭਾਵ ਮੁਸਲਮਾਨ ਹਨ। ਭਾਵੇਂ ਅੱਜ ਦੇ ਮੁਸਲਮਾਨ ਵਿਦੇਸ਼ੀ ਮੂਲ ਦੇ ਨਹੀਂ ਸਗੋਂ ਭਾਰਤੀ ਮੂਲ ਦੇ ਹਨ ਅਤੇ ਧਰਮ ਪ੍ਰਵਰਤਤ ਮੁਸਲਮਾਨ ਹਨ। ਪਰ ਨਫਰਤ ਵਜੋਂ ਇਹਨਾਂ ਨੂੰ ਅੱਜ ਵੀ ਆਰ.ਐਸ.ਐਸ. ਹਮਲਾਵਰ ਕਹਿ ਕੇ ਪ੍ਰਚਾਰਤ ਕਰਦੀ ਹੈ। ਮੌਜੂਦਾ ਸੰਵਿਧਾਨ ਸਭ ਨੂੰ ਬਰਾਬਰ ਦੇ ਹੱਕ ਦਿੰਦਾ ਹੈ ਜੋ ਸੰਘ ਦੀ ਨੀਤੀ ਅਨੁਸਾਰ ਨਹੀਂ ਦਿੱਤੇ ਜਾਣੇ ਚਾਹੀਦੇ।

ਭਾਰਤ ਦੇ ਕੌਮੀ ਝੰਡੇ ਨੂੰ ਪ੍ਰਵਾਨਗੀ ਝੰਡਾ ਕਮੇਟੀ ਵੱਲੋਂ ਦਿੱਤੀ ਗਈ ਸੀ। ਇਸ ਵਿੱਚ ਜੋ ਨੇਤਾ ਸਨ ਉਹ ਹਿੰਦੂ ਸਨ। ਬਾਬਾ ਸਾਹਿਬ ਡਾ: ਅੰਬੇਡਕਰ ਨੇ ਇਸ ਝੰਡੇ ਦੇ ਦਰਮਿਆਨ ਅਸ਼ੋਕ ਚੱਕਰ ਲਗਾਉਣ ਦੀ ਸਲਾਹ ਦਿੱਤੀ ਸੀ ਜੋ ਮੰਨ ਲਈ ਗਈ ਸੀ। ਬਸ ਇਹੀ ਅਸ਼ੋਕ ਚੱਕਰ ਹੈ ਜਿਹੜਾ ਮਨੂੰਵਾਦੀਆਂ ਦੀਆਂ ਅੱਖਾਂ ਵਿੱਚ ਚੁਭਦਾ ਰਹਿੰਦਾ ਹੈ। ਬੋਧੀ ਸਮਰਾਟ ਅਸ਼ੋਕ ਦੇ ਬਰਾਬਰੀ ਦੇ ਨਿਆਂ ਪ੍ਰਬੰਧ ਦੀ ਯਾਦ ਦਿਵਾਉਂਦਾ ਹੋਣ ਕਰਕੇ ਹੀ ਮਨੂੰਵਾਦੀ ਇਸਨੂੰ ਪਸੰਦ ਨਹੀਂ ਕਰਦੇ। ਹਿੰਦੂ ਮਹਾਂ ਸਭਾ ਵੱਲੋਂ ਭਾਰਤ ਦਾ ਕੌਮੀ ਝੰਡਾ ਸਾੜਿਆ ਗਿਆ। ਆਰ.ਐਸ.ਐਸ. ਦੇ ਮੁੱਖ ਦਫ਼ਤਰ ਨਾਗਪੁਰ ਵਿਖੇ ਵੀ 2000 ਤੱਕ ਤਿਰੰਗਾ ਨਹੀਂ ਫਹਿਰਾਇਆ ਜਾਂਦਾ ਸੀ। 26 ਜਨਵਰੀ 2001 ਨੂੰ ਤਿੰਨ ਨੌਜਵਾਨਾਂ ਨੇ ਦਫ਼ਤਰ ’ਤੇ ਤਿਰੰਗਾ ਫਹਿਰਾ ਦਿੱਤਾ। ਆਰ.ਐਸ.ਐਸ. ਦੀ ਸ਼ਹਿ ’ਤੇ ਉਹਨਾਂ ਨੌਜਵਾਨਾਂ ’ਤੇ ਮੁਕੱਦਮਾ ਨੰਬਰ 176 ਦਰਜ ਕਰਵਾਇਆ ਗਿਆ। ਪਰ ਇਸ ਕੇਸ ਵਿੱਚੋਂ ਉਹ ਸਭ ਬਰੀ ਹੋ ਗਏ।

ਜਿਹੜੇ ਲੋਕ ਆਪਣੇ ਦਫ਼ਤਰ ’ਤੇ ਤਿਰੰਗਾ ਨਹੀਂ ਲਹਿਰਾਉਂਦੇ ਹਨ ਅੱਜ ਉਹ ਮੁਸਲਮਾਨਾਂ ਨੂੰ ਮਦਰੱਸਿਆਂ ’ਤੇ ਤਿਰੰਗਾ ਫਹਿਰਾਉਣ ਦੀਆਂ ਹਦਾਇਤਾਂ ਕਰਦੇ ਹਨ। ਤਿਰੰਗਾ ਫਹਿਰਾਉਣਾ ਹੀ ਦੇਸ਼ ਭਗਤੀ ਦਾ ਸਬੂਤ ਮੰਨਿਆ ਜਾਣ ਲੱਗਿਆ ਹੈ। ਖਰੂਦੀ ਕਿਸਮ ਦੇ ਲੋਕ ਤਿਰੰਗਾ ਫੜ ਕੇ ਕਿਸੇ ਤਰ੍ਹਾਂ ਦੀ ਵੀ ਖਰਮਸਤੀ ਕਰਨ ਉਹਨਾਂ ਨੂੰ ਦੇਸ਼ ਭਗਤ ਸਮਝਿਆ ਜਾਣ ਲੱਗਿਆ ਹੈ। ਇੱਥੋਂ ਤੱਕ ਕਿ ਬਸਾਹੜਾ (ਉੱਤਰ ਪ੍ਰਦੇਸ਼) ਵਿੱਚ ਫਰਿੱਜ ਵਿੱਚ ਗਊ ਮਾਸ ਰੱਖਣ ਦੇ ਸ਼ੱਕ ਵਿੱਚ ਕੁੱਟ ਕੁੱਟ ਕੇ ਮਾਰ ਦਿੱਤੇ ਗਏ ਮੁਸਲਮਾਨ ਬਜ਼ੁਰਗ ਅਖਲਾਕ ਦਾ ਇੱਕ ਕਾਤਲ ਜਦੋਂ ਜੇਲ੍ਹ ਵਿੱਚ ਕਿਸੇ ਬਿਮਾਰੀ ਕਾਰਨ ਮਰ ਗਿਆ ਤਾਂ ਹਿੰਦੂਤਵੀਆਂ ਵੱਲੋਂ ਉਸ ਦੀ ਲਾਸ਼ ’ਤੇ ਤਿਰੰਗਾ ਪਾ ਕੇ ਉਸਨੂੰ ਦੇਸ਼ ਭਗਤ ਦਰਸਾਇਆ ਗਿਆ। ਕਠੂਆ ਬਲਾਤਕਾਰ ਕਾਂਡ ਵਿੱਚ ਜਦੋਂ ਪੁਲਿਸ ਨੇ ਬਲਾਤਕਾਰੀਆਂ ਨੂੰ ਫੜਿਆ ਤਾਂ ਉਹਨਾਂ ਨੂੰ ਬਚਾਉਣ ਲਈ ਕੁੱਝ ਲੋਕ ਤਿਰੰਗਾ ਹੱਥਾਂ ਵਿੱਚ ਫੜ ਕੇ ਸੜਕਾਂ ’ਤੇ ਆਏ। ਇਸ ਸਭ ਦੇ ਹੋਣ ਦੇ ਬਾਵਜੂਦ ਵੀ ਸੰਘ ਦੀਆਂ ਸ਼ਾਖਾਵਾਂ ਵਿੱਚ ਤਿਰੰਗੇ ਦੀ ਬਜਾਏ ਭਗਵਾ ਝੰਡੇ ਨੂੰ ਸਲਾਮੀ ਦਿੱਤੀ ਜਾਂਦੀ ਹੈ।

ਭਾਰਤੀ ਮੀਡੀਆ ਨੇ ਸੰਵਿਧਾਨ ਨੂੰ ਸਾੜਨ ਦੇ ਮਸਲੇ ਸੰਬੰਧੀ ਚੁੱਪ ਧਾਰੀ ਰੱਖੀ। ਜਿਹੜੇ ਐਂਕਰ ਛੋਟੇ ਛੋਟੇ ਮਸਲਿਆਂ ਨੂੰ ਉਭਾਰ ਕੇ ਘੰਟਿਆਂ ਬੱਧੀ ਬਹਿਸ ਚਲਾਉਂਦੇ ਹਨ ਉਹ ਸਭ ਚੁੱਪ ਰਹੇ। ਸੋਸ਼ਲ ਮੀਡੀਆ ’ਤੇ ਹਰ ਰੋਜ਼ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦੇ ਸੋਹਿਲੇ ਗਾਉਣ ਵਾਲ਼ੇ ਭਾਜਪਾ ਦੇ ਬਿਠਾਏ ਆਈ.ਟੀ. ਸੈੱਲ ਦੇ ਪੇਡ ਵਰਕਰ ਵੀ ਇੱਕਦਮ ਚੁੱਪ ਸਨ। ਜਿਹੜੇ ਅਖੌਤੀ ਦੇਸ਼ ਭਗਤ ਵੰਦੇ ਮਾਤਰਮ ਨਾ ਬੋਲਣ ’ਤੇ ਮੁਸਲਮਾਨਾਂ ਨੂੰ ਸੰਵਿਧਾਨ ਵਿਰੋਧੀ ਕਹਿਣ ਤੱਕ ਜਾਂਦੇ ਸਨ, ਸੰਵਿਧਾਨ ਨੂੰ ਜਲਾਏ ਜਾਣ ਬਾਰੇ ਉਹਨਾਂ ਦੀ ਚੁੱਪ ਸੰਦੇਹ ਪੈਦਾ ਕਰਦੀ ਸੀ।

ਭਾਰਤੀ ਸੰਵਿਧਾਨ ਕਿਸੇ ਇੱਕ ਵਰਗ ਦਾ ਤਿਆਰ ਕੀਤਾ ਹੋਇਆ ਨਹੀਂ ਅਤੇ ਨਾ ਹੀ ਇਹ ਕਿਸੇ ਖ਼ਾਸ ਵਰਗ ਨਾਲ਼ ਵਿਤਕਰਾ ਜਾਂ ਪੱਖਪਾਤ ਕਰਦਾ ਹੈ। ਇਸਨੂੰ ਤਿਆਰ ਸਮੇਂ ਸੱਤ ਮੈਂਬਰੀ ਖਰੜਾ ਕਮੇਟੀ ਦੇ ਬਹੁਤੇ ਮੈਂਬਰਾਂ ਵੱਲੋਂ ਹਾਜ਼ਰ ਨਾ ਹੋਣ ਕਾਰਨ ਭਾਵੇਂ ਬਾਬਾ ਸਾਹਿਬ ਡਾ: ਅੰਬੇਡਕਰ ਨੂੰ ਇਕੱਲਿਆਂ ਨੂੰ ਬਹੁਤੀ ਜ਼ਿੰਮੇਂਵਾਰੀ ਨਿਭਾਉਣੀ ਪਈ ਪਰ ਉਹਨਾਂ ਵੱਲੋਂ ਪੂਰੀ ਮਿਹਨਤ ਨਾਲ਼ ਤਿਆਰ ਕੀਤੇ ਖਰੜੇ ’ਤੇ ਪੂਰੀ ਸੰਵਿਧਾਨਕ ਸਭਾ ਨੇ ਅੱਠ ਮਹੀਨਿਆਂ ਤੱਕ ਭਰਵੀਂ ਬਹਿਸ ਕੀਤੀ। ਲੰਬੀ ਚੌੜੀ ਬਹਿਸ ਪਿੱਛੋਂ ਹੀ ਇਸਨੂੰ ਸੰਵਿਧਾਨ ਵਜੋਂ ਮਨਜ਼ੂਰੀ ਮਿਲੀ। ਇਸ ਮੂਲ ਸੰਵਿਧਾਨ ਵਿੱਚ ਸਮੇਂ ਦੀ ਮੰਗ ਜਾਂ ਸੱਤਾਧਾਰੀ ਸਿਆਸਤਦਾਨਾਂ ਦੀ ਮਰਜ਼ੀ ਅਨੁਸਾਰ ਕਾਫ਼ੀ ਸੋਧਾਂ ਹੋ ਜਾਣ ਕਾਰਨ ਕੁੱਝ ਹਿੱਸਾ ਬਾਅਦ ਦੀ ਪਾਰਲੀਮੈਂਟ ਦੀ ਮਰਜ਼ੀ ਦਾ ਹੈ। ਕੁੱਝ ਹਿੱਸਾ ਨਿਆਂਪਾਲਿਕਾ ਦੁਆਰਾ ਸਮੇਂ-ਸਮੇਂ ’ਤੇ ਦਿੱਤੇ ਅਹਿਮ ਨਿਰਣਿਆਂ ’ਤੇ ਅਧਾਰਤ ਹੈ। ਨਿਆਂਪਾਲਿਕਾ ਵਿੱਚ ਫ਼ੈਸਲੇ ਦੇਣ ਵਾਲ਼ੇ ਬਹੁਤੇ ਜੱਜ ਅੱਜ ਵੀ ਸਵਰਨ ਜਾਤੀਆਂ ਦੇ ਹਨ ਜੋ ਆਪਣੀ ਸਮਝ ਅਨੁਸਾਰ ਫ਼ੈਸਲੇ ਦੇ ਦਿੰਦੇ ਹਨ। ਇਹੀ ਫ਼ੈਸਲੇ ਬਾਅਦ ਵਿੱਚ ਸੰਵਿਧਾਨ ਦਾ ਹਿੱਸਾ ਬਣ ਜਾਂਦੇ ਹਨ। ਇਸ ਹਿੱਸੇ ਦੀ ਉਦਾਹਰਣ ਵਜੋਂ ਗੋਲਕ ਨਾਥ ਕੇਸ ਵਿੱਚ ਸੁਪਰੀਮ ਕੋਰਟ ਨੇ ਫ਼ੈਸਲਾ ਦਿੱਤਾ ਸੀ ਕਿ ਪਾਰਲੀਮੈਂਟ ਕੋਈ ਅਜਿਹਾ ਕਾਨੂੰਨ ਨਹੀਂ ਬਣਾ ਸਕਦੀ ਜਿਸ ਅਨੁਸਾਰ ਨਾਗਰਿਕਾਂ ਦੇ ਅਧਿਕਾਰਾਂ ਵਿੱਚ ਕਮੀ ਆਵੇ। ਪਰ ਸੰਸਦ ਨੇ 24ਵਾਂ ਸੰਸ਼ੋਧਨ ਕਰਕੇ ਸੁਪਰੀਮ ਕੋਰਟ ਦੁਆਰਾ ਲਗਾਈ ਹੋਈ ਸੀਮਾ ਨੂੰ ਰੱਦ ਕਰ ਦਿੱਤਾ ਅਤੇ ਮੌਲਿਕ ਅਧਿਕਾਰਾਂ ਵਿੱਚ ਸੰਸ਼ੋਧਨ ਕਰਨ ਦਾ ਅਧਿਕਾਰ ਪ੍ਰਾਪਤ ਕਰ ਲਿਆ। 1973 ਵਿੱਚ ਕੇਸ਼ਵ ਨਾਥ ਭਾਰਤੀ ਕੇਸ ਵਿੱਚ ਸੁਪਰੀਮ ਕੋਰਟ ਨੇ ਗੋਲਕ ਨਾਥ ਮੁਕੱਦਮੇ ਵਿੱਚ ਕੀਤੇ ਆਪਣੇ ਨਿਰਣੇ ਨੂੰ ਰੱਦ ਕਰ ਦਿੱਤਾ ਅਤੇ ਨਿਰਣਾ ਦਿੱਤਾ ਕਿ ਸੰਸਦ ਮੌਲਿਕ ਅਧਿਕਾਰਾਂ ਵਿੱਚ ਸੋਧ ਕਰ ਸਕਦੀ ਹੈ, ਪਰ ਸੰਵਿਧਾਨ ਦੇ ਮੂਲ ਢਾਂਚੇ ਵਿੱਚ ਪ੍ਰਵਰਤਨ ਨਹੀਂ ਕਰ ਸਕਦੀ। ਮਈ 1980 ਵਿੱਚ ਸਰਵ ਉੱਚ ਅਦਾਲਤ ਨੇ ਮਿਨਰਵਾ ਮਿਲਜ਼ ਅਤੇ ਦੂਜੇ ਬਨਾਮ ਸਰਕਾਰ ਦੇ ਮੁਕੱਦਮੇ ਵਿੱਚ ਇਹ ਫ਼ੈਸਲਾ ਦਿੱਤਾ ਕਿ 42ਵੀਂ ਸੋਧ ਦੀ ਧਾਰਾ 4 ਅਤੇ 55 ਅਵੈਧ ਹਨ। 42ਵੀਂ ਸੋਧ ਦੀ ਧਾਰਾ ਦੁਆਰਾ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਨੂੰ ਮੌਲਿਕ ਅਧਿਕਾਰਾਂ ਤੋਂ ਵਸ਼ਿਸ਼ਟ ਮੰਨ ਲਿਆ ਗਿਆ ਸੀ ਅਤੇ ਧਾਰਾ 55 ਨੇ ਸੰਸਦ ਨੂੰ ਅਸੀਮਤ ਅਧਿਕਾਰ ਦਿੱਤੇ। ਜਾਣੀ ਕਿ ਉਸਨੂੰ ਨਾ ਕੇਵਲ ਸੰਵਿਧਾਨ ਵਿੱਚ ਸੋਧ ਕਰਨ ਬਲਕਿ ਜੇ ਠੀਕ ਲੱਗੇ ਤਾਂ ਉਸਨੂੰ ਨਸ਼ਟ ਕਰਨ ਅਤੇ ਅੰਤ ਉਸਦੀ ਥਾਂ ’ਤੇ ਨਵਾਂ ਸੰਵਿਧਾਨ ਤਿਆਰ ਕਰਨ ਦਾ ਅਧਿਕਾਰ ਮਿਲ ਗਿਆ। ਇਹ ਅਧਿਕਾਰ ਨਿਆਂਪਾਲਿਕਾ ਦੀ ਸਮੀਖਿਆ ਦਾ ਵਿਸ਼ਾ ਨਹੀਂ ਬਣ ਸਕਦੇ ਸਨ। ਉਸਨੂੰ ਕਿਸੇ ਵੀ ਅਦਾਲਤ ਵਿੱਚ ਕਿਸੇ ਵੀ ਹਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਸੀ। ਇਸ ਫ਼ੈਸਲੇ ਦੁਆਰਾ ਨਿਆਂਲਿਆ ਨੇ ਇਹ ਸਾਬਤ ਕੀਤਾ ਹੈ ਕਿ ਨਿਰਦੇਸ਼ਕ ਸਿਧਾਂਤਾਂ ਨੂੰ ਮੌਲਿਕ ਅਧਿਕਾਰਾਂ ਨੂੰ ਵਸ਼ਿਸ਼ਸਟ ਮੰਨਣ ’ਤੇ ਸੰਵਿਧਾਨ ਦਾ ਮੂਲ ਢਾਂਚਾ ਨਸ਼ਟ ਹੁੰਦਾ ਹੈ।

ਹੁਣ ਅਗਲੀ ਗੱਲ ਇਹ ਹੈ ਕਿ ਅੱਜ ਸਭ ਸੂਝਵਾਨ ਲੋਕਾਂ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਨਿਆਂਪਾਲਿਕਾ ’ਤੇ ਸਰਕਾਰ ਦਾ ਪੂਰੀ ਤਰ੍ਹਾਂ ਕੰਟਰੋਲ ਹੈ। ਸਰਕਾਰ ਦੇ ਜਾਂ ਉਸ ਨਾਲ਼ ਸੰਬੰਧਤ ਕੁੱਝ ਆਗੂਆਂ ਦੇ ਕੇਸਾਂ ਦੇ ਮਾਮਲਿਆਂ ਵਿੱਚ ਉਹਨਾਂ ਦੇ ਪੱਖ ਵਿੱਚ ਫ਼ੈਸਲੇ ਕਰਨ ਵਾਲ਼ੇ ਜੱਜਾਂ ਨੂੰ ਸੇਵਾ ਮੁਕਤੀ ਦੇ ਤੁਰੰਤ ਬਾਅਦ ਲਾਹੇਬੰਦ ਅਹੁਦਿਆਂ ਨਾਲ਼ ਨਿਵਾਜੇ ਜਾਣ ਅਤੇ ਸਰਕਾਰ ਦੀ ਗੱਲ ਨਾ ਮੰਨਣ ਵਾਲ਼ੇ ਜੱਜਾਂ ਨੂੰ ਪ੍ਰਤਾੜਨ ਕਰਨ ਦੀਆਂ ਘਟਨਾਵਾਂ ਨੇ ਇਸ ਸ਼ੱਕ ਨੂੰ ਹੋਰ ਜ਼ਿਆਦਾ ਬਲ ਦਿੱਤਾ ਹੈ। ਮਤਲਬ ਸਾਫ਼ ਹੈ ਕਿ ਜੇਕਰ ਇਹ ਸੱਚ ਹੋਇਆ ਤਾਂ ਸਰਕਾਰ ਦੁਆਰਾ ਡਰਾ ਧਮਕਾ ਕੇ ਜਾਂ ਦਬਾਅ ਪਾ ਕੇ ਜਾਂ ਲਾਲਚ ਦੇ ਕੇ ਜੱਜਾਂ ਤੋਂ ਕਿਸੇ ਵੀ ਤਰ੍ਹਾਂ ਦੇ ਫ਼ੈਸਲੇ ਕਰਵਾਏ ਜਾ ਸਕਦੇ ਹਨ। ਜੇਕਰ ਉੱਚ ਅਦਾਲਤਾਂ ਪਹਿਲਾਂ ਆਪਣੇ ਫ਼ੈਸਲਿਆਂ ਵਿੱਚ ਬਦਲਾਅ ਕਰਦੀਆਂ ਆਈਆਂ ਹਨ ਤਾਂ ਹੁਣ ਵੀ ਆਪਣੇ ਪਹਿਲੇ ਫ਼ੈਸਲਿਆਂ ਦੇ ਉਲਟ ਜਾ ਕੇ ਧਾਰਾ 55 ਵਰਗੀਆਂ ਧਾਰਾਵਾਂ ਨੂੰ ਮੁੜ ਮਾਨਤਾ ਦੇ ਸਕਦੀਆਂ ਹਨ। ਜਿਸ ਤਰ੍ਹਾਂ ਪਹਿਲਾਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸਮੇਂ ਸੰਵਿਧਾਨ ਸਮੀਖਿਆ ਕਮੇਟੀ ਬਣੀ ਸੀ ਜੋ ਤਤਕਾਲੀ ਰਾਸ਼ਟਰਪਤੀ ਸ਼੍ਰੀ ਕੇ.ਆਰ. ਨਰਾਇਣਨ ਦੀ ਚੌਕਸੀ ਕਾਰਨ ਆਪਣਾ ਨਿਰਣਾ ਨਹੀਂ ਸੁਣਾ ਸਕੀ। ਹੁਣ ਦੁਬਾਰਾ ਫਿਰ ਸੰਵਿਧਾਨ ਸਮੀਖਿਆ ਕਮੇਟੀ ਬਣਾਈ ਜਾ ਸਕਦੀ ਹੈ। ਪਰ ਪਹਿਲਾਂ ਇਸ ਤਰ੍ਹਾਂ ਦਾ ਮਾਹੌਲ ਪੈਦਾ ਕੀਤਾ ਜਾਣਾ ਜ਼ਰੂਰੀ ਹੈ ਕਿ ਬਹੁਤੇ ਲੋਕ ਭਾਰਤ ਦੇ ਸੰਵਿਧਾਨ ਨੂੰ ਨਹੀਂ ਚਾਹੁੰਦੇ ਇਸ ਲਈ ਨਵਾਂ ਸੰਵਿਧਾਨ ਲਿਆਂਦਾ ਜਾਵੇ। ਲੱਗਦਾ ਹੈ ਕਿ ਪਾਰਲੀਮੈਂਟ ਦੇ ਨਜ਼ਦੀਕ ਕਾਨੂੰਨ ਦੇ ਰਾਖਿਆਂ ਦੀ ਹਾਜ਼ਰੀ ਵਿੱਚ ਸੰਵਿਧਾਨ ਜਲਾਉਣ ਵਾਲ਼ੇ ਆਪਣੀ ਮਰਜ਼ੀ ਨਾਲ਼ ਨਹੀਂ ਬਲਕਿ ਕਿਸੇ ਦੇ ਹੁਕਮ ਜਾਂ ਸ਼ਹਿ ’ਤੇ ਅਜਿਹਾ ਕਰ ਰਹੇ ਸਨ।

# ਆਸਰਾ ਘਰ ਦੀਆਂ ਲੜਕੀਆਂ ਤੇ ਜਾਗਰੂਕ ਲੋਕ

**ਦਰਸ਼ਨ ਸਿੰਘ ਬਾਜਵਾ**

ਲੜਕੀਆਂ ਨਾਲ਼ ਵਿਭਚਾਰ ਦੇ ਮਾਮਲਿਆਂ ਵਿੱਚ ਕਿੰਨੇ ਹੀ ਬਾਬਿਆਂ ਦੇ ਜੇਲ੍ਹ ਜਾਣ ਪਿੱਛੋਂ ਵੀ ਅਜਿਹੇ ਮਾਮਲਿਆਂ ਵਿੱਚ ਕਮੀ ਨਹੀਂ ਆਈ। ਇਸ ਦੌਰਾਨ ਇੱਕ ਖਬਰ ਵੀ ਆਈ ਸੀ ਕਿ ਔਰਤਾਂ ਦੀ ਸੁਰੱਖਿਆ ਦੇ ਮਾਮਲੇ ਵਿੱਚ ਭਾਰਤ ਸਭ ਤੋਂ ਅਸੁਰੱਖਿਅਤ ਦੇਸ਼ ਹੈ। ਪਿਛਲੇ ਦਿਨਾਂ ਦੌਰਾਨ ਬਿਹਾਰ ਦੇ ਮੁਜ਼ੱਫਰਪੁਰ ਅਤੇ ਉੱਤਰ ਪ੍ਰਦੇਸ਼ ਦੇ ਦੇਵਰੀਆ ਦੇ ਬਾਲਿਕਾ ਘਰਾਂ ਵਿੱਚ ਰਹਿੰਦੀਆਂ ਲੜਕੀਆਂ ਦੇ ਸਰੀਰਕ ਸ਼ੋਸ਼ਣ ਅਤੇ ਬਲਾਤਕਾਰ ਦੇ ਮਾਮਲੇ ਸਾਹਮਣੇ ਆਏ ਹਨ। ਮੁਜ਼ੱਫਰਪੁਰ ਦੀਆਂ 44 ਅਤੇ ਦੇਵਰੀਆ ਦੀਆਂ 24 ਲੜਕੀਆਂ ਨੇ ਇਹ ਜਬਰ ਝੱਲਿਆ। ਮੁਜ਼ੱਫਰਪੁਰ ਵਿੱਚ ਇਹਨਾਂ ਬੱਚੀਆਂ ਨਾਲ਼ ਦੁਰਾਚਾਰ 2013 ਤੋਂ ਹੋ ਰਿਹਾ ਸੀ। ਇਹਨਾਂ ਵਿੱਚੋਂ 34 ਨਾਲ਼ ਬਲਾਤਕਾਰ ਦੀ ਪੁਸ਼ਟੀ ਹੋ ਚੁੱਕੀ ਹੈ। ਇਹਨਾਂ ਬੱਚੀਆਂ ਵਿੱਚ 7 ਸਾਲ ਦੀ ਉਮਰ ਤੋਂ ਲੈ ਕੇ 15 ਸਾਲ ਦੀ ਉਮਰ ਤੱਕ ਦੀਆਂ ਲੜਕੀਆਂ ਹਨ। ਗੁਰੂ ਗੋਬਿੰਦ ਸਿੰਘ ਹਸਪਤਾਲ਼ ਪਟਨਾ ਦੀ ਰਿਪੋਰਟ ਅਨੁਸਾਰ ਤਿੰਨ ਲੜਕੀਆਂ ਗਰਭਵਤੀ ਹਨ। ਬਿਮਾਰ ਹੋਣ ਕਾਰਨ ਦੋ ਲੜਕੀਆਂ ਦੀ ਮੈਡੀਕਲ ਜਾਂਚ ਨਹੀਂ ਹੋ ਸਕੀ ਸੀ। ਇਹਨਾਂ ਬੱਚੀਆਂ ਨੂੰ ਨਸ਼ੇ ਦੀਆਂ ਗੋਲ਼ੀਆਂ ਦੇ ਕੇ ਬਲਾਤਕਾਰ ਕੀਤਾ ਜਾਂਦਾ ਰਿਹਾ। ਇਹ ਵੀ ਖ਼ਬਰ ਹੈ ਕਿ ਇਹਨਾਂ ਨੂੰ ਡੰਡਿਆਂ ਨਾਲ਼ ਕੁੱਟਿਆ ਵੀ ਜਾਂਦਾ ਰਿਹਾ ਅਤੇ ਸਿਗਰਟਾਂ ਨਾਲ਼ ਜਲਾਇਆ ਵੀ ਗਿਆ।

ਇੱਕ ਸਵਾਲ ਪੈਦਾ ਹੁੰਦਾ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ਲੜਕੀਆਂ ਦਾ ਲੰਬੇ ਸਮੇਂ ਤੱਕ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਰਿਹਾ ਪਰ ਇਹ ਲੜਕੀਆਂ ਚੁੱਪ ਕਿਉਂ ਰਹੀਆਂ? ਇਹਨਾਂ ਸੰਸਥਾਵਾਂ ਵਿੱਚ ਕੰਮ ਕਰਨ ਵਾਲ਼ੇ ਕਿਸੇ ਕਰਮਚਾਰੀ ਨੇ ਵੀ ਇਸ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਕਿਉਂ ਨਹੀਂ ਉਠਾਈ? ਜਦੋਂ ਅਸੀਂ ਇਸ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਮਨੂੰਵਾਦੀ ਸੱਤਾ ਨੇ ਭਾਰਤੀ ਲੋਕਾਂ ਦਾ ਕਿਰਦਾਰ ਇਸ ਤਰ੍ਹਾਂ ਦਾ ਬਣਾ ਦਿੱਤਾ ਹੈ ਕਿ ਹਰ ਕੋਈ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ। ਉਸਦੇ ਸਾਹਮਣੇ ਜੇਕਰ ਕੋਈ ਮਰ ਵੀ ਰਿਹਾ ਹੋਵੇ ਤਾਂ ਕਿਸੇ ਨੂੰ ਕੋਈ ਅਫ਼ਸੋਸ ਨਹੀਂ ਹੁੰਦਾ। ਸਭ ਆਪੋ-ਆਪਣੇ ਕੰਮਾਂ ਵਿੱਚ ਇਉਂ ਮਸਤ ਰਹਿੰਦੇ ਹਨ ਜਿਵੇਂ ਕਿਸੇ ਨੇ ਕੋਈ ਗੁਨਾਹ ਹੁੰਦਾ ਦੇਖਿਆ ਹੀ ਨਹੀਂ। ਦੂਸਰੇ ਪਾਸੇ ਪੀੜਤ ਲੜਕੀਆਂ ਉਹ ਹਨ ਜਿਹੜੀਆਂ ਮਾਪਿਆਂ, ਪਤੀਆਂ ਜਾਂ ਆਪਣੇ ਪ੍ਰੇਮੀਆਂ ਦੀਆਂ ਸਤਾਈਆਂ ਹੋਈਆਂ ਜਾਂ ਅਜਿਹੇ ਹੀ ਕਿਸੇ ਹੋਰ ਕਾਰਨਾਂ ਸਦਕਾ ਇੱਥੇ ਆਉਣ ਲਈ ਮਜ਼ਬੂਰ ਹੋਈਆਂ ਹਨ। ਕਿਹਾ ਜਾਂਦਾ ਹੈ ਕਿ ਬਿਹਾਰ ਦੇ ਮੁਜ਼ੱਫਰਪੁਰ ਦੇ ਬਾਲਿਕਾ ਘਰ ਵਿੱਚ ਰਹਿ ਰਹੀਆਂ ਲੜਕੀਆਂ ਜਾਂ ਤਾਂ 'ਰੈਡ ਲਾਈਟ' ਇਲਾਕਿਆਂ ਤੋਂ ਲਿਆਂਦੀਆਂ ਗਈਆਂ ਸਨ ਜਾਂ ਕਿਸੇ ਦੁਰਘਟਨਾ ਵਿੱਚ ਆਪਣੇ ਪਰਿਵਾਰ ਨੂੰ ਗੁਆਉਣ ਤੋਂ ਬਾਅਦ ਅਨਾਥ ਹੋ ਜਾਣ ਪਿੱਛੋਂ ਇੱਥੇ ਪਹੁੰਚੀਆਂ ਸਨ। ਦੁਖਾਂਤ ਇਹ ਵੀ ਸੀ ਕਿ ਘਰ ਅਤੇ ਸਮਾਜ ਵੱਲੋਂ ਠੁਕਰਾਈਆਂ ਗਈਆਂ ਅਤੇ ਬਿਗਾਨਿਆਂ ਦੇ ਰਹਿਮ ’ਤੇ ਜ਼ਿੰਦਗੀ ਕੱਟਦੀਆਂ ਇਹਨਾਂ ਲੜਕੀਆਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਉਹ 'ਸ਼ੈਲਟਰ ਹੋਮਸ' ਖ਼ਿਲਾਫ਼ ਕਿਸ ਨੂੰ ਸ਼ਿਕਾਇਤ ਕਰ ਸਕਦੀਆਂ ਹਨ। ਇਹਨਾਂ ਲੜਕੀਆਂ ਸਾਹਮਣੇ ਇਹ ਵੀ ਸੰਕਟ ਸੀ ਕਿ ਜੇ ਉਹ ਸ਼ਿਕਾਇਤ ਕਰਨਗੀਆਂ ਤਾਂ ਉਹਨਾਂ ਨੂੰ ਹੋਰ ਜ਼ਿਆਦਾ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇੱਕ ਡਰ ਇਹ ਵੀ ਸੀ ਕਿ ਉਹਨਾਂ ਦਾ ਸ਼ੋਸ਼ਣ ਕਰਨ ਵਾਲ਼ੇ ਸਭ ਦੇ ਸਭ ਵੱਡੀਆਂ ਕੁਰਸੀਆਂ ਵਾਲ਼ੇ ਰਸੂਖਦਾਰ ਵਿਅਕਤੀ ਸਨ। ਇਸ ਲਈ ਇਨਸਾਫ਼ ਵਾਸਤੇ ਉਹ ਕਿਸ ’ਤੇ ਭਰੋਸਾ ਕਰਦੀਆਂ? ਡਰ ਸੀ ਕਿ ਜੇ ਸ਼ਿਕਾਇਤ ਕਰਨ ’ਤੇ ਵੀ ਕੋਈ ਕਾਰਵਾਈ ਨਹੀਂ ਹੋਈ ਅਤੇ ਉਹਨਾਂ ਨੂੰ ਇੱਥੋਂ ਕੱਢ ਦਿੱਤਾ ਗਿਆ ਤਾਂ ਉਹ ਬੇਸਹਾਰਾ ਲੜਕੀਆਂ ਕਿੱਥੇ ਜਾਣਗੀਆਂ?

ਸਮਾਜ ਨੇ ਇਹਨਾਂ ਲਈ ਆਪਣੇ ਦਰਵਾਜ਼ੇ ਬੰਦ ਕਰ ਰੱਖੇ ਸਨ। ਦੂਸਰੇ ਪਾਸੇ ਇਹਨਾਂ ਬੱਚੀਆਂ ਨਾਲ ਆਪਣੀ ਹਵਸ ਮਿਟਾਉਣ ਵਾਲੇ ਰਸੂਖਦਾਰ ਵਿਅਕਤੀ ਹਨ। ਬਹੁਤੇ ਨਿਆਂਇਕ ਅਧਿਕਾਰੀ ਇਹਨਾਂ ਦੀ ਜ਼ੇਬ ਵਿੱਚ ਹੁੰਦੇ ਹਨ। ਇਸ ਲਈ ਇਹਨਾਂ ਲਾਚਾਰ ਬੱਚੀਆਂ ਦਾ ਸ਼ੋਸ਼ਣ ਕਰਨ ਵਾਲ਼ੇ ਕਿਸੇ ਵਿਅਕਤੀ ਨੂੰ ਕਿਸੇ ਕਾਨੂੰਨ ਦਾ ਕੋਈ ਡਰ ਨਹੀਂ ਲੱਗਿਆ। ਦੇਵ ਦਾਸੀਆਂ ਜਿਹੀ ਕੁਪ੍ਰਥਾ ਕਾਰਨ ਮਜ਼ਬੂਰ ਲੜਕੀਆਂ ਦੇ ਸ਼ੋਸ਼ਣ ਨੂੰ ਧਾਰਮਿਕ ਮਾਨਤਾ ਮਿਲੀ ਹੋਣ ਕਾਰਨ ਹਰ ਕੋਈ ਕਿਸੇ ਦੀ ਮਜ਼ਬੂਰੀ ਦਾ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਇਹਨਾਂ ਬੱਚੀਆਂ ’ਤੇ ਕਿਸੇ ਨੂੰ ਕੋਈ ਤਰਸ ਨਹੀਂ ਆਇਆ। ਉਹਨਾਂ ਲਈ ਇਹ ਲੜਕੀਆਂ ਮਨ-ਪ੍ਰਚਾਵੇ ਲਈ ਖਿਡੌਣਾ ਮਾਤਰ ਸਨ। ਬਲਾਤਕਾਰੀਆਂ ਅਤੇ ਆਸਰਾ ਘਰਾਂ ਦੇ ਪ੍ਰਬੰਧਕਾਂ ਨੇ ਇਹਨਾਂ ਲੜਕੀਆਂ ਨਾਲ਼ ਬਜ਼ਾਰੂ ਵਸਤਾਂ ਵਾਲ਼ਾ ਵਿਹਾਰ ਕੀਤਾ। ਇਹਨਾਂ ਅਭਾਗੀਆਂ ਲੜਕੀਆਂ ਨੂੰ ਭੁੱਖੇ ਭੇੜੀਆਂ ਅੱਗੇ ਪਰੋਸ ਕੇ ਆਪਣਾ ਬਿਜਨਿਸ ਵਧਾਉਣ ਵਾਲ਼ਾ ਮਹਾਂ ਨੀਚ ਬ੍ਰਿਜੇਸ਼ ਠਾਕੁਰ ਗ੍ਰਿਫਤਾਰੀ ਪਿੱਛੋਂ ਮੁਸਕਰਾਉਂਦਾ ਹੋਇਆ ਤਸਵੀਰਾਂ ਵਿੱਚ ਸਭ ਨੇ ਦੇਖਿਆ ਹੈ। ਉਸਦੀ ਖਚਰੀ ਮੁਸਕਰਾਹਟ ਦੱਸਦੀ ਹੈ ਕਿ ਇਹ ਰੌਲ਼ਾ ਕੁੱਝ ਸਮੇਂ ਦੀ ਖੇਡ ਹੈ। ਸੱਤਾ ਦੇ ਰਸੂਖ ਅਤੇ ਪੈਸੇ ਦੀ ਕਰਾਮਾਤ ਸਦਕਾ ਕੁੱਝ ਸਮੇਂ ਪਿੱਛੋਂ ਹੀ ਉਹ ਬਾਇੱਜ਼ਤ ਬਰੀ ਹੋ ਜਾਵੇਗਾ। ਉਸਦੇ ਸਾਰੇ ਦਾਗ਼ ਧੋਤੇ ਜਾਣਗੇ ਅਤੇ ਇਹੀ ਬਿਜਨਸ ਦੁਬਾਰਾ ਚਾਲੂ ਹੋ ਜਾਵੇਗਾ। ਸੱਤਾ ਦੇ ਗਲਿਆਰਿਆਂ ਵਿੱਚ ਰਸੂਖ ਹੋਣ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਬ੍ਰਿਜੇਸ਼ ਠਾਕੁਰ ਤਿੰਨ ਅਖਬਾਰ ਚਲਾਉਂਦੀ। ਹਿੰਦੀ ਦੇ ਪ੍ਰਾਤ ਕਮਲ, ਅੰਗਰੇਜ਼ੀ ਦਾ ਨਿਊਜ਼ ਨੈਕਸਟ ਅਤੇ ਉਰਦੂ ਦਾ ਹਾਲਾਤ-ਏ-ਬਿਹਾਰ। ਇਹਨਾਂ ਅਖਬਾਰਾਂ ਵਿੱਚੋਂ ਕੋਈ ਵੀ ਅਖ਼ਬਾਰ ਅਜਿਹਾ ਨਹੀਂ ਸੀ ਜਿਸਨੂੰ ਲੋਕ ਖਰੀਦਕੇ ਪੜ੍ਹਦੇ ਹੋਣ। ਬਸ ਸਭ ਖਾਨਾਪੂਰਤੀ ਅਤੇ ਸਰਕਾਰੀ ਇਸ਼ਤਿਹਾਰ ਬਟੋਰਨ ਲਈ ਚਲਾਏ ਜਾਂਦੇ ਹਨ। ਪਰ ਸੱਤਾਧਾਰੀਆਂ ਨਾਲ਼ ਮੇਲਜੋਲ ਸਦਕਾ ਇਸਦੇ ਅਖ਼ਬਾਰਾਂ ਨੂੰ ਲੱਖਾਂ ਰੁਪਿਆਂ ਦੇ ਇਸ਼ਤਿਹਾਰ ਮਿਲਦੇ ਸਨ। ਇਹ ਮਹਿਕਮਾ ਮੁੱਖ ਮੰਤਰੀ ਨੀਤੀਸ਼ ਕੁਮਾਰ ਕੋਲ਼ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਮਹਿਕਮੇ ਦੀ ਗਵਰਨਿੰਗ ਬਾਡੀ ਵਿੱਚ ਦੋ ਏਜੰਸੀਆਂ ਵਿੱਚੋਂ ਇੱਕ ਆਰ.ਐਸ.ਐਸ. ਨਾਲ਼ ਸੰਬੰਧਤ ਐਨ.ਜੀ.ਓ. ਵੀ ਸ਼ਾਮਲ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਮੁਲਜ਼ਮ ਬ੍ਰਿਜੇਸ਼ ਨੂੰ ਆਰ.ਐਸ.ਐਸ. ਅਤੇ ਬਿਹਾਰ ਸਰਕਾਰ ਦਾ ਥਾਪੜਾ ਮਿਲਿਆ ਹੋਇਆ ਸੀ।

ਬ੍ਰਿਜੇਸ਼ ਠਾਕੁਰ ਨੇ 1987 ਵਿੱਚ 'ਸੇਵਾ ਸੰਕਲਪ ਅਤੇ ਵਿਕਾਸ ਸੰਮਤੀ' ਨਾਂਅ ਦਾ ਸੰਗਠਨ ਬਣਾਇਆ ਸੀ। ਰੂਲ ਮੁਤਾਬਕ ਐਸੇ ਸੰਗਠਨ ਵਿੱਚ ਕਿਸੇ ਪਰਿਵਾਰ ਦਾ ਇੱਕ ਹੀ ਮੈਂਬਰ ਹੋ ਸਕਦਾ ਹੈ ਪਰ ਇਹ ਸੱਤਾ ਦਾ ਰਸੂਖ ਹੀ ਹੈ ਕਿ ਇਸ ਸੰਮਤੀ ਵਿੱਚ ਬ੍ਰਿਜੇਸ਼ ਦੇ ਪੁੱਤਰ ਸਮੇਤ ਕਈ ਰਿਸ਼ਤੇਦਾਰ ਸ਼ਾਮਲ ਹਨ। ਇਹ ਬਾਲਿਕਾ ਗ੍ਰਹਿ ਗ਼ੈਰ-ਸਰਕਾਰੀ ਸੀ ਅਤੇ ਪਿਛਲੇ ਪੰਜ ਸਾਲਾਂ ਤੋਂ ਬਾਲ ਸੁਰੱਖਿਆ ਵਿਭਾਗ ਇਸ ਨੂੰ ਚਲਾਉਣ ਵਾਲੇ ਸ਼ਖ਼ਸ ਨੂੰ ਵਾਰ-ਵਾਰ ਇਸਦਾ ਟੈਂਡਰ ਦਿੰਦਾ ਰਿਹਾ। ਨਿਯਮ ਹੈ ਕਿ ਤਿੰਨ ਸਾਲ ਬਾਅਦ ਸਬੰਧਤ ਐਨ.ਜੀ.ਓ. ਦੀ ਪੂਰੀ ਪੜਤਾਲ ਕੀਤੀ ਜਾਵੇ। ਜੇ ਨਿਯਮਾਂ ਦਾ ਸਹੀ ਪਾਲਣ ਕੀਤਾ ਜਾ ਰਿਹਾ ਹੋਵੇ ਤਾਂ ਹੀ ਅੱਗੇ ਦਾ ਟੈਂਡਰ ਦਿੱਤਾ ਜਾਵੇ, ਪਰ ਇਸ ਮਾਮਲੇ ਵਿੱਚ ਅਜਿਹਾ ਨਹੀਂ ਹੋਇਆ। ਕਈ ਤਰ੍ਹਾਂ ਦੇ ਅਧਿਕਾਰੀ ਸਮੇ-ਸਮੇਂ ’ਤੇ ਆ ਕੇ ਜਾਂਚ ਦਾ ਖੇਖਣ ਵੀ ਕਰਦੇ ਰਹੇ। ਪਰ ਪੈਸੇ ਅਤੇ ਸੱਤਾ ਦੇ ਰਸੂਖ ਕਾਰਨ ਹੀ ਕਿਸੇ ਨੂੰ ਕਦੇ ਕੋਈ ਤਰੁੱਟੀ ਨਜ਼ਰ ਨਹੀਂ ਆਈ। ਇਹ ਵੀ ਸੱਤਾ ਦਾ ਰਸੂਖ ਹੀ ਹੈ ਕਿ 1 ਫਰਵਰੀ 2018 ਨੂੰ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ (ਟਿਸ) ਦੀ ਰਿਪੋਰਟ ਮਿਲ ਗਈ ਸੀ ਪਰ 27 ਮਈ ਤੱਕ ਐਫ.ਆਈ.ਆਰ. ਦਰਜ ਨਹੀਂ ਹੋਈ। ਇਸ ਤਰ੍ਹਾਂ 28 ਮਈ ਨੂੰ ਐਫ.ਆਈ.ਆਰ. ਦਰਜ ਹੋਣ ਪਿੱਛੋਂ ਲੜਕੀਆਂ ਦੇ ਬਿਆਨ ਲੈਣ ਅਤੇ ਜਾਂਚ ਵਿੱਚ ਜ਼ਿਆਦਾ ਸਮਾਂ ਲਗਾਇਆ ਗਿਆ।

ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਦੇ ਦੇਵਰੀਆ ਦੇ ਬਾਲਿਕਾ ਗ੍ਰਹਿ (ਮਾਂ ਵਿੰਧਿਆਵਾਸਨੀ ਮਹਿਲਾ ਪ੍ਰਸ਼ਿਕਸ਼ਣ ਅਤੇ ਸੇਵਾ ਸੰਸਥਾਨ) ਦੇ ਮਾਮਲੇ ਵਿੱਚ ਲੜਕੀ ਸਪਲਾਇਰ ਗਿਰਿਜਾ ਤ੍ਰਿਪਾਠੀ ਭਾਜਪਾ ਦੇ ਮੈਂਬਰ ਪਾਰਲੀਮੈਂਟ ਕਲਰਾਜ ਮਿਸ਼ਰਾ ਦੀ ਭੈਣ ਦੱਸੀ ਜਾ ਰਹੀ ਹੈ। ਉਹ ਢਾਈ ਦਹਾਕਿਆਂ ਤੋਂ ਸੰਸਥਾ ਚਲਾ ਰਹੀ ਸੀ। ਪਹਿਲਾਂ ਸਿਲਾਈ-ਕਢਾਈ ਦਾ ਛੋਟਾ-ਮੋਟਾ ਕੰਮ ਕਰਨ ਵਾਲ਼ੀ ਗਿਰਿਜਾ ਤ੍ਰਿਪਾਠੀ ਨੇ ਔਰਤਾਂ, ਬਜ਼ੁਰਗਾਂ ਅਤੇ ਬੱਚੀਆਂ ਲਈ ਆਸ਼ਰਮ ਖੋਲ੍ਹਣ ਦੇ ਥੋੜ੍ਹੇ ਹੀ ਸਮੇਂ ਵਿੱਚ ਕਰੋੜਾਂ ਦੀ ਜਾਇਦਾਦ ਬਣਾ ਲਈ। ਹੁਣ ਉਸ ਕੋਲ਼ ਕਾਫ਼ੀ ਪ੍ਰਾਪਰਟੀ ਅਤੇ ਫਲੈਟ ਹਨ। ਉਸਦੇ ਆਂਢੀ-ਗੁਆਂਢੀ ਉਸਤੋਂ ਪ੍ਰਭਾਵਤ ਸਨ। ਉਹਨਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਸ਼ੱਕ ਨਹੀਂ ਸੀ ਕਿ ਸਮਾਜ ਸੇਵਾ ਦੇ ਪਰਦੇ ਪਿੱਛੇ ਕੋਈ ਕਾਲ਼ਾ ਕਾਰੋਬਾਰ ਵੀ

**(ਬਾਕੀ ਸਫਾ 21 ‘ਤੇ)**

# ਨਮੋ ਸ਼ੂਦਰਾਂ ਦੇ ਨੇਤਾ, ਲੰਡਨ ਵਿੱਚ



ਹਰਬੰਸ ਵਿਰਦੀ, ਲੰਡਨ

ਜੰਬੂਦੀਪ (ਭਾਰਤ) ਦਾ ਇਤਿਹਾਸ ਬਹੁਤ ਸੁਨਹਿਰਾ ਹੈ। ਸਮਰਾਟ ਅਸ਼ੋਕ ਦੇ ਰਾਜ ਵਿੱਚ ਜੰਬੂਦੀਪ ਬੜਾ ਦੇਸ਼ ਰਿਹਾ ਸੀ।ਬੋਧੀਆਂ ਦੇ ਰਾਜ ਵਿੱਚ ਹੀ ਦੁਨੀਆ ਵਿੱਚ ਇਸਨੂੰ ਸੋਨੇ ਦੀ ਚਿੜੀਆ ਕਿਹਾ ਜਾਂਦਾ ਸੀ ਅਤੇ 18 ਯੂਨੀਵਰਸਿਟੀਆਂ ਸਨ। ਤਕਸ਼ਸਿਲਾ ਦੁਨੀਆ ਦੀ ਸਭ ਪੁਰਾਣੀ ਅਤੇ ਬੜੀ ਯੂਨੀਵਸਿਟੀ ਸੀ, ਜੋ ਕਿ ਅੱਜ-ਕੱਲ ਰਾਵਲਪਿੰਡੀ ਦੇ ਨਜ਼ਦੀਕ ਪਾਕਿਸਤਾਨ ਵਿੱਚ ਹੈ। ਨਾਲੰਦਾ ਦੁਨੀਆ ਦੀ ਪਹਿਲੀ ਯੂਨੀਵਰਸਿਟੀ ਸੀ ਜਿੱਥੇ ਰਹਿਕੇ, ਵਿਦਿਆਰਥੀ ਵਿੱਦਿਆ ਹਾਸਲ ਕਰ ਸਕਦੇ ਸਨ। ਜੋ ਕਿ ਅੱਜ-ਕੱਲ ਦੇ ਵਿਹਾਰ ਵਿੱਚ ਸੀ ਅਤੇ ਉਸਦੇ ਖੰਡਰਾਤ ਅੱਜ ਵੀ ਹਨ।।

ਆਖਰੀ ਬੁਧਿੱਸਟ ਸਮਰਾਟ ਹਰਸ਼ ਵਰਧਨ ਦੀ ਮੌਤ 647 ਈਸਵੀ ਹੋਈ ਪੂਰੇ 65 ਸਾਲ ਬਾਦ ਜਦੋਂ ਦਿੱਲੀ ਵਿੱਚ ਬ੍ਰਾਮਣ ਰਾਜਾ ਰਾਜ ਕਰਦਾ ਸੀ ਤਾਂ 18 ਸਾਲ ਦੇ ਮੁਸਲਮਾਨ ਮੁਹੰਮਦ-ਬਿਨ ਕਾਸਿਮ ਨੇ ਹਮਲਾ ਕਰਕੇ ਬਲੋਚਸਤਾਨ ਤੇ ਕਬਜਾ ਕਰ ਲਿਆ।ਫਿਰ 300 ਸਾਲ ਮਹਿਮੂਦ ਗਜਨਵੀ ਨੇ 30 ਸਾਲ 18 ਹਮਲੇ ਕਰਕੇ ਹਿੰਦੂਆਂ ਦੇ ਹਿੰਦੂਸਤਾਨ ਨੂੰ ਲੁੱਟਿਆ, 150 ਸਾਲ ਆਰਾਮ ਦੇਣ ਤੋਂ ਬਾਦ ਮੁਹੰਮਦ ਗੌਰੀ ਨੇ 30 ਸਾਲ ਇਨ੍ਹਾਂ ਕਸ਼ੱਤਰੀਆਂ ਅਤੇ ਰਾਜਪੂਤਾਂ ਦੀਆਂ ਧੱਜੀਆਂ ਉੜਾਈਆਂ। ਇਸ ਤੋਂ ਬਾਦ ਤਾਂ ਜਦੋਂ ਤੱਕ ਬਾਬਰ ਆਕੇ ਪੱਕੇ ਤੌਰ ਤੇ ਰਾਜ ਨਹੀਂ ਕਰਨ ਲੱਗਾ, ਹਰ ਲੂਲੀ-ਭਟਿਆਰੀ ਨੇ ਇਸ ਦੇਸ਼ ਨੂੰ ਲੁਟਿਆ। ਬੋਧੀਆਂ ਦੇ ਰਾਜ ਤੋਂ ਬਾਦ ਅੱਜ ਤੱਕ ਜੰਬੂਦੀਪ ਗਿਰਾਵਟ ਵੱਲ ਹੀ ਗਿਆ ਹੈ।

ਅੱਜ ਬਹੁਮਤ ਲੋਕ ਅੰਗਰੇਜ਼ਾਂ ਨੂੰ ਇਹ ਕਹਿੰਦੇ ਨਹੀ ਥੱਕਦੇ ਕਿ "ਪਾੜੋ ਅਤੇ ਰਾਜ ਕਰੋ" ਅੰਗਰੇਜ਼ਾਂ ਦੀ ਪੌਲਿਸੀ ਸੀ, ਇਹ ਮਹਾਪੁਰਸ਼ ਇਹ ਭੁੱਲ ਜਾਂਦੇ ਹਨ ਕਿ ਜਿਨ੍ਹਾਂ ਯੂਰੇਸ਼ੀਅਨਾਂ (ਬ੍ਰਮਣਾਂ) ਨੇ ਬਾਹਰੋਂ ਆਕੇ ਜੰਬੂਦੀਪ ਦੇ ਮੂਲਨਿਵਾਸੀਆਂ ਨੂੰ 6,743 ਜਾਤਾਂ ਵਿੱਚ ਵੰਡਿਆਂ ਉਨ੍ਹਾਂ ਦਾ ਕਦੀ ਵੀ ਜ਼ਿਕਰ ਨਹੀ ਕਰਦੇ! ਫਿਰ ਇਹ ਲੋਕ ਇਹ ਵੀ ਭੁੱਲ ਜਾਂਦੇ ਹਨ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇਨ੍ਹਾਂ ਹਿੰਦੂਆਂ ਦਾ ਹਿੰਦੂਸਤਾਨ 650 ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਜਿਸ ਦੋ ਦੇਸ਼ਾਂ ਦੀ ਗੱਲ ਕੀਤੀ ਜਾਂਦੀ ਹੈ ਉਹ ਭਾਰਤ ਅਤੇ ਪਾਕਿਸਤਾਨ ਸਨ। ਪੱਛਮ ਪਾਕਿਸਤਾਨ ਜੋ ਕਿ 1972 ਵਿੱਚ ਪਾਕਿਸਤਾਨ ਤੋ ਅਲੱਗ ਹੋਕੇ ਬੰਗਲਾ ਦੇਸ਼ ਬਣ ਗਿਆ। ਭਾਰਤ ਪਾਕਿਸਤਾਨ ਦੀ ਵੰਡ ਤੋਂ ਬਾਦ ਜਦੋਂ ਭਾਰਤ ਦੇ ਸੰਵਿਧਾਨ ਬਣਾਉਣ ਦੀ ਗੱਲ ਹੋਈ ਤਾਂ ਦੁਨੀਆ ਦੇ ਮਹਾਨ ਵਿਦਵਾਨ ਡਾ: ਅੰਬੇਡਕਰ ਜਿਸ ਨੂੰ ਕਮੇਟੀ ਵਿੱਚ ਲਏ ਬਗੈਰ ਸੰਵਿਧਾਨ ਬਣਾਉਣਾ ਸੰਭਵ ਨਹੀਂ ਸੀ। ਸਰਦਾਰ ਬੱਲਵਭਾਈ ਪਟੇਲ ਨੇ ਕਿਹਾ ਕਿ "ਮੈਂ ਭਾਰਤ ਸੰਵਿਧਾਨ ਕਮੇਟੀ ਦੇ ਦਰਵਾਜ਼ੇ ਤਾਂ ਕੀ ਡਾ: ਅੰਬੇਡਕਰ ਲਈ ਰੌਸ਼ਦਾਨ ਵੀ ਬੰਦ ਕਰ ਦਿੱਤੇ ਹਨ"।



ਸ਼ਾਬਾਸ਼ੇ ਬੰਗਾਲ ਦੇ ਆਮ ਵਸਨੀਕਾਂ ਅਤੇ ਨਮੋ ਸ਼ੂਦਰਾ ਲੋਕਾਂ ਦੇ ਜਿਨ੍ਹਾਂ ਨੇ ਬਾਬਾ ਸਾਹਿਬ ਨੂੰ ਸੰਵਿਧਾਨ ਦੀ ਖਰੜਾ ਕਮੇਟੀ ਦਾ ਸਾਧਾਰਨ ਮੈਂਬਰ ਹੀ ਨਹੀ ਬਲਕਿ ਇਸ ਕਮੇਟੀ ਦਾ ਪ੍ਰਧਾਨ ਬਣਾਕੇ ਭੇਜਿਆ। ਇਸ ਬੰਗਲਾ ਦੇਸ਼ ਦੀ ਧਰਤੀ ਤੋਂ ਦਿਲਾਵਰ ਹੁਸੈਨ 25 ਅਗਸਤ ਸਨਿਚਰਵਾਰ ਦੁਪਿਹਰ ਤੋਂ ਬਾਦ ਸਾਡੇ ਬੁੱਧ ਵਿਹਾਰ, ਸਾਊਥਾਲ, ਵੈਸਟ ਲੰਡਨ ਵਿੱਚ ਆਏ, ਇਨ੍ਹਾਂ ਦੇ ਪਿਤਾ 1950 ਵਿੱਚ ਅੱਜ ਦੇ ਬੰਗਲਾ ਦੇਸ਼ ਵਿੱਚ ਚਲੇ ਗਏ, ਹੁਸੈਨ ਸਾਹਿਬ ਦਾ ਜਨਮ 1951 ਵਿੱਚ ਹੋਇਆ।

ਆਪਣੇ ਵਾਰੇ ਉਨ੍ਹਾਂ ਨੇ ਦੱਸਿਆ ਕਿ 1971 ਵਿੱਚ ਵਿਹਾਰ ਅਤੇ ਬੰਗਲਾ ਦੇਸ਼ ਦੀ ਹੱਦ ਤੇ ਵਾਰਸ਼ੀ ਰੇਲਵੇ ਜੰਗਸ਼ਨ ਤੇ ਮੈ ਇੱਕ ਰੈਸਟੋਰੈਂਟ ਵਿੱਚ ਖਾਣਾ ਖਾਣ ਗਿਆ ਤਾਂ ਉਨ੍ਹਾਂ ਦੇ ਪੁੱਛਣ ਤੇ ਮੈਂ ਦੱਸਿਆ ਕਿ ਮੈਂ ਮੁਸਲਮਾਨ ਹਾਂ, ਉਨ੍ਹਾਂ ਨੇ ਕਹਿਾ ਕਿ ਇਹ ਰੈਸਟੋਰੈਂਟ ਕੇਵਲ ਹਿੰਦੂਆਂ ਲਈ ਹੀ ਹੈ ਆਪ ਨਜ਼ਦੀਕ ਵਾਲੇ ਉਸ ਮੁਸਲਮ ਰੈਸਟੋਰੈਂਟ ਵਿੱਚ ਖਾਨਾ ਖਾ ਸਕਤੇ ਹੋ, ਮੈ ਉੱਥੇ ਚਲੇ ਗਿਆ। ਮੈਂ ਖਾਣਾ ਖਾ ਹੀ ਰਿਹਾ ਸੀ ਕਿ ਇੱਕ ਆਦਮੀ ਮੇਰੇ ਕੋਲ ਆਕੇ ਬੈਠ ਗਿਆ, ਕੁਛ ਦੇਰ ਬਾਦ ਮੈਂ ਚੁੱਪੀ ਤੋੜਨ ਲਈ ਉਸ ਨਾਲ ਗੱਲਬਾਤ ਕਰਨ ਲਈ ਲੱਗਾ ਕਿ ਆਪਕਾ ਨਾਂਅ ਕਿਆ ਹੈ? ਜਦੋਂ ਉਸਨੇ ਆਪਣਾ ਨਾਂਅ ਹਿੰਦੂਆਂ ਵਾਲਾ ਦੱਸਿਆਂ ਤਾਂ ਮੈ ਫੋਰਨ ਕਿਹਾ ਕਿ ਭਾਈ ਸਾਹਿਬ ਮੈਂ ਨਜ਼ਦੀਕ ਹਿੰਦੂ ਰੈਸਟੋਰੈਂਟ ਹੈ ਆਪ ਵਹਾਂ ਕਿਉਂ ਨਹੀਂ ਗਏ? ਆਪਕੋ ਹਿੰਦੂਆਂ ਵਾਲਾ ਖਾਨਾ ਮਿਲ ਜਾਤਾ। ਉਹ ਆਦਮੀ ਕਹਿਣ ਲੱਗਾ ਕਿ ਮੈਂ ਗਿਆ ਸੀ ਪਰ ਉਨ੍ਹਾਂ ਨੇ ਮੈਨੂੰ ਸਰਵ ਨਹੀਂ ਕੀਤਾ! ਮੈਂ ਹੈਰਾਨ ਹੋਕੇ ਪੁੱਛਿਆ ਕਿ ਭਾਈ ਸਾਹਿਬ ਆਪ ਹਿੰਦੂ ਹੋ ਤੋ ਤੁਮੇ ਸਰਵ ਕਿਉਂ ਨਹੀ ਕੀਆ? ਉਸਨੇ ਮੈਨੂੰ ਦੱਸਿਆਂ ਕਿ ਮੈਂ ਹਿੰਦੂਓ ਮੇਂ ਨਿਚਲੀ ਜਾਤ ਕਾ ਹੂੰ ਇਸ ਲੀਏ।ਮੁਝੇ ਹੈਰਾਨੀ ਨਹੀ ਹੂਈ ਕਿਉਂਕਿ ਮੈਂ ਜਾਣਦਾ ਸੀ ਕਿ ਹਿੰਦੂਆਂ ਵਿੱਚ ਜਾਤ-ਪਾਤ ਹੀ ਨਹੀਂ ਛੂਆ-ਛਾਤ ਵੀ ਹੈ।ਮੈਂ ਉਸ ਆਦਮੀ ਦਾ ਅਡਰੈਸ ਲੈ ਲਿਆ, ਉਸਤੋਂ ਮੈਨੂੰ ਅੰਬੇਡਕਰ ਕਾ ਪਤਾ ਲੱਗਾ।ਜਿਵੇਂ ਉੱਤਰ ਭਾਰਤ ਵਿੱਚ ਮੂਲਨਿਵਾਸੀ ਆਪਣੇ ਆਪ ਨੂੰ ਅਦਿ ਧਰਮੀ ਕਹਿੰਦੇ ਹਨ, ਦੱਖਣ ਵਿੱਚ ਦਰਾਵੜ ਕਹਿੰਦੇ ਹਨ, ਪੂਰਬ ਵਿੱਚ ਮੂਲਨਿਵਾਸੀ ਆਪਣੇ ਆਪਨੂੰ ਨਮੋ ਸ਼ੂਦਰਾ ਕਹਿੰਦੇ ਹਨ।ਹੁਸੈਨ ਸਾਹਿਬ ਵੀ ਬੰਗਲਾ ਦੇਸ਼ ਦੇ ਨਮੋ ਸ਼ੂਦਰਾਂ ਵਿੱਚੋਂ ਹਨ।

ਬਾਬਾ ਸਾਹਿਬ ਵਾਰੇ ਉਨ੍ਹਾਂ ਦੇ ਵਿਚਾਰ ਸੁਣਕੇ ਸਾਰੇ ਹੱਕੇ-ਬੱਕੇ ਰਹਿ ਗਏ।ਉਨ੍ਹਾਂ ਨੇ ਢਾਕਾ ਵਿੱਚ 2010 ਨੂੰ ਉਬੀ ਆਰ ਅੰਬੇਡਕਰ ਸੁਸਾਇਟੀ ਬੰਗਲਾ ਦੇਸ਼" ਬਣਾਈ ਅਤੇ 2012 ਵਿੱਚ ਪਹਿਲੀ ਵਾਰ ਬੰਗਲਾ ਦੇਸ਼ ਵਿੱਚ ਬਾਬਾ ਸਾਹਿਬ ਦਾ ਜਨਮ ਦਿਨ ਮਨਾਇਆ।

ਹੁਸੈਨ ਸਾਹਿਬ ਨੇ 2014 ਵਿੱਚ ਬਾਬਾ ਸਾਹਿਬ ਦੀ ਕਿਤਾਬ ਉਜਾਤ ਪਾਤ ਦਾ ਬੀਜਨਾਸ਼" ਬੰਗਲਾ ਭਾਸ਼ਾ ਵਿੱਚ ਅਨੁਵਾਦ ਕਰਕੇ ਸਾਰੇ ਬੰਗਲਾ ਦੇਸ਼ ਵਿੱਚ ਵੰਡੀ, ਅੰਦਾਜ਼ਾ ਲਗਾਉਣਾ ਕਠਿਨ ਨਹੀਂ ਕਿ ਇਸ ਕਿਤਾਬ ਨੂੰ ਪੜ੍ਹਕੇ ਬਾਮਣਾਂ ਦੇ ਦਿਲ ਵਿੱਚ ਤਿੱਖੇ ਤੀਰ ਜਰੂਰ ਲੱਗੇ ਹੋਣਗੇ। "ਬਾਬਾ ਸਾਹਿਬ ਮਾਨਵ ਮੁਕਤੀ ਕਾ ਸੰਗੀਤ" ਦੇ 2,000 ਇਸ਼ਤਿਹਾਰ ਛਪਵਾਕੇ ਲੋਕਾਂ ਵਿੱਚ ਵੰਡੇ। ਸਾਰੇ ਬੰਗਲਾ ਦੇਸ਼ ਵਿੱਚੋਂ ਆਏ 900 ਡੈਲੀਗੇਟਾਂ ਨਾਲ ਢਾਕਾ ਵਿੱਚ 2016 ਨੂੰ ਬਾਬਾ ਸਾਹਿਬ ਦਾ ਜਨਮ ਦਿਨ ਬਹੁਤ ਬੜੇ ਪੈਮਾਨੇ ਤੇ ਮਨਾਇਆ। ਅੱਜ ਕੱਲ ਉਨ੍ਹਾਂ ਦੀ ਸੁਸਾਇਟੀ ਦੇ 3,000 ਤੋਂ ਵੱਧ ਮੈਂਬਰ ਹਨ। ਹੁਸੈਨ ਸਾਹਿਬ ਨੇ ਹੈਰਾਨ ਕਰਨ ਵਾਲੀ ਗੱਲ ਦੱਸੀ ਕਿ ਸਾਰੇ ਬੰਗਲਾ ਦੇਸ਼ ਵਿੱਚ 85% ਮੁਸਲਮਾਨ ਹਨ ਬਾਕੀ 15% ਵਿੱਚ ਮਛੇਰੇ, ਘੁਮਾਰ, ਚਮਾਰ, ਤਾਂਤੀ (ਜੁਲਾਹੇ) ਆਦਿ ਆਉਂਦੇ ਹਨ ਪਰ ਫਿਰ ਵੀ 1% ਬ੍ਰਾਮਣ ਹਿੰਦੂਆਂ ਲਈ ਪੌਲਿਸੀਆਂ ਬਣਾਉਂਦੇ ਹਨ।

ਇਸ ਸਾਲ ਦੇ ਦਸੰਬਰ ਵਿੱਚ ਬੰਗਲਾ ਦੇਸ਼ ਵਿੱਚ ਇਲੈਕਸ਼ਨ ਹਨ, 26 ਮਾਰਚ 1971 ਨੂੰ ਬੰਗਲਾ ਦੇਸ਼ ਪਾਕਿਸਤਾਨ ਤੋਂ ਅਲੱਗ ਹੋਕੇ ਇੱਕ ਨਵਾਂ ਦੇਸ਼ ਬਣਿਆ ਸੀ, 14 ਅਪ੍ਰੈਲ ਨੂੰ ਬੰਗਾਲੀਆਂ ਦਾ ਨਵਾਂ ਸਾਲ ਹੈ ਅਤੇ 14 ਅਪ੍ਰੈਲ ਨੂੰ ਬਾਬਾ ਸਾਹਿਬ ਦਾ ਜਨਮ ਦਿਨ ਵੀ ਹੈ।

ਉਨ੍ਹਾਂ ਨੇ ਬੇਨਤੀ ਕੀਤੀ ਕਿ ਯੂਕੇ ਤੋਂ ਅਤੇ ਭਾਰਤ ਤੋਂ ਬੁੱਧੀਜੀਵੀ 26 ਮਾਰਚ ਤੋਂ ਪਹਿਲਾਂ ਅੰਬੇਡਕਰੀ ਲੋਕ ਬੰਗਲਾ ਦੇਸ਼ ਵਿੱਚ ਆਉਣ ਤਾਂ ਕਿ ਬੰਗਾਲ ਦਾ ਆਜ਼ਾਦੀ ਦਿਵਸ ਅਤੇ 14 ਅਪ੍ਰੈਲ ਬੜੀ ਧੂੰਮ-ਧਾਮ ਨਾਲ ਮਨਾਇਆ ਜਾਵੇ। ਮੌਕੇ ਤੇ ਜਬਾਬ ਦੇਣਾ ਕਠਿਨ ਸੀ ਪਰ ਅਸੀਂ ਕਿਹਾ ਕਿ ਅਸੀਂ ਆਉਣ ਦੀ ਪੂਰੀ ਕੋਸ਼ਿਸ਼ ਕਰਾਂਗੇ।

ਬਹੁਤ ਆਨੰਦ ਆਇਆ, ਇਹ ਜਾਣਕੇ ਕਿ ਬਾਬਾ ਸਾਹਿਬ ਦੇ ਸਿਪਾਹੀ ਸਾਰੇ ਯੂਰਪ, ਅਮਰੀਕਾ, ਕਨੇਡਾ, ਔਸਟਰੇਲੀਆ, ਨਿਊਜ਼ੀਲੈਂਡ ਆਦਿ ਹੀ ਨਹੀਂ ਬੰਗਲਾ ਦੇਸ਼ ਵਿੱਚ ਵੀ ਬਾਬਾ ਸਾਹਿਬ ਦੇ ਮਿਸ਼ਨ ਝੰਡਾ ਗੱਡ ਰਹੇ ਹਨ।

# ਮੇਰੀਏ ਪੰਜਾਬ ਸਰਕਾਰੇ, ਖਿਡਾਰੀ ਕਿੱਥੇ ਜਾਣ ਵਿਚਾਰੇ !

## ਏਸ਼ੀਅਨ ਖੇਡਾਂ ਦੇ ਜੇਤੂਆਂ ਨੂੰ ਨਾ ਪੈਸਾ, ਨਾ ਨੌਕਰੀ ਨਾ ਸਨਮਾਨ - ਬੱਸ ਪੱਲੇ ਪਿਆ ਅਪਮਾਨ











ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ
98143-00722

ਪੰਜਾਬ ਸੂਬਾ ਭਾਰਤੀ ਖੇਡਾਂ ਦੀ ਇੱਕ ਨਰਸਰੀ ਹੈ। ਹੁਣ ਤੱਕ ਅੰਤਰ-ਰਾਸ਼ਟਰੀ ਪੱਧਰ 'ਤੇ ਭਾਰਤ ਨੇ ਜੋ ਵੀ ਖੱਟਿਆ ਹੈ ਉਸ ਵਿਚ ਪੰਜਾਬ ਦੇ ਖਿਡਾਰੀਆਂ ਦਾ ਹਮੇਸ਼ਾ ਹੀ ਵੱਡਾ ਯੋਗਦਾਨ ਰਿਹਾ ਹੈ। ਪਰ ਪਿਛਲੇ ਡੇਢ ਦਹਾਕੇ ਤੋਂ ਪੰਜਾਬ ਦੀਆਂ ਖੇਡਾਂ ਦੀ ਤਰੱਕੀ ਦੀ ਕਹਾਣੀ ਨਿਘਾਰ ਵੱਲ੍ਹ ਨੂੰ ਜਾ ਰਹੀ ਹੈ। ਹਾਲਾਂਕਿ ਸਹੂਲਤਾਂ ਨਾ ਮਿਲਣ ਦੇ ਬਾਵਜੂਦ ਵੀ ਪੰਜਾਬ ਦੇ ਖਿਡਾਰੀ ਪ੍ਰਾਪਤੀਆਂ ਕਰ ਰਹੇ ਹਨ। ਹੁਣੇ ਸਮਾਪਤ ਹੋਈਆਂ ਏਸ਼ੀਅਨ ਖੇਡਾਂ ਵਿਚ ਪੰਜਾਬ ਦੇ ਖਿਡਾਰੀਆਂ ਦੇ ਨਤੀਜੇ ਤਾਂ ਚੰਗੇ ਰਹੇ ਹਨ, ਪਰ ਜਦੋਂ ਤੱਕ ਪੰਜਾਬ ਦੇ ਤਿਆਰ ਕੀਤੇ ਖਿਡਾਰੀ ਦੂਸਰੇ ਸੂਬਿਆਂ ਜਾਂ ਵਿਭਾਗਾਂ ਵੱਲੋਂ ਭਾਰਤ ਦੀ ਨੁਮਾਇੰਦਗੀ ਕੀਤੀ। ਇਸਦਾ ਵੱਡਾ ਕਾਰਨ ਇਹ ਹੈ ਕਿ ਪੰਜਾਬ ਸਰਕਾਰ ਦਾ ਖੇਡਾਂ ਵੱਲ੍ਹ ਧਿਆਨ ਹੀ ਕੋਈ ਨਹੀਂ। ਪਿਛਲੀ ਅਕਾਲੀ ਸਰਕਾਰ ਨੇ ਖੇਡਾਂ ਦੇ ਖੇਤਰ 'ਚ ਕਬੱਡੀ ਦੇ ਨਾਮ 'ਤੇ ਵੋਟਾਂ ਦੀ ਰਾਜਨੀਤੀ ਖੇਡੀ। ਹੁਣ ਦੀ ਕੈਪਟਨ ਸਰਕਾਰ ਨੂੰ ਕੋਈ ਖਿਆਲ ਹੀ ਨਹੀਂ ਕਿ ਪੰਜਾਬ ਖੇਡਾਂ 'ਚ ਕਿੱਧਰ ਨੂੰ ਜਾ ਰਿਹਾ ਹੈ।

ਏਸ਼ੀਅਨ ਖੇਡਾਂ 'ਚ ਭਾਰਤ ਨੇ 69 ਸੋਨੇ ਦੇ ਤਗਮੇ ਜਿੱਤੇ, ਜੋ ਕਿ ਇੱਕ ਰਿਕਾਰਡ ਹੈ। ਸਭ ਤੋਂ ਵੱਧ ਤਗਮੇ ਹਰਿਆਣੇ ਦੇ ਹਿੱਸੇ ਵਿਚ ਆਏ। ਜਿਸ ਨੇ 5 ਸੋਨੇ, 5 ਚਾਂਦੀ ਤੇ 8 ਕਾਂਸੀ ਦੇ ਤਗਮਿਆਂ ਤੋਂ ਇਲਾਵਾ ਟੀਮ ਗੇਮਾਂ 'ਚ 25 ਦੇ ਕਰੀਬ ਤਗਮੇ ਹਾਸਲ ਕੀਤੇ। ਪੰਜਾਬ ਦੇ ਖਿਡਾਰੀਆਂ ਦਾ ਜੇਤੂ ਦਬਦਬਾ ਤਾਂ ਕਾਫੀ ਰਿਹਾ ਪਰ ਦੇ ਬਹੁਤੇ ਖਿਡਾਰੀ ਹਰਿਆਣਾ ਅਤੇ ਦੂਸਰੇ ਸੂਬਿਆਂ ਵੱਲੋਂ ਖੇਡੇ। ਜਿਸ ਤਰ੍ਹਾਂ ਸੋਨ ਤਗਮਾ ਜੇਤੂ ਅਥਲੀਟ ਅਰਪਿੰਦਰ ਸਿੰਘ ਨੇ ਪੰਜਾਬ ਸਰਕਾਰ ਦੀਆਂ ਖੇਡ ਨੀਤੀਆਂ ਤੋਂ ਦੁਖੀ ਹੋ ਕੇ ਹਰਿਆਣਾ ਦੀ ਨੁਮਾਇੰਦਗੀ ਕੀਤੀ। ਹਾਕੀ ਸਟਾਰ ਰੁਪਿੰਦਰਪਾਲ ਸਿੰਘ ਤਾਮਿਲਨਾਡੂ ਦੇ ਹਿੱਸੇ ਆਇਆ। ਕਬੱਡੀ ਵਾਲੀ ਮਨਪ੍ਰੀਤ ਕੌਰ ਹਰਿਆਣੇ ਵੱਲੋਂ ਖੇਡੀ। ਸਵਰਨ ਸਿੰਘ, ਸੁਖਮੀਤ ਸਿੰਘ, ਭਗਵਾਨ ਸਿੰਘ ਰੋਇੰਗ ਵਾਲੇ ਵੀ ਆਰਮੀ ਦੇ ਹਿੱਸੇ ਆਏ। ਅਥਲੀਟ ਮਨਜੀਤ ਸਿੰਘ ਅਤੇ ਹੋਰ ਬਹੁਤ ਸਾਰੇ ਖਿਡਾਰੀਆਂ ਨੇ ਪੰਜਾਬ ਸਰਕਾਰ ਦੀ ਖੇਡ ਨੀਤੀ ਤੋਂ ਦੁਖੀ ਹੁੰਦਿਆਂ ਦੂਸਰੇ ਰਾਜਾਂ ਵੱਲੋਂ ਨੁਮਾਇੰਦਗੀ ਕੀਤੀ। ਸਿਰਫ ਤੇਜਿੰਦਰ ਸਿੰਘ ਤੂਰ ਦਾ ਸੋਨ ਤਗਮਾ ਹੀ ਪੰਜਾਬ ਦੇ ਹਿੱਸੇ ਆਇਆ। ਤੇਜਿੰਦਰ ਸਿੰਘ ਤੂਰ ਨੂੰ ਕੋਈ ਇਨਾਮ ਤਾਂ ਕੀ ਦੇਣਾ ਸੀ, ਕੋਈ ਸਰਕਾਰੀ ਅਧਿਕਾਰੀ, ਰਾਜਨੀਤਿਕ ਨੇਤਾ ਉਸਦੇ ਪਿਤਾ ਦੀ ਬੇਵਕਤੀ ਮੌਤ 'ਤੇ ਅਫਸੋਸ ਕਰਨ ਵੀ ਨਹੀਂ ਗਿਆ।

### ਹਰਿਆਣਾ ਪੰਜਾਬ ਤੋਂ ਕਿਉਂ ਅੱਗੇ ?

ਏਸ਼ੀਅਨ ਖੇਡਾਂ ਦੇ ਜਿਉਂ ਜਿਉਂ ਜੇਤੂ ਨਤੀਜੇ ਆ ਰਹੇ ਸਨ, ਹਰਿਆਣਾ ਸਰਕਾਰ ਸੋਨ ਤਗਮਾ ਜੇਤੂ ਨੂੰ 3 ਕਰੋੜ, ਚਾਂਦੀ ਤਗਮਾ ਜੇਤੂ ਨੂੰ 2 ਕਰੋੜ, ਕਾਂਸੀ ਤਗਮਾ ਜੇਤੂ ਨੂੰ 1 ਕਰੋੜ ਰੁਪਏ ਦਾ ਇਨਾਮ ਦੇ ਰਹੀ ਸੀ। ਦਿੱਲੀ, ਉੜੀਸਾ ਤੇ ਹੋਰਨਾਂ ਰਾਜਾਂ ਦੀਆਂ ਸਰਕਾਰਾਂ ਨੇ ਵੀ ਇਸੇ ਤਰ੍ਹਾਂ ਹੀ ਆਪਣੇ ਜੇਤੂ ਖਿਡਾਰੀਆਂ ਨਾਲ ਵੱਡੀ ਜੇਤੂ ਇਨਾਮੀ ਰਾਸ਼ੀ ਵਾਲਾ ਵਿਹਾਰ ਕੀਤਾ। ਇਸੇ ਕਰਕੇ ਹਰਿਆਣਾ ਦੇ ਸੋਨ ਤਗਮਾ ਜੇਤੂ ਨੀਰਜ ਚੋਪੜਾ, ਬਜਰੰਗ ਪੂਨੀਆ, ਪਹਿਲਵਾਨ ਵਿਨੇਸ਼ ਫੋਗਟ, ਅਰਪਿੰਦਰ ਸਿੰਘ ਆਪਣੀ ਪ੍ਰਾਪਤੀ ਕਰਕੇ ਇਨਾਮੀ ਰਾਸ਼ੀ ਲੈ ਕੇ ਬਾਗੋ-ਬਾਗ ਸਨ।

ਹਰਿਆਣਾ ਸਰਕਾਰ ਨੇ ਸਾਰੇ ਖਿਡਾਰੀਆਂ ਨੂੰ ਗਜਟਡ ਨੌਕਰੀਆਂ ਵੀ ਦੇ ਦਿੱਤੀਆਂ। ਦੂਸਰੇ ਪਾਸੇ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਰਾਣਾ ਸੋਢੀ ਖੁਦ ਜਕਾਰਤਾ ਵਿਖੇ ਖਿਡਾਰੀਆਂ ਦੀ ਕਾਰਗੁਜ਼ਰੀ ਦੇਖਣ ਗਏ ਸਨ। ਇਸਤੋਂ ਇਲਾਵਾ ਖੇਡ ਮੰਤਰੀ ਰਾਣਾ ਸੋਢੀ ਅਤੇ ਡਾਇਰੈਕਟਰ ਸਪੋਰਟਸ ਸ਼੍ਰੀਮਤੀ ਅੰਮ੍ਰਿਤਾ ਗਿੱਲ ਖੁਦ ਵੀ ਵਧੀਆ ਖਿਡਾਰੀ ਰਹੇ ਹਨ। ਰਾਣਾ ਸੋਢੀ ਪੰਜਾਬ ਦੇ ਜੇਤੂ ਖਿਡਾਰੀਆਂ ਨੂੰ ਝੂਠੀ ਜਿਹੀ ਸ਼ਾਬਾਸ਼ ਦੇਣ ਤੋਂ ਬਜਾਏ ਹੋਰ ਕੁਝ ਨਹੀਂ ਦਿੱਤਾ। ਵੈਸੇ ਵੀ ਪੰਜਾਬ ਦੀ ਮੌਜੂਦਾ ਖੇਡ ਨੀਤੀ ਮੁਤਾਬਕ ਏਸ਼ੀਅਨ ਖੇਡਾਂ ਦੇ ਜੇਤੂ ਖਿਡਾਰੀਆਂ 'ਚ ਸੋਨ ਤਗਮਾ ਜੇਤੂ ਖਿਡਾਰੀ ਨੂੰ 26 ਲੱਖ, ਚਾਂਦੀ ਤਗਮਾ ਜੇਤੂ ਨੂੰ 16 ਲੱਖ, ਕਾਂਸੀ ਤਗਮਾ ਜੇਤੂ ਨੂੰ 11 ਲੱਖ ਰੁਪਏ ਦਾ ਇਨਾਮ ਮਿਲਦਾ ਹੈ। ਹਰਿਆਣਾ ਅਤੇ ਪੰਜਾਬ ਦੀ ਇਨਾਮੀ ਖੇਡ ਨੀਤੀ ਦਾ ਇੰਨਾ ਫਰਕ ਹੋਏਗਾ ਤਾਂ ਕਿਹੜਾ ਖਿਡਾਰੀ ਪੰਜਾਬ ਵੱਲੋਂ ਖੇਡੇਗਾ ?

### ਪੰਜਾਬ ਤੋਂ ਕਿਉਂ ਭੱਜ ਰਹੇ ਖਿਡਾਰੀ?

ਏਸ਼ੀਅਨ ਖੇਡਾਂ 'ਚ ਪੰਜਾਬ ਦੀ ਇੱਕੋ-ਇੱਕ ਖਿਡਾਰਣ ਗੁਰਜੀਤ ਕੌਰ ਟੌਪ ਸਕੋਰਰ ਰਹੀ, ਨੇ ਐਲਾਨ ਕੀਤਾ ਕਿ ਉਹ ਅੱਗੇ ਤੋਂ ਕਦੇ ਵੀ ਪੰਜਾਬ ਵੱਲੋਂ ਨਹੀਂ ਖੇਡੇਗੀ। ਗੁਰਜੀਤ ਕੌਰ ਰੇਲਵੇ ਇਲਾਹਾਬਾਦ ਵਿਖੇ ਨੌਕਰੀ ਕਰ ਰਹੀ ਹੈ। ਹਾਕੀ 'ਚ ਸਭ ਤੋਂ ਵੱਧ ਗੋਲ ਕਰਨ ਵਾਲਾ ਰੁਪਿੰਦਰਪਾਲ ਸਿੰਘ ਚੇਨਈ ਵਿਖੇ ਬੈਂਕ 'ਚ ਨੌਕਰੀ ਕਰ ਰਿਹਾ ਹੈ।

ਹੋਰ ਬਹੁਤ ਸਾਰੇ ਜੇਤੂ ਨਾਮੀ ਖਿਡਾਰੀ ਪੰਜਾਬ ਤੋਂ ਬਾਹਰ ਦੂਸਰੇ ਸੂਬਿਆਂ 'ਚ ਨੌਕਰੀਆਂ ਕਰ ਰਹੇ ਹਨ। ਹਾਲਾਂਕਿ ਇਸ ਸਾਰੇ ਖਿਡਾਰੀ ਤਿਆਰ ਪੰਜਾਬ ਦੀ ਸਰਜਮੀਂ 'ਤੇ ਹੋਏ ਹਨ। ਪਰ ਪੰਜਾਬ ਸਰਕਾਰ ਵੱਲੋਂ ਨਾ ਕੋਈ ਜੇਤੂਆਂ ਪੈਸਾ, ਨਾ ਕੋਈ ਨੌਕਰੀ, ਨਾ ਕੋਈ ਸਨਮਾਨ ਮਿਲਣ ਕਰਕੇ ਬਹੁਤੇ ਖਿਡਾਰੀ ਦੂਸਰੇ ਸੂਬਿਆਂ ਵੱਲ੍ਹ ਜਾ ਰਹੇ ਹਨ।

### ਸਾਲ 2013 ਤੋਂ ਬਾਅਦ ਖਿਡਾਰੀਆਂ ਨੂੰ ਕੋਈ ਸਟੇਟ ਐਵਾਰਡ ਨਹੀਂ ਮਿਲਿਆ

ਭਾਵੇਂ ਇੱਕ ਪਾਸੇ ਪੰਜਾਬ ਸਰਕਾਰ ਵੱਡੇ ਵੱਡੇ ਦਾਅਵੇ ਕਰ ਰਹੀ ਹੈ ਕਿ ਅਸੀਂ ਹਰਿਆਣਾ ਨਾਲੋਂ ਬਿਹਤਰ ਖੇਡ ਨੀਤੀ ਬਣਾ ਰਹੇ ਹਾਂ। ਏਸ਼ੀਅਨ ਖੇਡਾਂ ਦੇ ਸਨਮਾਨ ਦੀ ਤਾਂ ਗੱਲ ਛੱਡੋ, 2013 ਤੋਂ ਅਜੇ ਤੱਕ ਖਿਡਾਰਿਆਂ ਨੂੰ ਸਟੇਟ ਐਵਾਰਡ ਨਹੀਂ ਮਿਲਿਆ। ਜੋ ਸਰਕਾਰ ਆਪਣੇ ਖਿਡਾਰਆਂ ਨੂੰ ਸਟੇਟ ਐਵਾਰਡ ਨਹੀਂ ਦੇ ਸਕਦੀ, ਉਹ ਹੋਰ ਕੀ ਕਰ ਸਕਦੀ ਹੈ।

ਜਿੰਨਾ ਮਰਜੀ ਪਾਣੀ ਪੀ-ਪੀ ਪੰਜਾਬ ਸਰਕਾਰ ਨੂੰ ਕੋਸ ਲਵੋ, ਜਿੰਨਾ ਮਰਜੀ ਸਰਕਾਰ ਦੀ ਅਲੋਚਨਾ ਕਰ ਦੇਵੋ, ਜਿੰਨਾ ਸਮਾਂ ਕੋਈ ਅਹਿਮ ਉਪਰਾਲਾ ਨਹੀਂ ਹੋਵੇਗਾ ਪੰਜਾਬ ਖੇਡਾਂ ਵਿਚ ਤਰੱਕੀ ਨਹੀਂ ਕਰ ਸਕੇਗਾ।

ਪੰਜਾਬ ਦੇ ਖੇਡ ਮੰਤਰੀ ਨੂੰ ਜਦੋਂ ਖਿਡਾਰੀਆਂ ਦੀ ਹੋ ਰਹੀ ਬੇਕਦਰੀ ਬਾਰੇ ਮੀਡੀਆ ਨੇ ਸਵਾਲ ਕੀਤਾ ਤਾਂ ਉਨ੍ਹਾਂ ਦਾ ਜਵਾਬ ਹੀ ਬੜਾ ਹਾਸੋ ਹੀਣਾ ਸੀ ਕਿ, "ਸਰਕਾਰ ਦਾ ਖਜ਼ਾਨਾ ਖਾਲੀ ਹੈ, ਸਾਡੇ ਕੋਲ ਕੋਈ ਪੈਸਾ ਹੀ ਨਹੀਂ ਹੈ। ਅਸੀਂ ਕਿੱਥੋਂ ਖਿਡਾਰੀਆਂ ਦੀ ਮਦਦ ਕਰੀਏ।" ਪਰ ਕਹਿੰਦੇ ਫਿਰ ਵੀ ਕੁਝ ਨਾ ਕੁਝ ਕਰਾਂਗੇ। ਪੰਜਾਬ ਸਰਕਾਰ ਦਾ ਤਾਂ ਉਹ ਕੰਮ ਹੋਇਆ ਕਿ, "ਪੱਲੇ ਨੀ ਧੇਲਾ, ਕਰਦੀ ਮੇਲਾ-ਮੇਲਾ।" ਖੇਡ ਮੰਤਰੀ ਸਾਬ੍ਹ ਖਿਡਾਰੀਆਂ ਪਾਸੇ ਤੋਂ ਇਹੀ ਅਪੀਲ ਆ ਕਿ, "ਇਹ ਮੇਰੀਏ ਸਰਕਾਰੇ, ਇਹ ਕਿੱਧਰ ਜਾਣ ਵਿਚਾਰੇ?" ਬੱਸ ਪੰਜਾਬ ਦੇ ਖਿਡਾਰੀਆਂ ਦਾ ਤਾਂ ਰੱਬ ਹੀ ਰਾਖਾ।

## ਅੰਤਰਰਾਸ਼ਟਰੀ ਸਾਖਰਤਾ ਦਿਵਸ ਸਬੰਧੀ ਵਿਸ਼ੇਸ਼

# ਦੁਨੀਆਂ ਦੀ ਔਸਤ ਸਾਖਰਤਾ ਦਰ 84 ਫੀਸਦੀ ਹੈ ਪਰ ਸਾਡਾ ਦੇਸ਼ ਅਜੇ ਵੀ ਇਸਤੋਂ ਪਿੱਛੇ

ਹਰ ਸਾਲ 08 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜੇਕਰ ਸਾਖਰਤਾ ਦਿਵਸ ਦਾ ਪਿਛੋਕੜ ਵੇਖੀਏ ਤਾਂ 17 ਨਵੰਬਰ 1965 ਨੂੰ ਯੂਨੈਸਕੋ ਵੱਲੋਂ ਫੈਸਲਾ ਕੀਤਾ ਗਿਆ ਕਿ ਹਰ ਸਾਲ 8 ਸਤੰਬਰ ਨੂੰ ਅੰਤਰ-ਰਾਸ਼ਟਰੀ ਸਾਖਰਤਾ ਦਿਵਸ ਵਜੋਂ ਮਨਾਇਆ ਜਾਵੇਗਾ ਅਤੇ ਪਹਿਲੀ ਵਾਰ 8 ਸਤੰਬਰ 1966 ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ ਸੀ। ਸਾਖਰਤਾ ਗਰੀਬੀ ਘਟਾਉਣ, ਲਿੰਗ ਅਨੁਪਾਤ ਸੁਧਾਰਨ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਸਹਾਇਕ ਅਤੇ ਸਮਰੱਥ ਕਰਦੀ ਹੈ। ਦੁਨੀਆਂ ਦੇ ਲਗਭੱਗ 35 ਦੇਸ਼ਾਂ ਵਿੱਚ ਸਾਖਰਤਾ ਦਰ 50 ਫੀਸਦੀ ਤੋਂ ਵੀ ਘੱਟ ਹੈ। ਵਿਸ਼ਵ ਪੱਧਰ ਤੇ ਦੇਖੀਏ ਤਾਂ ਦੁਨੀਆਂ ਵਿੱਚ ਕਰੀਬ 04 ਅਰਬ ਲੋਕ ਸਾਖਰ ਹਨ ਅਤੇ 77.6 ਕਰੋੜ ਲੋਕ ਘੱਟੋ ਘੱਟ ਸਾਖਰਤਾ ਦਰ ਤੋਂ ਵੀ ਹੇਠਾਂ ਹਨ ਜਿਹਨਾਂ ਵਿੱਚੋਂ ਦੋ ਤਿਹਾਈ ਔਰਤਾਂ ਹਨ। ਹਰ ਪੰਜ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਅਨਪੜ੍ਹ ਹੈ। ਦੁਨੀਆਂ ਦੇ ਨਾਰਵੇ, ਫਿਨਲੈਂਡ, ਐਨਡੋਰਾ, ਨੋਰਫੋਲਕ ਆਈਲੈਂਡ, ਗ੍ਰੀਨਲੈਂਡ, ਉਤਰੀ ਕੋਰੀਆ, ਲਗਜ਼ਮਬਰਗ ਵਰਗੇ ਦੇਸ਼ਾਂ ਦੀ ਸਾਖਰਤਾ ਦਰ 100 ਫੀਸਦੀ ਹੈ ਅਤੇ ਜ਼ਿਆਦਾਤਰ ਕਈ ਦੇਸ਼ਾਂ ਦੀ ਸਾਖਰਤਾ ਦਰ 98 ਫੀਸਦੀ ਤੋਂ ਵੱਧ ਹੈ। ਦੁਨੀਆਂ ਦੀ ਔਸਤ ਸਾਖਰਤਾ ਦਰ 84 ਫੀਸਦੀ ਹੈ ਪਰ ਸਾਡਾ ਦੇਸ਼ ਭਾਰਤ ਅਜੇ ਵੀ ਇਸਤੋਂ ਪਿੱਛੇ ਹੈ। ਸਾਡੇ ਦੇਸ਼ ਦੀ ਸਾਖਰਤਾ ਦਰ 74.4 ਫੀਸਦੀ ਹੈ ਜਿਸ ਵਿੱਚੋਂ ਪੁਰਸ਼ਾ ਦੀ ਸਾਖਰਤਾ ਦਰ 82.1 ਫੀਸਦੀ ਅਤੇ ਮਹਿਲਾਵਾਂ ਦਾ ਸਾਖਰਤਾ ਦਰ 65.5 ਫੀਸਦੀ ਹੈ। ਦੁਨੀਆਂ ਵਿੱਚ ਸਭ ਤੋਂ ਘੱਟ ਸਾਖਰਤਾ ਦਰ ਅਫਗਾਨਿਸਤਾਨ ਦੀ 28.1 ਫੀਸਦੀ ਹੈ ਜਿਸ ਵਿੱਚੋਂ ਪੁਰਸ਼ਾਂ ਦੀ ਸਾਖਰਤਾ ਦਰ 43.1 ਫੀਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ ਸਿਰਫ 12.6 ਫੀਸਦੀ ਹੈ। ਨੇਪਾਲ, ਪਾਕਿਸਤਾਨ ਵਰਗੇ ਸਾਡੇ ਗੁਆਂਢੀ ਦੇਸ਼ਾਂ ਵਿੱਚ ਹਾਲਤ ਸਾਡੇ ਨਾਲੋਂ ਵੀ ਖਰਾਬ ਹੈ ਪਰ ਵਿਸ਼ਵ ਵਿੱਚ ਚੀਨ ਵਰਗੇ ਦੇਸ਼ ਵੀ ਹਨ ਜਿਹਨਾਂ ਦੀ ਸਾਖਰਤਾ ਦਰ 93.3 ਫੀਸਦੀ ਹੈ। ਇਹ ਉਹ ਆਂਕੜੇ ਹਨ ਜੋ ਸਰਕਾਰੀ ਹਨ ਜੇਕਰ ਅਸੀਂ ਹਕੀਕਤ ਦੇਖੀਏ ਤਾਂ ਹਾਲਾਤ ਹੋਰ ਵੀ ਗੰਭੀਰ ਨਜ਼ਰ ਆਉਣਗੇ। ਘੱਟ ਰਹੀ ਸਾਖਰਤਾ ਦਰ ਨੂੰ ਸੁਧਾਰਨ ਅਤੇ ਇਸ ਖੇਤਰ ਵਿੱਚ ਵੱਧ ਕੰਮ ਕਰਨ ਦੇ ਲਈ ਹੀ ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ (ਯੂਨੇਸਕੋ) ਦੁਆਰਾ ਹਰ ਸਾਲ 8 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਇਸਦਾ ਉਦੇਸ਼ ਵਿਅਕਤੀਆਂ, ਸੰਸਥਾਵਾਂ ਅਤੇ ਸਾਰੇ ਭਾਈਚਾਰਿਆਂ ਨੂੰ ਪੜ੍ਹਾਈ ਦੇ ਮਹੱਤਵ ਤੋਂ ਜਾਣੂ ਕਰਵਾਉਂਣਾ ਹੈ। ਭਾਰਤ ਇੱਕ ਉਭੱਰਦਾ ਅਤੇ ਤੇਜ਼ੀ ਨਾਲ ਵਿਕਸਿਤ ਹੋਣ ਵਾਲਾ ਦੇਸ਼ ਹੈ। ਅੱਜ ਅਸੀਂ ਆਪਣੀ ਤੁਲਨਾ ਅਮਰੀਕਾ, ਚੀਨ ਵਰਗੇ ਦੇਸ਼ਾਂ ਨਾਲ ਕਰਦੇ ਨਹੀਂ ਥੱਕਦੇ ਪਰ ਜਦੋਂ ਅਸੀਂ ਭਾਰਤ ਦੀਆਂ ਸੜਕਾਂ ਤੇ ਚਾਹ ਦੀਆਂ ਦੁਕਾਨਾਂ ਤੇ ਕੰਮ ਕਰਨ ਵਾਲੇ ਛੋਟੇ ਬੱਚਿਆਂ ਅਤੇ ਪੜ੍ਹੇ-ਲਿਖੇ ਨੌਜ਼ਵਾਨਾਂ ਨੂੰ ਬੇਰੁਜ਼ਗਾਰ ਦੇਖਦੇ ਹਾਂ ਤਾਂ ਸੋਚਦੇ ਹਾਂ ਕਿ ਅਸੀਂ ਸਾਖਰ ਤਾਂ ਹੋ ਗਏ ਹਾਂ ਪਰ ਸਿੱਖਿਅਤ ਨਹੀਂ ਹੋਏ ਹਾਂ। ਸਿੱਖਿਆ ਦਾ ਅਰਥ ਹੁੰਦਾ ਹੈ ਗਿਆਨ ਪ੍ਰਾਪਤ ਕਰਨਾ। ਪੜ੍ਹ-ਲਿਖਕੇ ਅਸੀਂ ਸਾਖਰ ਤਾਂ ਬਣ ਜਾਂਦੇ ਹਾਂ ਪਰ ਗਿਆਨ ਪ੍ਰਾਪਤ ਨਹੀਂ ਕਰ ਪਾਉਂਦੇ ਹਾਂ। ਸਾਡੇ ਦੇਸ਼ ਵਿੱਚ ਲੱਖਾਂ ਬੱਚੇ ਹਰ ਸਾਲ ਡਿਗਰੀਆਂ ਹਾਸਲ ਕਰਦੇ ਹਨ ਅਤੇ




ਇਹਨਾਂ ਵਿੱਚੋਂ ਜ਼ਿਆਦਾਤਰ ਬੇਰੁਜ਼ਗਾਰਾਂ ਦੀ ਭੀੜ ਵਿੱਚ ਗੁਆਚ ਜਾਂਦੇ ਹਨ। ਹਰ ਸਾਲ ਦੀ ਤਰਾਂ ਅੱਜ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਇਸ ਸਬੰਧੀ ਸਮਾਗਮ ਆਯੋਜਿਤ ਕੀਤੇ ਜਾਣਗੇ ਪਰ ਕੀ ਇਹ ਦਿਵਸ ਮਨਾਉਣ ਨਾਲ ਹੀ ਸਾਡੇ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਹੋ ਸਕਦੀ ਹੈ। ਅਸੀਂ ਭਾਵੇਂ 21ਵੀਂ ਸਦੀ ਵਿੱਚ ਪਹੁੰਚ ਚੁੱਕੇ ਹਾਂ ਪਰ ਫਿਰ ਵੀ ਦੇਸ਼ ਦੇ ਹਰ ਨਾਗਰਿਕ ਨੂੰ ਪੜ੍ਹਿਆ ਲਿਖਿਆ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋ ਰਿਹਾ। ਦੁਨੀਆਂ ਦੇ ਵਿਕਸਿਤ ਦੇਸ਼ਾਂ ਨੇ ਪੜ੍ਹਾਈ ਦੇ ਮਹੱਤਵ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ ਜਿਸ ਕਾਰਨ ਵਿਕਸਿਤ ਦੇਸ਼ਾਂ ਵਿੱਚ ਹਰ ਨਾਗਰਿਕ ਪੜ੍ਹਿਆ-ਲਿਖਿਆ ਹੈ ਅਤੇ ਉਹਨਾਂ ਦੀ ਸਾਖਰਤਾ ਦਰ 100 ਫੀਸਦੀ ਹੈ। ਵਿਕਸਿਤ ਦੇਸ਼ਾਂ ਦੇ ਨਾਗਰਿਕਾਂ ਦੀ 100 ਫੀਸਦੀ ਸਾਖਰਤਾ ਦਰ ਕਾਰਨ ਹੀ ਉਥੋਂ ਦੇ ਨਾਗਰਿਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹਨ ਅਤੇ ਉਹਨਾਂ ਦਾ ਜੀਵਨ ਪੱਧਰ ਉਚਾ ਹੈ। ਸਾਡੇ ਦੇਸ਼ ਵਿੱਚ ਵਿਸ਼ਵ ਦੇ ਸਭ ਤੋਂ ਵੱਧ ਅਨਪੜ ਲੋਕ ਰਹਿੰਦੇ ਹਨ। ਮਹਿਲਾ ਸਾਖਰਤਾ ਦਰ ਦੇ ਮਾਮਲੇ ਵਿੱਚ ਸਾਡੇ ਦੇਸ਼ ਦਾ ਨੰਬਰ 135 ਵਿੱਚੋਂ 123ਵੇਂ ਸਥਾਨ ਤੇ ਹੈ। ਭਾਰਤ ਵਿੱਚ ਅਜੇ ਵੀ ਲੱਗਭੱਗ 60 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ। ਭਾਰਤ ਵਿੱਚ ਔਸਤਨ ਸਾਖਰਤਾ ਦਰ 74.04 ਹੈ। ਕੇਰਲਾ ਵਿੱਚ ਸਾਖਰਤਾ ਦਰ ਸਭ ਤੋਂ ਵੱਧ 93.91 ਫਿਸਦੀ ਹੈ ਜਦਕਿ ਬਿਹਾਰ ਦੀ ਸਾਖਰਤਾ ਦਰ ਸਭਤੋਂ ਘੱਟ ਸਿਰਫ 63.82 ਫਿਸਦੀ ਹੈ। ਦੇਸ਼ ਦੇ 24 ਰਾਜਾਂ ਦੀ ਸਾਖਰਤਾ ਦਰ ਦੇਸ਼ ਦੀ ਔਸਤਨ ਦਰ ਤੋਂ ਵੱਧ ਹੈ ਜਦਕਿ 12 ਰਾਜਾਂ ਦੀ ਸਾਖਰਤਾ ਦਰ ਘੱਟ ਹੈ। ਪੰਜਾਬ ਨੂੰ ਖੁਸ਼ਹਾਲ ਸੂਬਾ ਕਿਹਾ ਜਾਂਦਾ ਹੈ ਪਰ ਜੇਕਰ ਸਾਖਰਤਾ ਦੀ ਗੱਲ ਕਰੀਏ ਤਾਂ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਸਾਖਰਤਾ ਦਰ 76.7 ਫੀਸਦੀ ਹੈ ਜਿਸ ਵਿੱਚ ਪੁਰਸ਼ਾਂ ਦੀ ਸਾਖਰਤਾ ਦਰ 81.5 ਫੀਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ 71.3 ਫੀਸਦੀ ਹੈ। ਪੰਜਾਬ ਦੀ 23.3 ਫੀਸਦੀ ਜਨਸੰਖਿਆ ਅਜੇ ਅਨਪੜ੍ਹ ਹੈ ਜਦਕਿ ਪੂਰੇ ਦੇਸ਼ ਦੀ ਸਾਖਰਤਾ ਦਰ 74 ਫੀਸਦੀ ਹੈ। ਪੰਜਾਬ ਦੇ 7 ਜ਼ਿਲਿਆ ਦੀ ਸਾਖਰਤਾ ਦਰ 60 ਫੀਸਦੀ ਤੋਂ 70 ਫੀਸਦੀ ਦੇ ਵਿਚਕਾਰ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੀ ਸਾਖਰਤਾ ਦਰ ਵੇਖੀਏ ਤਾਂ ਪੰਜਾਬ ਵਿੱਚ ਸਭ ਤੋਂ ਵੱਧ ਸਾਖਰ ਹੁਸ਼ਿਆਰਪੁਰ ਜ਼ਿਲ੍ਹਾ ਹੈ ਜਿੱਥੇ ਦੀ ਸਾਖਰਤਾ ਦਰ 85.4 ਫੀਸਦੀ ਹੈ, ਸਾਹਿਬਜਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 84.9 ਫੀਸਦੀ ਹੈ, ਰੂਪਨਗਰ ਜ਼ਿਲ੍ਹੇ ਦੀ ਸਾਖਰਤਾ ਦਰ 83.3 ਫੀਸਦੀ ਹੈ, ਲੁਧਿਆਣਾ ਜ਼ਿਲ੍ਹੇ ਦੀ ਸਾਖਰਤਾ ਦਰ 82.5 ਫੀਸਦੀ ਹੈ, ਜਲੰਧਰ ਜ਼ਿਲ੍ਹੇ ਦੀ ਸਾਖਰਤਾ ਦਰ 82.4 ਫੀਸਦੀ ਹੈ, ਗੁਰਦਾਸਪੁਰ ਜ਼ਿਲ੍ਹੇ ਦੀ ਸਾਖਰਤਾ ਦਰ 81.1 ਫੀਸਦੀ ਹੈ, ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ, ਕਪੂਰਥਲਾ ਜ਼ਿਲ੍ਹੇ ਦੀ ਸਾਖਰਤਾ ਦਰ 80.2 ਫੀਸਦੀ ਹੈ, ਅੰਮ੍ਰਿਤਸਰ ਜ਼ਿਲ੍ਹੇ ਦੀ ਸਾਖਤਰਾ ਦਰ 77.2 ਫੀਸਦੀ ਹੈ, ਪਟਿਆਲਾ ਜ਼ਿਲ੍ਹੇ ਦੀ ਸਾਖਰਤਾ ਦਰ 76.3 ਫੀਸਦੀ ਹੈ, ਮੋਗਾ ਜ਼ਿਲ੍ਹੇ ਦੀ ਸਾਖਰਤਾ ਦਰ 71.6 ਫੀਸਦੀ ਹੈ, ਫਰੀਦਕੋਟ ਜ਼ਿਲ੍ਹੇ ਦੀ ਸਾਖਰਤਾ ਦਰ 70.6 ਫੀਸਦੀ ਹੈ, ਬਠਿੰਡਾ ਜ਼ਿਲ੍ਹੇ ਦੀ ਸਾਖਰਤਾ ਦਰ 69.9 ਫੀਸਦੀ ਹੈ, ਫਿਰੋਜ਼ਪੁਰ ਜ਼ਿਲ੍ਹੇ ਦੀ ਸਾਖਰਤਾ ਦਰ 69.8 ਫੀਸਦੀ ਹੈ, ਤਰਨਤਾਰਨ ਜ਼ਿਲ੍ਹੇ ਦੀ ਸਾਖਰਤਾ ਦਰ 69.4 ਫੀਸਦੀ ਹੈ, ਬਰਨਾਲਾ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ, ਸੰਗਰੂਰ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ, ਮੁਕਤਸਰ ਸਾਹਿਬ ਦੀ ਸਾਖਰਤਾ ਦਰ ਸਿਰਫ 66.8 ਫੀਸਦੀ ਹੈ, ਮਾਨਸਾ ਜ਼ਿਲ੍ਹੇ ਦੀ ਸਾਖਰਤਾ ਦਰ 62.8 ਫੀਸਦੀ ਹੈ। ਪੰਜਾਬ ਦੇ ਗੁਆਂਢੀ ਸੂਬਿਆਂ ਚੰਡੀਗੜ੍ਹ ਵਿੱਚ ਸਾਖਰਤਾ ਦਰ 86.43 ਫੀਸਦੀ, ਹਰਿਆਣਾ ਵਿੱਚ 76.64 ਫੀਸਦੀ, ਹਿਮਾਚਲ ਪ੍ਰਦੇਸ਼ ਵਿੱਚ 83.78 ਫੀਸਦੀ ਹੈ, ਜੰਮੂ ਅਤੇ ਕਸ਼ਮੀਰ ਵਿੱਚ 68.74 ਫੀਸਦੀ ਹੈ। ਸਰਕਾਰ ਦੀਆਂ ਢਿੱਲੀਆਂ ਨੀਤੀਆਂ ਕਾਰਨ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਨਹੀਂ ਹੋ ਰਹੀ ਹੈ। ਸਿੱਖਿਆ ਬਜ਼ਟ ਵਿੱਚ ਹੋ ਰਹੀ ਕਟੌਤੀ ਕਾਰਨ ਸਿੱਖਿਆ ਦਾ ਢਾਂਚਾ ਲੜਖੜਾ ਰਿਹਾ ਹੈ।



ਕੁਲਦੀਪ ਚੰਦ
91-9417563054

ਅੱਜ ਵੀ ਕਈ ਸਰਕਾਰੀ ਸਕੂਲਾਂ ਵਿੱਚ ਬੈਠਣ ਲਈ ਫਰਨੀਚਰ ਨਹੀਂ ਹੈ। ਕਈ ਸਕੂਲ ਅੱਜ ਵੀ ਅਧਿਆਪਕਾਂ ਤੋਂ ਸੱਖਣੇ ਹਨ। ਕਈ ਸਕੂਲਾਂ ਵਿੱਚ ਸਾਇੰਸ ਦੀਆਂ ਪ੍ਰਯੋਗਸ਼ਾਲਾਵਾਂ ਨਹੀਂ ਹਨ। ਕਈ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ ਪਰ ਫਿਰ ਵੀ ਉਨ੍ਹਾਂ ਦੀ ਜਗ੍ਹਾ ਤੇ ਨਵੀਆਂ ਸਕੂਲ ਦੀਆਂ ਇਮਾਰਤਾਂ ਨਹੀਂ ਬਣਾਈਆਂ ਜਾ ਰਹੀਆਂ ਹਨ। ਬੇਸ਼ੱਕ ਸਰਕਾਰ ਵਲੋਂ ਦੇਸ ਵਿੱਚ ਅਨਪੜਤਾ ਨੂੰ ਖਤਮ ਕਰਨ ਲਈ ਸਰਵ ਸਿਖਿਆ ਅਭਿਆਨ ਸ਼ੁਰੂ ਕੀਤਾ ਗਿਆ ਹੈ ਅਤੇ 6 ਤੋਂ 14 ਸਾਲ ਤੱਕ ਦੇ ਹਰ ਬੱਚੇ ਨੂੰ ਮੁਫਤ ਅਤੇ ਜਰੂਰੀ ਸਿਖਿਆ ਪ੍ਰਦਾਨ ਕਰਨ ਲਈ ਸਿਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਪਰ ਇਸਦਾ ਅਸਰ ਕਿੰਨਾ ਹੁੰਦਾ ਹੈ ਇਹ ਤਾਂ ਸਮਾਂ ਬੀਤਣ ਤੇ ਹੀ ਚਲੇਗਾ ਪਰ ਅਜੇ ਤੱਕ ਤਾਂ ਮੁਕੰਮਲ ਸਾਖਰਤਾ ਇੱਕ ਸੁਪਨਾ ਹੀ ਬਣਿਆ ਹੋਇਆ ਹੈ। ਸਰਕਾਰ ਸਿੱਖਿਆ ਤੋਂ ਵੀ ਹੋਲੀ ਹੋਲੀ ਅਪਣੇ ਹੱਥ ਪਿੱਛੇ ਖਿੱਚ ਰਹੀ ਹੈ ਅਤੇ ਸਰਕਾਰੀ ਸਕੂਲਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਤਿਆਰੀ ਕਰ ਰਹੀ ਹੈ।

ਅੱਜ ਜਰੂਰਤ ਹੈ ਕਿ ਮਿਆਰੀ ਸਿੱਖਿਆ ਦੇਣ ਲਈ ਢੁਕਵੇਂ ਕਦਮ ਚੁੱਕੇ ਜਾਣ ਜਿਸ ਲਈ ਵਿਸ਼ੇਸ਼ ਯੋਜਨਾਵਾਂ ਬਣਾਈਆਂ ਤੇ ਲਾਗੂ ਕੀਤੀਆਂ ਜਾਣ। ਸਿੱਖਿਆ ਦੇ ਪਸਾਰ ਲਈ ਢੁਕਵਾਂ ਬਜ਼ਟ ਰੱਖਿਆ ਜਾਵੇ ਤੇ ਇਸ ਬਜ਼ਟ ਨੂੰ ਸਹੀ ਤਰੀਕੇ ਨਾਲ ਹੀ ਖਰਚਿਆ ਜਾਵੇ ਤਾਂ ਜੋ ਸਾਡੇ ਦੇਸ਼ ਦੀ ਸਾਖਰਤਾ ਦਰ ਵਿਕਸਿਤ ਦੇਸ਼ਾਂ ਦੇ ਨੇੜੇ ਪਹੁੰਚ ਸਕੇ ਅਤੇ ਅਸੀਂ ਸੱਚਮੁੱਚ ਵਿਕਸਿਤ ਦੇਸ਼ਾਂ ਦੀ ਲੜੀ ਵਿੱਚ ਸ਼ਾਮਿਲ ਹੋ ਸਕੀਏ।

# ਸੰਗੀਤ ਦਾ ਵਗਦਾ ਦਰਿਆ- ਪ੍ਰੋ: ਅਰੁਣਾ ਰੰਦੇਵ



ਪ੍ਰੋ. ਅਰੁਣਾ ਰੰਦੇਵ ਦਾ ਜਨਮ 10 ਮਈ 1950 ਨੂੰ ਇਕ ਸੰਗੀਤਕ ਘਰਾਣੇ ਵਿਚ ਮਾਤਾ-ਪਿਤਾ ਜਾਨਕੀ ਦੇਵੀ, ਪੰਡਿਤ ਕੁੰਜ ਲਾਲ ਜੋ ਕਿ ਆਪਣੇ ਸਮੇਂ ਦੇ ਉਘੇ ਆਜ਼ਾਦੀ ਘੁਲਾਟੀਏ ਅਤੇ ਸੰਗੀਤਕਾਰ ਸਨ, ਦ ਘਰ ਨੂਰਮਹਿਲ (ਜਲੰਧਰ) ਵਿਖੇ ਹੋਇਆ। ਉਹ ਸੰਗੀਤ ਸਾਜ਼ ਅਤੇ ਅਵਾਜ਼ ਦੀ ਐਮ. ਏ. ਹਨ ਅਤੇ ਸੰਗੀਤ ਆਵਾਜ਼ 'ਚ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਟੌਪਰ ਹਨ। ਉਹਨਾਂ ਦਾ ਸਮੁੱਚਾ ਪਰਿਵਾਰ ਸੰਗੀਤ ਨੂੰ ਸਮਰਪਿਤ ਹੈ। ਦਿਲਚਸਪ ਗੱਲ ਇਹ ਹੈ ਕਿ ਉਹਨਾਂ ਦੇ ਪਰਿਵਾਰ 'ਚ ਪੰਜ ਭੈਣਾਂ ਅਤੇ ਚਾਰ ਭਰਾ ਹਨ ਅਤੇ ਸਾਰੇ ਹੀ ਸੰਗੀਤ ਦੇ ਪ੍ਰੋਫੈਸਰ ਰਹੇ ਹਨ, ਸੰਗੀਤਾ ਭਾਰਦਵਾਜ ਸੰਗੀਤ ਦੀ ਪਹਿਲੀ ਐਮ. ਏ. ਕਰਨ ਵਾਲੀ ਪੰਜਾਬ ਦੀ ਲੜਕੀ ਉਹਨਾਂ ਦੀ ਵੱਡੀ ਭੈਣ ਹਨ। ਉਹਨਾਂ ਦੱਸਿਆ ਕਿ ਉਹਨਾਂ ਦੇ ਪਿਤਾ ਜੀ ਖੁਦ ਸੰਗੀਤ ਨੂੰ ਬੇਹੱਦ ਪਿਆਰ ਕਰਦੇ ਸਨ ਅਤੇ ਉਹ ਲੜਕੀਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਦੇ ਹੱਕ ਵਿਚ ਸਨ। ਉਹਨਾਂ ਦਾ ਵਿਆਹ ਇੰਜੀ: ਸਤੀਸ਼ ਕੁਮਾਰ ਨਾਲ ਹੋਇਆ ਜੋ ਕਿ ਅਰਬ 'ਚ ਅਮਰੀਕਾ ਦੀ ਇਕ ਨਾਮਵਰ ਕੰਪਨੀ ਵਿਚ ਚੋਟੀ ਦੇ ਇੰਜੀਨੀਅਰ ਹਨ। ਉਹਨਾਂ ਦੇ ਇਸ ਖੇਤਰ ਵਿਚ ਅੱਗੇ ਵਧਾਉਣ 'ਚ ਉਹਨਾਂ ਦੀ ਵੀ ਉਸਾਰੂ ਭੂਮਿਕਾ ਹੈ। ਉਹਨਾਂ ਦੇ ਘਰ ਦੋ ਪੁੱਤਰਾਂ ਉਦੇ ਰੰਦੇਵ, ਆਸ਼ੂ ਅਤੇ ਇਕ ਬੇਟੀ ਰੰਜਨਾ ਨੇ ਜਨਮ ਲਿਆ। ਸਾਲ 1982 ਵਿਚ ਉਹ ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਕੋਟਕਪੂਰਾ ਵਿਖੇ ਬਤੌਰ ਅਧਿਆਪਕ ਵਜੋਂ ਨੌਕਰੀ ਕਰਨ ਲੱਗ ਪਏ ਅਤੇ ਸੰਗੀਤ ਵਿਭਾਗ ਦੇ ਮੁਖੀ ਬਣੇ। ਉਹਨਾਂ ਦੇ ਵਿਦਿਆਰਥੀਆਂ ਨੇ ਗਾਇਕੀ ਦੇ ਖੇਤਰ ਵਿਚ ਯੂਨੀਵਰਸਿਟੀ ਪੱਧੱਰ ਤੱਕ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਨੌਕਰੀ ਸਦਕਾ ਹੀ ਉਹ ਕੋਟਕਪੂਰੇ ਦੇ ਪੱਕੇ ਵਸਨੀਕ ਬਣ ਗਏ। ਉਹ 58 ਸਾਲਾਂ ਦੀ ਸੇਵਾ ਪੂਰੀ ਕਰਨ ਉਪਰੰਤ ਸੇਵਾਮੁਕਤ ਹੋ ਚੁੱਕੇ ਹਨ। ਉਹਨਾਂ ਨੂੰ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਜਿਹਨਾਂ ਵਿਚ ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਇਲਾਕੇ ਦਾ ਮਾਣ ਖਿਤਾਬ ਨਾਲ ਨਿਵਾਜਿਆ ਜਾਣਾ ਪ੍ਰਮੁੱਖ ਤੌਰ ਤੇ ਸ਼ਾਮਲ ਹੈ। ਮਰਹੂਮ ਗਾਇਕ ਦਿਲਸ਼ਾਦ ਅਖਤਰ, ਦੀਪ ਢਿੱਲੋਂ, ਸਲੀਮ ਅਖਤਰ, ਦਿਲਬਾਗ ਬਾਗੂ, ਰਵਨੀਤ ਕੌਰ, ਪ੍ਰੋ. ਰਾਜਪਾਲ ਸਿੰਘ ਦਿੱਲੀ ਅਤੇ ਗਾਇਕੀ 'ਚ ਮੱਲਾਂ ਮਾਰਨ ਵਾਲੇ ਕਈ ਹੋਰ ਉਹਨਾਂ ਦੇ ਸ਼ਾਗਿਰਦ ਹਨ। ਪ੍ਰੋ. ਰੰਦੇਵ ਗਾਇਕੀ ਦੇ ਖੇਤਰ 'ਚ ਰੇਡੀਓ ਸਟੇਸ਼ਨ ਜਲੰਧਰ, ਬਠਿੰਡਾ ਤੋਂ ਇਲਾਵਾ ਅਮਰੀਕਾ, ਇਟਲੀ, ਨਾਰਵੇ, ਕਤਰ ਅਤੇ ਹੋਰ ਦੇਸ਼ਾਂ 'ਚ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਚੁੱਕੇ ਹਨ। ਉਹਨਾਂ ਦਾ ਨਵੇਂ ਗਾਇਕਾਂ ਨੂੰ ਸੁਨਹਾ ਹੈ ਕਿ ਉਹ ਚੰਗੇ ਉਸਤਾਦ ਕੋਲੋਂ ਸਿੱਖ ਕੇ ਹੀ ਇਸ ਖੇਤਰ ਵਿਚ ਆਉਣ ਅਤੇ ਰਾਤੋ-ਰਾਤ ਸਟਾਂਰ ਬਣਨ ਦੇ ਸੁਪਨੇ ਨਾ ਲੈਣ।

**-ਮੋਹਨ ਗਿੱਲ ਸਿਰਸੜੀ**

# ਸੂਰਜਾ ਸੂਰਜਾ ਫੱਟੀ ਸੁਕਾਅ



ਅੱਜ ਜਮਾਤ ਵਿੱਚ ਅੰਗਰੇਜ਼ੀ ਵਿਸ਼ੇ ਦਾ ਕੰਮ ਕਰਵਾਉਂਦਿਆਂ, ਜਦੋਂ 'ਕੰਪਾਉਂਡ ਵਰਡਜ਼' (ਜਿਵੇਂ ਫ਼ੁਟ+ਬਾੱਲ (ਫ਼ੁਟਬਾਲ) ਕਰਵਾਉਣੇ ਸ਼ੁਰੂ ਕੀਤੇ, ਅਤੇ ਜਦੋਂ ਸ਼ਬਦ 'ਟੀਪਾੱਟ' 'ਤੇ ਪਹੁੰਚਿਆਂ ਤਾਂ ਧਿਆਨ ਇੱਕ ਹੋਰ ਸ਼ਬਦ (ਜਿਹੜਾ ਉਨ੍ਹਾਂ ਸ਼ਬਦਾਂ ਵਿੱਚ ਤਾਂ ਨਹੀਂ ਸੀ) 'ਇੰਕਪਾੱਟ' 'ਤੇ ਚਲਾ ਗਿਆ ਅਤੇ ਬੱਚਿਆਂ ਅੱਗੇ ਇਸ ਸ਼ਬਦ ਦੇ ਪੰਜਾਬੀ ਅਰਥ ਕਰਦਿਆਂ ਕਿ 'ਉਹ ਬਰਤਨ, ਜਿਸ ਵਿੱਚ ਸਿਆਹੀ ਸਾਂਭੀ ਜਾਵੇ', ਭਾਵ 'ਦਵਾਤ', ਤਾਂ ਧਿਆਨ ਖ਼ੁਦ-ਬ-ਖ਼ੁਦ ਉਨ੍ਹਾਂ ਦਿਨਾਂ ਵਿੱਚ ਜਾ ਪੁੱਜਾ, ਜਦੋਂ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਸਾਂ। ਹੈਰਾਨ ਸਾਂ ਕਿ ਜਮਾਤ (ਚੌਥੀ) ਦੇ ਬੱਚਿਆਂ ਲਈ 'ਦਵਾਤ' ਸ਼ਬਦ ਨਵਾਂ ਸੀ, ਜਿਸ ਨੂੰ ਸੁਣ ਕੇ ਉਨ੍ਹਾਂ ਦੇ ਫੁੱਲ ਜਿਹੇ ਚਿਹਰਿਆਂ 'ਤੇ ਹੈਰਾਨੀ ਦੇ ਭਾਵ ਸਨ।

ਮੈਨੂੰ ਲੱਗਾ ਕਿ ਇਹ ਜਾਣਕਾਰੀ ਉਨ੍ਹਾਂ ਲਈ ਨਵੀਂ ਹੋਏਗੀ, ਸੋ ਆਪਣੇ ਬਚਪਨ ਦੇ, ਪ੍ਰਾਇਮਰੀ ਸਕੂਲ ਦੇ, ਦਿਨ ਉਨ੍ਹਾਂ ਨਾਲ਼ ਸਾਂਝੇ ਕਰਨ ਲੱਗਿਆ। ਗੱਲ ਕਰਦਿਆਂ-ਕਰਦਿਆਂ ਮੈਂ ਮਹਿਸੂਸ ਕੀਤਾ ਕਿ ਇਹ ਸਾਰਾ ਕੁਝ ਸੁਣਨਾ ਉਨ੍ਹਾਂ ਲਈ 'ਬਾਤ' ਸੁਣਨ ਵਾਂਗ ਰੌਚਕ ਸੀ ਤੇ ਉਹ ਬੜੇ ਉਤਸੁਕ ਹੋ ਕੇ ਸੁਣ ਰਹੇ ਸਨ। ਬੱਚਿਆਂ ਵਿੱਚ ਬਾਤਾਂ ਜਾਂ ਆਖ ਲਉ ਕਹਾਣੀਆਂ ਸੁਣਨ ਦੀ ਰੁਚੀ ਕੁਦਰਤੀ ਹੀ ਹੁੰਦੀ ਹੈ ਤੇ ਜਦੋਂ ਕੋਈ ਸੁਣਨ ਵਾਲ਼ਾ ਹੋਵੇ, ਤਾਂ ਸੁਣਾਉਣ ਵਾਲੇ ਨੂੰ ਵੀ ਆਨੰਦ ਆ ਜਾਂਦਾ ਹੈ। ਸੱਚੀਂ! ਉਹ ਉਸੇ ਦੁਨੀਆ ਵਿੱਚ ਹੀ ਪਹੁੰਚ ਜਾਂਦਾ ਹੈ, ਜਿਸ ਬਾਰੇ ਉਹ ਗੱਲ ਕਰ ਰਿਹਾ ਹੋਵੇ। ਕਿਸੇ ਸੁਣਾਉਣ ਵਾਲ਼ੇ ਦਾ, ਸੁਣਾਈ ਜਾ ਰਹੀ ਗੱਲ ਵਿੱਚ ਉੱਤਰਨਾ, ਸੁਣਨ ਵਾਲ਼ੇ (ਸਰੋਤੇ) ਦੇ ਉਸ ਗੱਲ ਦੇ ਸੁਣਨ ਵੱਲ ਦਿੱਤੇ ਧਿਆਨ ਦੇ ਸਿੱਧਾ ਅਨੁਪਾਤੀ ਹੀ ਤਾਂ ਹੁੰਦਾ ਹੈ। ਉਹ ਹੋ! ਆਪਾਂ ਕਿੱਧਰ ਤੁਰ ਪਏਂ!

ਮੈਨੂੰ ਵੀ ਬੜਾ ਮਜ਼ਾ ਆ ਰਿਹਾ ਸੀ। ਮੈਂ ਉਨ੍ਹਾਂ ਚਿੱਟੇ ਵਰਕਿਆਂ ਰੂਪੀ ਬੱਚਿਆਂ ਨਾਲ਼ ਸਾਂਝਾ ਕੀਤਾ ਕਿ ਦਵਾਤ ਕਿਸ ਤਰ੍ਹਾਂ ਦੀ ਹੋਇਆ ਕਰਦੀ ਸੀ? ਕਿਵੇਂ ਅਸੀਂ ਅੱਧੀ ਛੁੱਟੀ, ਰੋਟੀ ਖਾਣ, ਘਰ ਨੂੰ ਜਾਇਆ ਕਰਦੇ ਸਾਂ ਤੇ ਅੱਧੇ ਘੰਟੇ ਦੀ ਥਾਂ ਪੂਰਾ ਘੰਟਾ ਲਾ ਕੇ ਘਰੋਂ ਮੁੜਦੇ ਸਾਂ। ਉਸੇ ਅੰਤਰਾਲ ਵਿੱਚ ਘਰੇ ਫੱਟੀ ਪੋਚਣੀ, ਜਿਹੜੀ ਅੱਧੀ ਛੁੱਟੀ ਬਾਅਦ ਸਕੂਲੇ ਲਿਖਣੀ ਹੁੰਦੀ ਸੀ। ਤਦ ਬੱਚਿਆਂ ਨੂੰ ਫੱਟੀ ਬਾਰੇ, ਚਾੱਕ ਨਾਲ਼ ਬਲੈਕ ਬੋਰਡ 'ਤੇ ਫੱਟੀ ਬਣਾ ਕੇ, ਦੱਸਿਆ; ਫੱਟੀ ਦਾ ਆਕਾਰ, ਫੱਟੀ ਦਾ ਡੁੰਡਰੂ (ਫੱਟੀ ਨੂੰ ਫੜਨ ਲਈ ਬਣਿਆ ਹੋਇਆ 'ਹੈਂਡਲ') ਤੇ ਗਾਚਣੀ ਤੇ ਗੇਰੂ। ਫੱਟੀ ਨੂੰ ਪਾਣੀ ਨਾਲ਼ ਧੋ ਕੇ, ਸਾਫ਼ ਕਰਕੇ, ਉਸ ਉੱਪਰ ਗਾਚਣੀ ਮਲਣਾ (ਕਈ ਵਾਰ ਗੇਰੂ, ਜਿਹਦੇ ਨਾਲ਼ ਫੱਟੀ ਹੋਰ ਵੀ ਸੋਹਣੀ ਲਗਦੀ ਸੀ) ਅਤੇ ਹੱਥ ਵਿੱਚ ਗਿੱਲੀ ਫੱਟੀ ਫੜ ਕੇ ਘਰੋਂ ਸਕੂਲ ਨੂੰ ਇਹ ਗਾਉਂਦਿਆਂ ਤੁਰਨਾ:

ਸੂਰਜਾ ਸੂਰਜਾ ਫੱਟੀ ਸੁਕਾਅ,
ਨਹੀਂ ਸੁਕਾਉਣੀ ਬੰਬੇ ਜਾ,
ਬੰਬੇ ਜਾ ਕੇ ਰੋਟੀ ਖਾਹ,
ਰੋਟੀ ਗਈ ਮੁੱਕ,
ਤੇ ਫੱਟੀ ਗਈ ਸੁੱਕ।
ਅਤੇ,
ਕਾਲ਼ਾ ਭੂੰਡ ਆਇਆ ਸੀ,
ਮੰਜੀ 'ਤੇ ਬਿਠਾਇਆ ਸੀ,
ਮੰਜੀ ਗਈ ਟੁੱਟ,
ਫੱਟੀ ਗਈ ਸੁੱਕ।

ਬੱਚੇ ਹੱਸ-ਹੱਸ ਕੇ ਦੂਹਰੇ ਹੋ ਗਏ ਤੇ ਮੈਂ ਤਾਂ ਜਿਵੇਂ ਉਨ੍ਹਾਂ ਦਿਨਾਂ ਦੇ ਆਪਣੇ ਛੋਟੇ ਜਿਹੇ ਵਜੂਦ ਵਿੱਚ ਸਾਹ ਲੈਣ ਲੱਗਾ ਸਾਂ; ਸਕੂਲ ਪਹੁੰਚਦਿਆਂ ਆਮ ਕਰਕੇ ਫੱਟੀ ਸੁੱਕ ਜਾਂਦੀ ਸੀ।

ਫੱਟੀ ਲਿਖਣ ਲਈ ਤਿਆਰ-ਬਰ-ਤਿਆਰ ਸਿਆਹੀ ਦੀ ਦਵਾਤ ਵੀ ਹੱਟੀਆਂ ਤੋਂ ਮਿਲ਼ ਜਾਂਦੀ ਸੀ ਤੇ ਸਿਆਹੀ ਦੀਆਂ 'ਟਿੱਕੀਆਂ' ਇੱਕ ਟਿੱਕੀ ਦਸ ਪੈਸਿਆਂ (ਦਸੀ) ਦੀ ਹੋਇਆ ਕਰਦੀ ਸੀਃ ਪੀਹ ਕੇ ਤੇ ਦਵਾਤ ਵਿੱਚ ਲੋੜ ਅਨੁਸਾਰ ਪਾਣੀ ਪਾ ਕੇ (ਘੋਲ਼ ਕੇ) ਵੀ ਤਿਆਰ ਕਰ ਲੈਂਦੇ ਸਾਂ। ਫੱਟੀ ਲਿਖਣ ਲਈ ਕਲਮ ਵੀ ਇਵੇਂ ਹੀ, ਜਾਂ ਦੁਕਾਨ ਤੋਂ ਜਾਂ ਕਾਨਾ ਜਾਂ ਕਿਸੇ ਰੁੱਖ-ਬੂਟੇ ਦੀ ਟਾਹਣੀ ਘੜ ਕੇ ਬਣਾ ਲੈਣੀ। ਫਿਰ ਫੱਟੀ ਲਿਖਣ ਬਹਿਣਾ। ਕਿਸੇ ਵੇਲ਼ੇ ਜਦੋਂ ਕੋਲ਼ ਸਿਆਹੀ ਨਾ ਹੋਣੀ ਤਾਂ ਆੜੀਆਂ-ਬੇਲੀਆਂ 'ਚੋਂ ਕਿਸੇ ਕੋਲ਼ੋਂ ਮੰਗ ਕੇ 'ਡੋਕੇ' (ਦਵਾਤ ਵਿੱਚ ਯਥਾਯੋਗ ਕਲਮ ਡੋਬ ਕੇ ਉਸ ਨੂੰ ਫੱਟੀ 'ਤੇ ਲਿਖਣ ਲਈ ਇੱਕ ਵਾਰ ਕੱਢਿਆ ਜਾਣਾ, ਇੱਕ ਡੋਕਾ ਹੁੰਦਾ ਸੀ) ਗਿਣ ਕੇ ਲੈਣੇ ਤੇ ਦੂਜੇ ਦਿਨ ਉਹਨੂੰ ਓਨੇ ਡੋਕੇ ਦੇਣ ਦਾ ਕਰਾਰ ਕਰਨਾ।



ਬਲਵੀਰ ਮੰਨਣ
91-94173-45485

ਬੱਚਿਆਂ ਨੇ ਸੁਣ ਕੇ ਖ਼ੂਬ ਮਜ਼ਾ ਲਿਆ ਤੇ ਅਸਾਂ, ਜਿਨ੍ਹਾਂ ਉਹ ਦਿਨ ਜੀਅ ਕੇ, ਹੰਢਾਅ ਕੇ, ਦੇਖੇ ਹਨ, ਨੂੰ ਆਏ ਆਨੰਦ ਦੇ ਕੀ ਕਹਿਣੇ! ਇਹ ਆਪਣੀ ਵਡਿਆਈ ਨਹੀਂ, ਉਨ੍ਹਾਂ ਦਿਨਾਂ ਦੇ ਮਾਣੇ ਹੋਣ ਦਾ ਸਰੂਰ ਜਿਹਾ ਹੈ। ਬੱਚਿਆਂ ਲਈ ਦਵਾਤ, ਫੱਟੀ, ਡੁੰਡਰੂ, ਗਾਚਣੀ, ਗੇਰੂ, ਉਹ ਮਿੱਠੇ ਗੀਤ, ਸਿਆਹੀ ਦੀਆਂ 'ਟਿੱਕੀਆਂ', ਕਾਨਾ, ਕਲਮ, ਡੋਕੇ ਆਦਿ ਸਭ ਕੁਝ ਨਵਾਂ ਸੀ ਪਰ ਅਸਾਂ, ਜਿਨ੍ਹਾਂ ਨੇ ਇਨ੍ਹਾਂ ਸ਼ਬਦਾਂ ਰਾਹੀਂ ਆਖੀਆਂ ਗਈਆਂ ਚੀਜ਼ਾਂ ਪਰਤੱਖ ਮਾਣੀਆਂ ਹਨ, ਨੂੰ ਮਾਣ ਕਿਉਂ ਨਾ ਹੋਵੇ!

# ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ’ਤੇ ਇੱਕ ਝਾਤ




ਪ੍ਰਮੋਦ ਧੀਰ ਜੈਤੋ
91-98550-31081

12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਦੇਸ਼ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫ਼ਰੀਦਕੋਟ ਦੀ ਸਿੱਖ ਰਿਆਸਤ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਹੈ। 12ਵੀਂ ਸਦੀ ਤੱਕ ਫ਼ਰੀਦਕੋਟ ਨੂੰ ਮੋਕਲ ਨਗਰ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ, ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸ਼ਕ ਸੀ ਅਤੇ ਉਹਨਾਂ ਨੇ ਬਾਬਾ ਫ਼ਰੀਦ ਜੀ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਮ ਫ਼ਰੀਦਕੋਟ ਰੱਖਿਆ। ਫ਼ਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿੱਚ ਰਿਹਾ। ਅੰਤ ਵਿੱਚ ਇਸ ’ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ ’ਤੇ ਕਬਜਾ ਰਿਹਾ। ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਹਿਚਾਣ ਵਾਲੀ ਫ਼ਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲੇ ਕੰਡੇ ’ਤੇ ਸਥਾਪਿਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗ਼ਲ ਰਾਜਭਾਗ ਦੀ ਸਮਾਪਤੀ ਤੋਂ ਬਾਅਦ ਸੰਨ 1827 ਵਿੱਚ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜਾ ਹੋ ਗਿਆ। ਜੋ ਮੁਗ਼ਲ ਸ਼ਹਿਨਸ਼ਾਹ ਅਕਬਰ ਦੇ ਸਭ ਤੋਂ ਖਾਸ












ਸਾਥੀਆਂ ਵਿੱਚੋਂ ਮੰਨੇ ਜਾਂਦੇ ਸਨ। 1849 ਵਿੱਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫ਼ਰੀਦਕੋਟ ਸਿੱਖ ਰਿਆਸਤ ’ਤੇ ਰਾਜਭਾਗ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਬਿਕਰਮ ਸਿੰਘ ਨੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਈ 25 ਹਜ਼ਾਰ ਰੁਪਏ ਖਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫ਼ਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸ਼ਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਰੀਜੰਸੀ ਦਾ ਕਬਜਾ ਰਿਹਾ। 1916 ਵਿੱਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫ਼ਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਹਨਾਂ ਫ਼ਰੀਦਕੋਟ ਰਿਆਸਤ ਵਿੱਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਦੂਜਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜ਼ੀ ਜਵਾਨ ਵੀ ਭੇਜੇ ਜਿਸ ਤੋਂ ਉਹਨਾਂ ਦੇ ਬ੍ਰਿਟਿਸ਼ ਸਰਕਾਰ ਨਾਲ ਸੰਬੰਧ ਹੋਰ ਵੀ ਗੂੜ◆ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ 1918 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ। ਬਰਾੜ ਵੰਸ਼ ਦੇ ਆਖਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫ਼ਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਹਨਾਂ ਨੇ ਆਪਣੇ ਸਮੇਂ ਵਿੱਚ ਫ਼ਰੀਦਕੋਟ ਸਿੱਖ ਰਿਆਸਤ ਵਿੱਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫ਼ਰੀਦਕੋਟ ਵਿੱਚ ਹੀ ਮੌਜ਼ੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ ਬ੍ਰਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ ਉਸ ਸਮੇਂ ਫ਼ਰੀਦਕੋਟ ਰਿਆਸਤ ਵਿੱਚ 8 ਹਾਈ ਸਕੂਲ ਅਤੇ ਹਰ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ। ਫ਼ਰੀਦਕੋਟ ਵਿੱਚ ਤਿੰਨ ਦਰਜਨ ਤੋਂ ਵੱਧ ਖੂਬਸੂਰਤ ਇਮਾਰਤਾਂ ਦੇ ਨਿਰਮਾਣ ਨੇ ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆਂ ਵਿੱਚ ਖੂਬ ਪ੍ਰਸਿੱਧੀ ਦਿਵਾਈ। ਹਾਲਾਂਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫ਼ਰੀਦਕੋਟ ਰਿਆਸਤ ਦੀਆਂ ਖੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿੱਚ ਵੀ ਸਨ। ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਹਨਾ ਨੇ ਆਪਣੀ ਰਿਆਸਤ ਵਿੱਚ ਭੀਖ ਮੰਗਣ ’ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ਼ ਦੇ ਬਟਵਾਰੇ ਸਮੇਂ ਉਸਨੇ ਆਪਣੀ ਰਿਆਸਤ ਵਿੱਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜਭਾਗ ਦੌਰਾਨ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿੱਚ ਉਸ ਨੇ ਫ਼ਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ। ਅੱਜ ਕੱਲ ਇਹੀ ਟਰੱਸਟ ਫ਼ਰੀਦਕੋਟ ਰਿਆਸਤ ਦੀ ਵਿਰਾਸਤ ਨੂੰ ਸਾਂਭ ਰਿਹਾ ਹੈ। ਭਾਰਤ ਸਰਕਾਰ ਨੇ 15 ਜੁਲਾਈ 1948 ਨੂੰ ਫ਼ਰੀਦਕੋਟ ਰਿਆਸਤ ਨੂੰ ਖਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਪੰਜਾਬ ਸਰਕਾਰ ਨੇ ਫ਼ਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜੇ ਵਿੱਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦਕੋਟ ਰਿਆਸਤ ਦੇ ਆਖਰੀ ਰਾਜਾ ਸਨ ਅਤੇ ਉਹਨਾਂ ਦਾ 16 ਅਕਤੂਬਰ 1989 ਨੂੰ ਦੇਹਾਂਤ ਹੋ ਗਿਆ ਸੀ।

ਹੁਣ ਉਹਨਾਂ ਦੀ ਇਕਲੌਤੀ ਪੁੱਤਰੀ ਮਹਾਰਾਣੀ ਦੀਪਇੰਦਰ ਕੌਰ ਜੋ ਵਰਧਮਾਨ ਦੇ ਰਾਜਾ ਸਦਾ ਸਿੰਘ ਮਹਿਤਾਬ ਨਾਲ ਵਿਆਹੀ ਹੋਈ ਹੈ। ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ ’ਤੇ ਮਨਾਹੀ ਹੈ। ਰਾਜ ਮਹਿਲ ਆਪਣੇ ਆਪ ਵਿੱਚ ਦੁਨੀਆਂ ਦੇ ਖੂਬਸੂਰਤ ਮਹਿਲਾਂ ਵਿੱਚੋਂ ਇੱਕ ਹੈ। ਸ਼ਾਹੀ ਕਿਲੇ ਦੇ ਤੋਸ਼ਖਾਨੇ ਵਿੱਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ਼੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ ਜੋ ਉਹਨਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਨੇ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਹਾਲ ਹੀ ਵਿੱਚ ਸਿੱਖ ਰਿਆਸਤ ਦੀ ਭਵਨ ਕਲਾ ਬਾਰੇ ਕਿਤਾਬ ਲਿਖੀ ਹੈ ਜਿਸ ਨੂੰ ਆਰੀਅਨ ਪਬਲੀਕੇਸ਼ਨ ਵੱਲੋਂ ਛਾਪਿਆ ਗਿਆ ਹੈ। ਇਸ ਕਿਤਾਬ ਦੇ ਛਪਣ ਨਾਲ ਫ਼ਰੀਦਕੋਟ ਵਿੱਚ ਪਏ ਸਿੱਖ ਰਿਆਸਤ ਦੇ ਅਮੀਰ ਵਿਰਸੇ ਨੂੰ ਜਾਣਨ ਦਾ ਦੁਨੀਆਂ ਨੂੰ ਮੌਕਾ ਮਿਲਿਆ ਹੈ। ਫ਼ਰੀਦਕੋਟ ਰਿਆਸਤ ਵਿੱਚ ਬਣਾਏ ਸਵਾਗਤੀ ਦਰਵਾਜੇ ਦੁਨੀਆਂ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਇਸ ਸ਼ਹਿਰ ਵਿੱਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸਦੀ ਵਿਰਾਸਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿੱਚ ਬਣੇ ਟਿੱਲਾ ਬਾਬਾ ਫ਼ਰੀਦ ਵਿਖੇ ਦੁਨੀਆਂ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇਥੇ ਆਉਂਦੇ ਹਨ ਅਤੇ ਉਹਨਾਂ ਦੀ ਯਾਦ ਵਿੱਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ।

**ਵਿਰਾਸਤੀ ਰੁੱਖਾਂ ਦੀ ਬਲੀ:-** ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿੱਚ ਘੁਗਿਆਣਾ ਅਤੇ ਸਿੱਖਾਂਵਾਲੇ ਦਾ ਬੀੜ ਵੀ ਸ਼ਾਮਿਲ ਸੀ ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿੱਚ ਪਹਾੜੀ ਕਿੱਕਰ ਹੀ ਬਾਕੀ ਰਹਿ ਗਏ ਹਨ।

**ਚਸ਼ਮਦੀਦਾਂ ਦੀ ਜੁਬਾਨੀ:-** ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲੇ 90 ਸਾਲ ਬਜ਼ੁਰਗ ਵਕੀਲ ਦੇਵ ਕੁਮਾਰ ਬੇਦੀ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸ਼ਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ ’ਤੇ ਇਨਸਾਫ਼ ਦਿੱਤਾ ਜਾਂਦਾ ਸੀ। ਉਹਨਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਹਨਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ ਅਤੇ ਪੜੇ-ਲਿਖੇ ਅਗਾਂਹ ਵਧੂ ਸ਼ਾਸ਼ਕ ਸਨ।

**ਸ਼ਾਹੀ ਸਮਾਧਾਂ:-** ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ।

ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ।

7 ਅਗਸਤ 1972 ਨੂੰ ਫਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲਾ ਬਣਾਇਆ ਗਿਆ । ਫਿਰ ਨਵੰਬਰ 1995 ਵਿੱਚ ਫਰੀਦਕੋਟ ਜ਼ਿਲੇ ਵਿਚੋਂ ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਅਲੱਗ ਨਵੇਂ ਜ਼ਿਲੇ ਬਣਾ ਦਿੱਤੇ ਗਏ ਜਿਸ ਕਾਰਣ ਫਰੀਦਕੋਟ ਜ਼ਿਲੇ ਦਾ ਖੇਤਰ ਕਾਫੀ ਘਟ ਗਿਆ। ਇਸਦਾ ਕੁੱਲ ਖੇਤਰਫਲ 1475.60 ਵਰਗ ਕਿਲੋਮੀਟਰ ਹੈ।

ਇਸ ਜ਼ਿਲੇ ਵਿੱਚ ਇੱਕ ਲੋਕ ਸਭਾ ਦੀ ਸੀਟ ਅਤੇ ਕੁੱਲ ਤਿੰਨ ਅਸੈਂਬਲੀ ਸੀਟਾਂ ਫਰੀਦਕੋਟ,ਕੋਟਕਪੂਰਾ ਅਤੇ ਜੈਤੋ ਹਨ। ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਵੀ ਬਣੀ ਹੋਈ ਹੈ ਜਿੱਥੇ ਡਾਕਟਰੀ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਦੇ ਖੇਤਰ ਪੱਖੋਂ ਫਰੀਦਕੋਟ ਹੁਣ ਕਾਫੀ ਤਰੱਕੀ ਕਰ ਚੁੱਕਾ ਹੈ।

ਮੇਰੀ ਦਿਲੋਂ ਪ੍ਰਮਾਤਮਾ ਅੱਗੇ ਇਹੀ ਦੁਆ ਹੈ ਕਿ ਸ਼ੇਖ ਫਰੀਦ ਜੀ ਦੀ ਚਰਨ ਸ਼ੋ ਪ੍ਰਾਪਤ ਇਹ ਧਰਤੀ ਅਤੇ ਸਮੁੱਚਾ ਜ਼ਿਲਾ ਹੋਰ ਤਰੱਕੀ ਕਰੇ ਅਤੇ ਇਥੋਂ ਦੇ ਲੋਕਾਂ ਵਿੱਚ ਪਿਆਰ, ਨਿਮਰਤਾ, ਮਿਲਵਰਤਨ, ਭਾਈਚਾਰਾ, ਸ਼ਹਿਨਸ਼ੀਲਤਾ ਆਦਿ ਗੁਣ ਘਰ ਕਰ ਜਾਣ ।

# ਆਸਰਾ ਘਰ ਦੀਆਂ ਲੜਕੀਆਂ ਤੇ ਜਾਗਰੂਕ ਲੋਕ

**(ਸਫਾ 18 ਦੀ ਬਾਕੀ)**

ਚੱਲ ਰਿਹਾ ਹੈ। ਫਿਰ ਜਦੋਂ 5 ਅਗਸਤ ਨੂੰ 13 ਸਾਲਾਂ ਦੀ ਇੱਕ ਬੱਚੀ ਆਸਰਾ ਘਰ ਤੋਂ ਭੱਜ ਕੇ ਪੁਲਿਸ ਕੋ.ਲ ਪਹੁੰਚੀ ਤਾਂ ਅਸਲੀ ਖੇਡ ਦਾ ਪਰਦਾ ਫਾਸ਼ ਹੋਇਆ। ਇਸ ਬੱਚੀ ਨੇ ਉੱਥੇ ਸੈਕਸ ਰੈਕਟ ਚਲਾਏ ਜਾਣ ਦੇ ਸਨਸਨੀਖੇਜ ਖੁਲਾਸੇ ਕਰਨ ਦੇ ਨਾ.ਲ ਹੀ ਖੁਦ ਨਾ.ਲ ਉਤਪੀੜਨ ਦਾ ਦੋਸ਼ ਲਾਇਆ ਸੀ। ਉਸਨੇ ਦੱਸਿਆ ਕਿ ਸ਼ਾਮ ਨੂੰ ਗੱਡੀਆਂ ਰਾਹੀਂ ਬਾਲਿਕਾ ਗ੍ਰਹਿ ਦੀਆਂ ਲੜਕੀਆਂ ਨੂੰ ਦੂਸਰੀ ਜਗ੍ਹਾ ਭੇਜਿਆ ਜਾਂਦਾ ਸੀ। ਇਸ ਤੋਂ ਬਾਅਦ ਐਸ.ਪੀ. ਨੇ ਛਾਪੇਮਾਰੀ ਕਰਕੇ ਉੱਥੋਂ 23 ਬੱਚੀਆਂ ਨੂੰ ਬਰਾਮਦ ਕੀਤਾ ਸੀ ਜਦਕਿ 19 ਲੜਕੀਆਂ ਗਾਇਬ ਸਨ। ਇਹ 19 ਲੜਕੀਆਂ ਕਿੱਧਰ ਗ਼ਾਇਬ ਕਰ ਦਿੱਤੀਆਂ ਗਈਆਂ, ਇਹਨਾਂ ਨੂੰ ਸਬੂਤ ਮਿਟਾਉਣ ਲਈ ਖ਼ਤਮ ਕਰ ਦਿੱਤਾ ਗਿਆ ਜਾਂ ਕਿਧਰੇ ਵੇਚ ਦਿੱਤਾ ਗਿਆ ਇਸ ਦੀ ਜਾਂਚ ਕਿਸੇ ਨਿਰਪੱਖ ਏਜੰਸੀ ਤੋਂ ਹੋਵੇ ਤਾਂ ਹੋਰ ਖੁਲਾਸੇ ਹੋ ਸਕਦੇ ਹਨ।

ਸਾਲ 1969 ਵਿੱਚ ਭਾਰਤ ਸਰਕਾਰ ਦੇ ਸਮਾਜਿਕ ਕਲਿਆਣ ਵਿਭਾਗ ਨੇ 'ਸ਼ਾਰਟ ਸਟੇਅ ਹੋਮ’ ਬਣਾਏ ਸਨ ਤਾਂ ਜੋ ਅਜਿਹੀਆਂ ਔਰਤਾਂ ਅਤੇ ਬੱਚੇ ਕਿਸੇ ਗ਼ਲਤ ਕੰਮ ਵਿੱਚ ਨਾ ਫਸ ਜਾਣ ਅਤੇ ਉਹਨਾਂ ਨੂੰ ਬਚਾਇਆ ਜਾ ਸਕੇ। ਪਰ 'ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ’ ਦੀ ਰਿਪੋਰਟ ਮੁਤਾਬਕ ਸਰੀਰਕ ਹਿੰਸਾ ਸਰਕਾਰੀ ਅਤੇ ਗ਼ੈਰ-ਸਰਕਾਰੀ ਸਾਰੇ 'ਸ਼ੈਲਟਰ ਹੋਮਸ’ ਵਿੱਚ ਹੋ ਰਹੀ ਹੈ। ਫਿਰ ਕਈ ਯੋਜਨਾਵਾਂ ਬਣੀਆਂ, ਕਈ ਕਾਨੂੰਨ ਆਏ, ਪਰ ਮੁਸੀਬਤ ਘਟਣ ਦੀ ਥਾਂ ਵਧਦੀ ਚਲੀ ਗਈ। ਸਾਲ 2013 ਵਿੱਚ 'ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ’ ਨੇ ਅਜਿਹੇ 'ਸ਼ੈਲਟਰ ਹੋਮਸ’ ’ਤੇ ਇੱਕ ਖੋਜ ਕੀਤੀ ਅਤੇ ਉਹਨਾਂ ਨੂੰ 'ਇੰਡੀਆਜ਼ ਹੇਲ ਹੋਲਸ’ (ਭਾਰਤ ਦੇ ਨਰਕ ਦੀ ਖੱਡ) ਕਿਹਾ। ਰਿਪੋਰਟਾਂ ਨੇ ਕਿਹਾ ਕਿ ਭਾਰਤ ਵਿੱਚ ਬੱਚਿਆਂ ਨਾਲ ਬਲਾਤਕਾਰ ਦੇ ਕੁੱਲ ਮਾਮਲਿਆਂ ਵਿੱਚੋਂ ਕਈ ਅਜਿਹੇ ਹੋਮਸ ਵਿੱਚ ਹੀ ਹੋ ਰਹੇ ਹਨ। ਇਹਨਾਂ ਵਿੱਚ ਨਿਸ਼ਾਨੇ ’ਤੇ ਜ਼ਿਆਦਾਤਰ ਬੱਚੀਆਂ ਰਹਿੰਦੀਆਂ ਹਨ। ਬੱਚਿਆਂ ਲਈ ਬਣਾਏ ਗਏ ਕਿਸੇ ਵੀ 'ਹੋਮ’ ਦਾ ਜੁਵਨਾਈਲ ਜਸਟਿਸ ਐਕਟ ਦੇ ਤਹਿਤ ਰਜਿਸਟਰਡ ਹੋਣਾ ਜ਼ਰੂਰੀ ਹੈ ਪਰ ਰਿਪੋਰਟ ਮੁਤਾਬਕ ਜ਼ਿਆਦਾਤਰ ਅਜਿਹਾ ਨਹੀਂ ਹੈ।

ਇਹ ਇੱਕ ਸਮਾਜਿਕ ਦੁਖਾਂਤ ਹੈ ਕਿ ਜਿਸ ਤਰ੍ਹਾਂ ਦਾ ਵਿਹਾਰ ਇਹਨਾਂ ਮਜ਼ਬੂਰ ਤੇ ਅਭਾਗੀਆਂ ਲੜਕੀਆਂ ਨਾਲ ਬਲਾਤਕਾਰੀਆਂ ਅਤੇ ਸ਼ੈਲਟਰ ਹੋਮਸ (ਆਸਰਾ ਘਰਾਂ) ਦੇ ਪ੍ਰਬੰਧਕਾਂ ਨੇ ਕੀਤਾ ਬਿਲਕੁਲ ਉਸੇ ਤਰ੍ਹਾਂ ਦਾ ਹੀ ਵਿਹਾਰ ਜਾਗਰੂਕ ਕਹੇ ਜਾਂਦੇ ਆਮ ਲੋਕਾਂ ਨੇ ਵੀ ਕੀਤਾ ਹੈ। ਅਖ਼ਬਾਰਾਂ ਵਿੱਚ ਇਹਨਾਂ ਦੇ ਬਲਾਤਕਾਰ ਦੀਆਂ ਕਈਆਂ ਖਬਰਾਂ ਛਪਣ ਤੋਂ ਬਾਅਦ ਵੀ ਇਹਨਾਂ ਦੇ ਸਮੱਰਥਨ ਵਿੱਚ ਰੈਲੀਆਂ ਨਹੀਂ ਨਿੱਕਲੀਆਂ। ਕਾਲਜ ਦੇ ਵਿਦਿਆਰਥੀ ਅਤੇ ਦੇਸ਼ ਦੇ ਨੌਜਵਾਨ ਤਖ਼ਤੀਆਂ ਲੈ ਕੇ ਉਸ ਤਰ੍ਹਾਂ ਸੜਕਾਂ ’ਤੇ ਨਹੀਂ ਨਿੱਕਲੇ ਜਿਵੇਂ ਦਿੱਲੀ ਵਿੱਚ ਨਿਰਭਯਾ ਦੇ ਮਾਮਲੇ ਵਿੱਚ ਹੜ੍ਹ ਬਣ ਕੇ ਨਿੱਕਲੇ ਸਨ। ਟੀ.ਵੀ. ਚੈਨਲਾਂ ਨੇ ਵੀ ਜ਼ਿਆਦਾ ਸੰਵਾਦ ਨਹੀਂ ਰਚਾਏ। ਬੁੱਧੀਜੀਵੀਆਂ ਅਤੇ ਸਮਾਜ ਸੇਵਕਾਂ ਦੁਆਰਾ ਜੰਤਰ-ਮੰਤਰ ’ਤੇ ਮੋਮਬੱਤੀਆਂ ਨਹੀਂ ਜਗੀਆਂ। ਜਦੋਂ 'ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼’ ਦੀ ਟੀਮ ਨੇ ਬਿਹਾਰ ਦੇ ਆਸਰਾ ਘਰਾਂ ਦੇ ਅੰਦਰਲੀ ਹਾਲਤ ਦੀ ਜਾਣਕਾਰੀ ਇਕੱਠੀ ਕਰਨੀ ਚਾਹੀ, ਤਾਂ ਉੱਥੇ ਪੀੜਤ ਲੜਕੀਆਂ ਨੇ ਹਿੰਮਤ ਕੀਤੀ।

ਜੇਕਰ ਇਹ ਲੜਕੀਆਂ ਹਿੰਮਤ ਨਾ ਦਿਖਾਉਂਦੀਆਂ, ਸ਼ਾਇਦ ਇਹ ਕੁਕਰਮ ਸਮਾਜ ਸੇਵਾ ਦੇ ਪਰਦੇ ਹੇਠ ਢਕਿਆ ਹੀ ਰਹਿੰਦਾ। ਇਸ ਰਿਪੋਰਟ ਨੂੰ ਸੂਬੇ ਦੇ ਸਮਾਜ ਕਲਿਆਣ ਵਿਭਾਗ ਨੂੰ ਫਰਵਰੀ ਵਿੱਚ ਸੌਂਪਿਆ ਗਿਆ ਪਰ ਕਾਰਵਾਈ ਜੂਨ ਵਿੱਚ ਹੋਈ। ਕਾਰਣ.... ਇਹ ਲੜਕੀਆਂ ਸ਼ਾਇਦ ਉੱਚ ਘਰਾਣਿਆਂ ਦੀਆਂ ਨਹੀਂ ਸਨ ਅਤੇ ਸਾਡੀ ਸਭ ਦੀ ਜਮੀਰ ਮਰੀ ਹੋਈ ਸੀ ਕਿ ਅਸੀਂ ਉਹਨਾਂ ਦੇ ਸਮੱਰਥਨ ਵਿੱਚ ਖੁੱਲ੍ਹ ਕੇ ਸਾਹਮਣੇ ਨਹੀਂ ਆਏ।

# ਕਿਵੇਂ ਜਿਤੇਗਾ ਮੋਦੀ 2019 ਚੋਣਾਂ



ਗੁਰਮੀਤ ਸਿੰਘ ਪਲਾਹੀ
91-98158-02070

ਭਾਰਤ 'ਚ ਆਮ ਚੋਣਾਂ ਲਈ ਮਸਾਂ ਛੇ ਕੁ ਮਹੀਨੇ ਬਚੇ ਹਨ। ਇਹੋ ਸਮਾਂ ਹੈ ਜਦੋਂ ਅਸੀਂ ਮੋਦੀ ਅਤੇ ਉਸਦੀ ਸਰਕਾਰ ਦੀਆਂ ਨਾਕਾਮੀਆਂ ਅਤੇ ਪ੍ਰਾਪਤੀਆਂ ਦੀ ਘੋਖ ਪੜਤਾਲ ਕਰ ਸਕਦੇ ਹਾਂ। ਮੋਦੀ ਨੇ ਸਾਢੇ ਚਾਰ ਸਾਲ ਪਹਿਲਾਂ ਪੂਰੇ ਜੋਸ਼ੋ-ਖਰੋਸ਼ ਨਾਲ ਭਾਰਤ 'ਚ ਇੱਕ ਨਵਾਂ ਇਤਿਹਾਸ ਸਿਰਜਣ ਲਈ ਵੱਡੇ ਵੱਡੇ ਦਾਈਏ ਕੀਤੇ ਸਨ। ਪਿਛਲੀਆਂ ਚੋਣਾਂ ਵੇਲੇ ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਚੋਣਾਂ 'ਚ 31 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ, ਪਰ ਉਹਨੇ ਸਰਕਾਰ ਬਣਾ ਲਈ ਸੀ। ਲੋਕਾਂ ਦੀਆਂ ਆਸਾਂ ਵੱਡੀਆਂ ਸਨ, ਪਰ ਪ੍ਰਾਪਤੀਆਂ ਦੇ ਨਤੀਜਿਆਂ ਵੇਲੇ ਮੋਦੀ ਤੇ ਸਰਕਾਰ ਠੁਸ ਹੋਈ ਨਜ਼ਰ ਆਉਂਦੀ ਹੈ।

ਮੋਦੀ ਕੋਲ ਕ੍ਰਿਸ਼ਮਾ ਦਿਖਾਉਣ ਅਤੇ ਲੋਕਾਂ ਨੂੰ ਲੁਭਾਉਣ, ਵਰਗਲਾਉਣ ਜਿਹੇ ਗੁਣ ਹਨ। ਉਹ ਚੰਗਾ ਬੁਲਾਰਾ ਹੈ। ਗੱਲਾਂ ਗੱਲਾਂ 'ਚ ਉਹ ਲੋਕਾਂ ਨੂੰ ਭ੍ਰਮਿਤ ਕਰ ਸਕਦਾ ਹੈ। ਇਸੇ ਸਿਆਸੀ ਕ੍ਰਿਸ਼ਮੇ ਨਾਲ ਉਹ ਚੋਣਾਂ 'ਚ ਲੋਕਾਂ ਨੂੰ ਆਪਣੇ ਨਾਲ ਤੋਰਨ 'ਚ ਕਾਮਯਾਬ ਹੋ ਗਿਆ ਤੇ ਬਹੁਮਤ ਪ੍ਰਾਪਤ ਕਰ ਗਿਆ, ਪਰ ਉਹ ਇੱਕ ਚੰਗੇ ਪ੍ਰਬੰਧਕ ਵਜੋਂ ਕੋਈ ਕ੍ਰਿਸ਼ਮਾ ਨਹੀਂ ਕਰ ਸਕਿਆ। ਉਹ ਸਿਆਸੀ ਖਿਲਾਅ 'ਚ ਕੰਮ ਕਰਦਾ ਰਿਹਾ, ਜਿਥੇ ਮੁਕਾਬਲੇ 'ਚ ਕੋਈ ਪ੍ਰਭਾਵੀ ਵਿਰੋਧੀ ਧਿਰ ਨਹੀਂ ਸੀ ਕਿਉਂਕਿ ਕਾਂਗਰਸ ਚਾਰੋ ਖਾਨੇ ਚਿੱਤ ਹੋ ਗਈ ਸੀ ਤੇ ਦੂਜੀ ਵਿਰੋਧੀ ਪਾਰਟੀਆਂ ਵੀ ਕੁਝ ਪ੍ਰਾਪਤ ਨਾ ਕਰ ਸਕੀਆ, ਖਾਸ ਕਰਕੇ ਖੱਬੀਆਂ ਧਿਰਾਂ। ਇਹ ਗੱਲ ਭਾਰਤ ਦੀ ਅਫ਼ਸਰਸ਼ਾਹੀ-ਬਾਬੂਸ਼ਾਹੀ ਨੂੰ ਪੂਰੀ ਤਰ੍ਹਾਂ ਰਾਸ ਆਈ। ਅੱਜ ਹਾਲਾਤ ਇਹ ਨਜ਼ਰ ਆ ਰਹੇ ਹਨ ਕਿ ਮੋਦੀ ਦੀ ਕਾਰਜਕੁਸ਼ਲਤਾ 'ਚ ਘਾਟ ਕਾਰਨ ਅਫਸਰਸ਼ਾਹੀ ਨੇ ਦੇਸ਼ ਦੇ ਰਾਜਪ੍ਰਬੰਧ ਉਤੇ ਪੂਰੀ ਤਰ੍ਹਾਂ ਸ਼ਿਕੰਜਾ ਕੱਸਿਆ ਹੋਇਆ ਹੈ ਅਤੇ ਮੋਦੀ ਸਰਕਾਰ ਆਪਣੀਆਂ ਨੀਤੀਆਂ ਨੂੰ ਲਾਗੂ ਹੀ ਨਹੀਂ ਕਰ ਸਕੀ। ਦੇਸ਼ ਦੀ ਬਿਓਰੋਕ੍ਰੇਸੀ (ਅਫਸਰਸ਼ਾਹੀ) ਜੋ ਕਿ ਬਹੁਤ ਸ਼ਕਤੀਸ਼ਾਲੀ ਹੈ, ਭ੍ਰਿਸ਼ਟਾਚਾਰ ਨਾਲ ਗ੍ਰਸਤ ਹੈ, ਕੀ ਮੋਦੀ ਉਸ ਵਿਰੁੱਧ ਕੋਈ ਐਕਸ਼ਨ ਲੈ ਸਕੇਗਾ? ਭਾਰਤ ਦੀ ਅਫਸਰਸ਼ਾਹੀ ਰਾਜਪ੍ਰਬੰਧ ਉਤੇ ਇੰਨੀ ਭਾਰੂ ਹੈ ਕਿ ਕੋਈ ਵੀ ਪ੍ਰਧਾਨਮੰਤਰੀ ਅਫਸਰਸ਼ਾਹੀ ਦੇ ਸਹਿਯੋਗ ਬਿਨ੍ਹਾਂ ਦੇਸ਼ 'ਚ ਰਾਜ ਨਹੀਂ ਕਰ ਸਕਦਾ। ਜਵਾਹਰਲਾਲ ਨਹਿਰੂ, ਇੰਦਰਾ ਗਾਂਧੀ ਅਤੇ ਬਾਜਪਾਈ ਕੋਲ ਤਕੜੇ, ਕੁਸ਼ਲ ਪ੍ਰਿੰਸੀਪਲ ਸਕੱਤਰ ਸਨ। ਪੀਐਨ ਹਕਸਰ ਨੇ ਇੰਦਰਾ ਗਾਂਧੀ ਨੂੰ ਬੰਗਲਾ ਦੇਸ਼ ਫਤਿਹ ਕਰਕੇ ਦਿੱਤਾ। ਬ੍ਰਿਜੇਸ਼ ਮਿਸ਼ਰਾ ਨੇ ਪ੍ਰਧਾਨ ਮੰਤਰੀ ਬਾਜਪਾਈ ਦਾ ਕੰਮ ਪੂਰੀ ਤਨਦੇਹੀ ਨਾਲ ਚਲਾਇਆ। ਅਸਲ 'ਚ ਬਾਜਪਾਈ ਵੇਲੇ ਨਿਊਕਲੀਅਰ ਟੈਸਟ ਦਾ ਕਾਰਜ ਪੂਰਾ ਕਰਨ ਵਾਲਾ ਮਿਸ਼ਰਾ ਹੀ ਸੀ, ਜਿਸਨੇ ਸੀ ਆਈ ਏ ਨੂੰ ਵੀ ਇਸਦੀ ਭਣਕ ਨਹੀਂ ਸੀ ਲੱਗਣ ਦਿੱਤੀ। ਉਸਨੇ ਅਮਰੀਕਾ ਦੇ ਰਾਸ਼ਟਰਪਤੀ ਬੁਸ਼ ਨਾਲ ਵਾਈਟ ਹਾਊਸ 'ਚ ਸਿੱਧਾ ਸੰਪਰਕ ਬਣਾਇਆ। ਪਰ ਮੋਦੀ ਨੇ ਕਿਸੇ ਵੀ ਕੁਸ਼ਲ ਬਿਓਰੋਕਰੇਟ ਨੂੰ ਆਪਣੇ ਪੱਲੇ ਨਹੀਂ ਬੰਨ੍ਹਿਆ, ਇਸੇ ਕਰਕੇ ਮੋਦੀ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ 'ਚ ਕਾਮਯਾਬ ਨਹੀਂ ਹੋਇਆ, ਕਿਉਂਕਿ ਅਫਸਰਸ਼ਾਹੀ ਲਗਾਤਾਰ ਅੜਿੱਕਾ ਬਣ ਗਈ ਹੋਈ ਹੈ।

ਪਿਛਲੇ ਹਫਤੇ ਮੋਦੀ ਸਰਕਾਰ ਵਲੋਂ ਇਹ ਪ੍ਰਚਾਰਿਆ ਗਿਆ ਕਿ ਦੇਸ਼ ਦੀ ਜੀਡੀਪੀ 8.2 ਫੀਸਦੀ ਦੀ ਦਰ ਨਾਲ ਵੱਧ ਰਹੀ ਹੈ। ਅਤੇ ਦੇਸ਼ ਦੀ ਸਟਾਕ ਮਾਰਕਿਟ 25000 ਤੋਂ 38000 ਤੱਕ ਪੁੱਜੀ ਹੈ। ਦੇਸ਼ 'ਚ 390 ਮਿਲੀਅਨ ਲੋਕ ਇੰਟਰਨੈਟ ਵਰਤਦੇ ਹਨ। ਭਾਰਤ ਦੇਸ਼ ਦੀ ਅੱਧੀ ਆਬਾਦੀ 25 ਸਾਲ ਤੋਂ ਘੱਟ ਹੈ ਅਤੇ ਦੋ ਤਿਹਾਈ ਆਬਾਦੀ 35 ਸਾਲ ਤੋਂ ਘੱਟ ਹੈ। ਇਹ ਭਾਰਤ ਦੀ ਬਹੁਤ ਹੀ ਵੱਡੀ ਜਾਇਦਾਦ ਹੈ। ਅੱਜ ਜਦ ਦੂਜੇ ਜ਼ਿਆਦਾਤਰ ਦੇਸ਼ਾਂ ਦੀ ਆਬਾਦੀ ਬੁਢੀ ਹੋ ਰਹੀ ਹੈ, ਭਾਰਤ ਵਿੱਚ ਬਹੁਤੀ ਆਬਾਦੀ ਪੜ੍ਹੀ ਲਿਖੀ ਤੇ ਜਵਾਨ ਹੈ। ਇਹ ਭਾਰਤ ਲਈ ਚੰਗੀਆਂ ਖਬਰਾਂ ਹਨ। ਪਰ ਭਾਰਤ ਦੇਸ਼ ਆਪਣੇ ਨਾਗਰਿਕਾਂ ਨੂੰ 24 ਘੰਟੇ 7 ਦਿਨ ਪਾਣੀ ਅਤੇ ਬਿਜਲੀ ਸਪਲਾਈ ਨਹੀਂ ਕਰ ਸਕਿਆ। ਮੁੰਬਈ, ਦਿੱਲੀ , ਹੈਦਰਾਬਾਦ, ਚੈਨਈ ਵਰਗੇ ਮੁੱਖ ਸ਼ਹਿਰਾਂ 'ਚ ਆਵਾਜਾਈ ਦੇ ਚੰਗੇ ਪ੍ਰਬੰਧ ਵੀ ਨਹੀਂ ਕੀਤੇ ਜਾ ਸਕੇ। ਭਾਵੇਂ ਕਿ ਦਿੱਲੀ ਵਰਗੇ ਸ਼ਹਿਰਾਂ 'ਚ ਚੰਗੇ ਹਵਾਈ ਅੱਡੇ ਬਣਾਏ ਗਏ ਹਨ, ਪਰ ਦੇਸ਼ 'ਚ ਸੀਵਰੇਜ ਦੇ ਹਾਲਾਤ ਤਰਸਯੋਗ ਹਨ। ਕੂੜਾ ਕਰਕਟ ਸੰਭਾਲਣ ਦਾ ਪ੍ਰਬੰਧ ਤਾਂ ਬਹੁਤ ਖਸਤਾ ਹੈ। ਮੋਦੀ ਸਰਕਾਰ ਨੇ ਦੇਸ਼'ਚ ਟਾਇਲਟਾਂ ਦਾ ਪ੍ਰਬੰਧ ਕਰਨ ਦਾ ਯਤਨ ਤਾਂ ਕੀਤਾ ਹੈ, ਪਰ ਟਰੈਫਿਕ ਦੀ ਹਾਲਤ ਨਿਕੰਮੀ ਹੈ। ਦੇਸ਼ 'ਚ ਉਤਨੀਆਂ ਸੜਕਾਂ ਨਹੀਂ ਜਿੰਨੇ ਵਹੀਕਲ ਹਨ। ਜਿਸ ਨਾਲ ਸੜਕਾਂ ਤੇ ਨਿਰੰਤਰ ਜਾਮ ਲੱਗੇ ਰਹਿੰਦੇ ਹਨ। ਦੇਸ਼ ਦੀਆਂ ਅਦਾਲਤਾਂ ਮੁਕੱਦਮਿਆਂ ਨਾਲ ਠਸੀਆਂ ਪਈਆਂ ਹਨ। ਦੇਸ਼ ਵਾਸੀਆਂ ਲਈ ਰਹਿਣ ਲਈ ਮਕਾਨਾਂ ਦੀ ਕਮੀ ਹੈ ਅਤੇ ਚੰਗੀਆਂ ਸਹੂਲਤਾਂ ਲਈ ਬੁਨਿਆਦੀ ਢਾਂਚਾ ਘੱਟ ਹੈ।

ਮੋਦੀ, ਪਿਛਲੇ ਸਾਢੇ ਚਾਰ ਵਰ੍ਹਿਆਂ 'ਚ ਦੇਸ਼ ਦੀਆਂ ਬਹੁਤ ਹੀ ਮਹੱਤਵਪੂਰਨ ਘੱਟ ਗਿਣਤੀਆਂ ਸਿੱਖਾਂ ਅਤੇ ਇਸਾਈਆਂ ਨਾਲ ਭਾਵੇਂ ਕਿ ਉਹ ਗਿਣਤੀ ਵਿੱਚ ਵੀ ਥੋੜ੍ਹੇ ਹਨ ਅਤੇ ਜਿਹੜੇ ਵਿਦੇਸ਼ੀ ਧਨ ਭਾਰਤ 'ਚ ਲਿਆਉਣ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ, ਚੰਗੇ ਸਬੰਧ ਨਹੀਂ ਬਣਾ ਸਕਿਆ। ਯੂ.ਏ.ਈ ਸਰਕਾਰ ਨੇ ਕੇਰਲਾ ਲਈ 200 ਮਿਲੀਅਨ ਡਾਲਰ ਦੀ ਸਹਾਇਤਾ ਹੜ੍ਹ ਪੀੜ੍ਹਤਾਂ ਲਈ ਦੇਣ ਦੀ ਪੇਸ਼ਕਸ਼ ਕੀਤੀ, ਪਰ ਮੋਦੀ ਨੇ ਇਹ ਸਹਾਇਤਾ ਠੁਕਰਾ ਦਿੱਤੀ! ਆਖਰ ਕਿਉਂ? ਕੀ ਉਹਦੇ ਮਨ 'ਚ ਇਹ ਗੱਲ ਕਿਧਰੇ ਘਰ ਕਰਕੇ ਬੈਠੀ ਹੈ ਕਿ ਕੇਰਲਾ ਉਤੇ ਭਾਰਤੀ ਜਨਤਾ ਪਾਰਟੀ ਰਾਜ ਨਹੀਂ ਕਰਦੀ ਇਸ ਕਰਕੇ ਉਸਨੂੰ ਇਸਦਾ ਫਾਇਦਾ ਨਹੀਂ ਹੋਏਗਾ।

ਦੁਨੀਆ ਵਿੱਚ ਭਾਰਤ ਦੂਜਾ ਇਹੋ ਜਿਹਾ ਦੇਸ਼ ਹੈ, ਜਿਥੇ ਵੱਡੀ ਮੁਸਲਿਮ ਆਬਾਦੀ ਹੈ। ਭਾਰਤੀ ਮੁਸਲਮਾਨ ਸ਼ਾਂਤ ਰਹਿਣ ਵਾਲੇ ਦੇਸ਼ਵਾਸੀ ਹਨ। ਪਰ ਭਾਜਪਾ ਦਾ ਵਿਵਹਾਰ ਉਹਨਾ ਨਾਲ ਚੰਗਾ ਨਹੀਂ।"ਬੀਫ" ਨੂੰ ਰੈਸਟੋਰੈਂਟਾਂ 'ਚ ਪਰੋਸਣ ਤੋਂ ਰੋਕ ਦਿੱਤਾ ਗਿਆ। ਮੁਸਲਮਾਨਾਂ ਨੂੰ ਗਊਆਂ ਕਾਰਨ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ। ਪਰੰਤੂ ਭਾਰਤ ਦੁਨੀਆ ਨੂੰ 5 ਬਿਲੀਅਨ ਡਾਲਰ ਮੀਟ ਸਪਲਾਈ ਕਰਦਾ ਹੈ, ਜਿਸ ਵਿੱਚ ਜ਼ਿਆਦਾਤਰ ਮੱਝਾਂ ਝੋਟਿਆਂ ਦਾ ਮਾਸ ਹੁੰਦਾ ਹੈ ਅਤੇ ਕੁਝ ਗਊਆਂ ਦਾ ਵੀ। ਆਮ ਤੌਰ ਤੇ ਦੇਸ਼ ਦੇ ਚੇਤੰਨ ਵਰਗ ਵਲੋਂ ਸਵਾਲ ਪੁੱਛਿਆ ਜਾਂਦਾ ਹੈ ਕਿ ਜੇਕਰ ਇਹ ਮਾਸ ਵਿਦੇਸ਼ਾਂ ਨੂੰ ਭੇਜਿਆ ਜਾਂਦਾ ਹੈ ਤਾਂ ਦੇਸ਼ 'ਚ ਕਿਉਂ ਨਹੀਂ ਵਰਤਿਆ ਜਾ ਸਕਦਾ?

ਮੋਦੀ ਨੇ ਅਮਰੀਕਾ, ਬਰਤਾਨੀਆ, ਕੈਨੇਡਾ, ਅਸਟ੍ਰੇਲੀਆ ਅਤੇ ਹੋਰ ਅਨੇਕਾਂ ਦੇਸ਼ਾਂ ਦੇ ਦੌਰੇ ਕੀਤੇ। ਅਰਬਾਂ ਰੁਪੱਈਏ ਇਹਨਾ ਦੌਰਿਆਂ ਤੇ ਖਰਚ ਹੋਏ। ਪਰ ਕੀ ਇਹਨਾ ਦੇਸ਼ਾਂ ਨਾਲ ਸਬੰਧ ਸੁਖਾਵੇਂ ਹੋ ਸਕੇ ਜਾਂ ਇਹ ਦੌਰੇ ਸਿਰਫ ਗਲਵਕੜੀ ਜਾਂ ਹੱਥ ਘੁੱਟਣੀ ਤੋਂ ਵੱਧ ਹੋਰ ਕੁਝ ਸੁਆਰ ਸਕੇ। ਮੋਦੀ ਨੇ ਪ੍ਰਵਾਸੀ ਭਾਰਤੀਆਂ ਨਾਲ ਵੱਡੀਆਂ ਬੈਠਕਾਂ, ਮਿਲਣੀਆਂ ਕੀਤੀਆਂ। ਵੱਡੀਆਂ ਭੀੜਾਂ ਵੀ ਇਹਨਾ ਭਾਰਤੀਆਂ ਦੀਆਂ ਇੱਕਠੀਆਂ ਕੀਤੀਆਂ, ਪਰ ਕੀ ਇਹ ਭਾਰਤੀ,ਭਾਰਤ ਦੇਸ਼ 'ਚ ਆਪਣੇ ਕਾਰੋਬਾਰ ਖੋਲ੍ਹਣ ਲਈ ਤਿਆਰ ਹੋਏ। ਅਸਲ 'ਚ ਦੇਸ਼ ਦੀ ਅਫਸਰਸ਼ਾਹੀ ਦੀ ਘੁੱਟੀ ਹੋਈ ਮੁੱਠੀ ਮੋਦੀ ਦੀ ਵੱਖੋ-ਵੱਖਰੇ ਖੇਤਰਾਂ 'ਚ ਅਸਫਲਤਾ ਦਾ ਕਾਰਨ ਬਣੀ ਦਿਸਦੀ ਹੈ।

ਮੋਦੀ ਦੇ ਸਾਸ਼ਨ ਕਾਲ ਵਿੱਚ ਗੁਆਂਢੀ ਮੁਲਕਾਂ ਨਾਲ ਚੰਗੇ ਸਬੰਧ ਸਥਾਪਤ ਨਹੀਂ ਕੀਤੇ ਜਾ ਰਹੇ, ਭਾਵੇਂ ਕਿ ਇਸ ਖੇਤਰ ਵਿੱਚ ਮੁਢਲੇ ਤੌਰ ਤੇ ਪਹਿਲਕਦਮੀ ਜ਼ਰੂਰ ਦਿਖੀ। ਮੋਦੀ ਦੇ ਰਾਜ 'ਚ ਚੀਨ ਨੇ ਨੇਪਾਲ, ਮਾਲਦੀਵ, ਸਿਰੀਲੰਕਾ, ਭੂਟਾਨ, ਸਿਕਮ ਅਤੇ ਬੰਗਲਾਦੇਸ਼ ਨੂੰ ਪ੍ਰਭਾਵਤ ਕੀਤਾ ਅਤੇ ਆਪਣੇ ਨਾਲ ਸਬੰਧ ਭਾਰਤ ਨਾਲੋਂ ਵੱਧ ਸੁਖਾਵੇਂ ਬਣਾਏ। ਚੀਨ ਨੇ ਸਮੁੰਦਰੀ ਪਾਣੀਆਂ ਜਿਹਨਾਂ 'ਚ ਹਿੰਦ ਮਹਾਂਸਾਗਰ, ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਸ਼ਾਮਲ ਹਨ 'ਚ ਦਖਲ ਦਿੱਤਾ। ਅਮਰੀਕਾ, ਜਪਾਨ, ਅਸਟ੍ਰੇਲੀਆ ਅਤੇ ਦੱਖਣੀ ਕੋਰੀਆ ਨੇ ਸਮੁੰਦਰੀ ਫੌਜੀ ਮਸ਼ਕਾਂ ਸਾਂਝੀਆਂ ਕਰਨ ਦੀ ਸਲਾਹ ਦਿੱਤੀ ਪਰ ਭਾਰਤ ਨੇ ਚੀਨ , ਪਾਕਿਸਤਾਨ ਅਤੇ ਰੂਸ ਨਾਲ ਸਮੁੰਦਰੀ ਮਸ਼ਕਾਂ ਕੀਤੀਆਂ ਜਿਸ ਨਾਲ ਦੇਸ਼ ਦੀ ਸੁਰੱਖਿਆ ਦਾਅ ਤੇ ਲੱਗਣ ਦੇ ਖਤਰੇ ਵਧੇ। ਭਾਵੇਂ ਕਿ ਮੋਦੀ ਵਲੋਂ ਦੇਸ਼ 'ਚ ਵੱਡੀਆਂ, ਨਵੀਆਂ-ਨਿਵੇਕਲੀਆਂ ਸਕੀਮਾਂ ਚਲਾਉਣ ਦਾ ਦਾਅਵਾ ਕੀਤਾ ਗਿਆ, ਪਰ ਸਫਲਤਾ ਦੇ ਪੱਖ ਤੋਂ ਇਸ ਦੇ ਵੱਡੇ ਪ੍ਰਸ਼ਨ ਚਿੰਨ ਲੱਗੇ ਹਨ। ਨੋਟਬੰਦੀ ਨੇ ਮੋਦੀ ਸ਼ਾਸ਼ਨ ਨੂੰ ਵੱਡੀ ਬਦਨਾਮੀ ਦਿੱਤੀ ਹੈ। ਜੀ ਐਸ ਟੀ ਨਾਲ ਮੋਦੀ ਸਰਕਾਰ ਦਾ ਦੇਸ਼ ਦੇ ਵਪਾਰੀ ਵਰਗ 'ਚ ਅਧਾਰ ਖਰਾਬ ਹੋਇਆ ਹੈ। ਪੈਟਰੋਲ, ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਅਤੇ ਮਹਿੰਗਾਈ ਨੇ ਦੇਸ਼ ਵਾ-ਸੀਆਂ ਸਾਹਮਣੇ ਵੱਡੇ ਸਵਾਲ ਖੜੇ ਕੀਤੇ ਹਨ ਅਤੇ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ ਕਿ ਮੋਦੀ ਸਰਕਾਰ ਕਾਰਪੋਰੇਟ ਸੈਕਟਰ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਆਖਰ ਕਦੋਂ ਤੱਕ ਲੋਕਾਂ ਦੇ ਹਿੱਤ ਦਾਅ ਉਤੇ ਲਾਕੇ ਕਰਦੀ ਰਹੇਗੀ। ਫਰਾਂਸ ਨਾਲ ਹੋਏ ਰੈਫੇਲ ਸਮਝੌਤੇ 'ਚ ਵੱਡੇ ਪੈਸਿਆਂ ਦੇ ਲੈਣ-ਦੇਣ ਨਾਲ ਮੋਦੀ ਸਰਕਾਰ ਤੋਂ ਸਵਾਲ ਪੁੱਛੇ ਜਾਣ ਲੱਗੇ ਹਨ।

ਇਹੋ ਜਿਹੀਆਂ ਹਾਲਾਤਾਂ ਵਿੱਚ 2019 'ਚ ਮੋਦੀ ਦੀ ਜਿੱਤ ਸੌਖੀ ਨਹੀਂ ਸਮਝੀ ਜਾ ਰਹੀ। ਯੂ.ਪੀ. 'ਚ ਮੋਦੀ ਨੇ ਸਰਕਾਰ ਬਣਾਈ। ਗੁਜਰਾਤ 'ਚ ਉਸਨੂੰ ਮਸਾਂ ਜਿੱਤ ਮਿਲੀ। ਇਹ ਕਿਉ ਵਾਪਰਿਆ? ਕਾਂਗਰਸ ਪਾਰਟੀ ਨੇ ਭਾਜਪਾ ਨੂੰ ਉਥੇ ਚਾਣਣ ਵਿਖਾਇਆ। ਪੱਛਮੀ ਬੰਗਾਲ, ਪੰਜਾਬ, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕੇਰਲਾ ਅਤੇ ਕੁਝ ਹੋਰ ਸੂਬਿਆਂ 'ਚ ਮੋਦੀ ਦਾ ਰਾਜ ਨਹੀਂ ਹੈ। ਮੋਦੀ ਦੇ ਵਿਰੋਧ 'ਚ ਵਿਰੋਧੀ ਧਿਰਾਂ ਇੱਕਠੇ ਹੋਣ ਦੇ ਯਤਨ 'ਚ ਹਨ। ਮੋਦੀ ਇਹਨਾ ਸਾਢੇ ਚਾਰ ਸਾਲਾਂ 'ਚ ਨਿਵਾਣਾਂ ਵੱਲ ਜਾਂਦਾ ਦਿਸ ਰਿਹਾ ਹੈ ਅਤੇ ਸਿਆਸੀ ਤੌਰ ਤੇ ਉਹ ਕੋਈ ਵੱਡੀ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ। ਆਉਣ ਵਾਲੇ ਛੇ ਮਹੀਨਿਆਂ 'ਚ ਕੀ ਉਹ ਕੋਈ ਵੱਡੀ ਜਾਦੂਗਿਰੀ ਦਿਖਾ ਸਕੇਗਾ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਇਸ ਸਮੇਂ ਉਸਦਾ ਦੇਸ਼ ਦੇ ਹਾਕਮੀ ਗਲਿਆਰਿਆਂ 'ਚ ਪਰਤਣਾ ਬਹੁਤੇ ਲੋਕਾਂ ਨੂੰ ਔਖਾ ਲੱਗ ਰਿਹਾ ਹੈ। ਸਿਆਸਤ ਦਾ ਅਸੂਲ ਹੈ ਕਿ ਕੌਣ, ਕਿਸਨੂੰ, ਕਿਸ ਵੇਲੇ, ਕਿਥੇ ਅਤੇ ਕਿਵੇਂ ਪ੍ਰਭਾਵਤ ਕਰਦਾ ਹੈ। ਜਿਸ ਸਿਆਸੀ ਨੇਤਾ ਕੋਲ ਕੁਟੱਲਿਆ ਦਾ ਇਹ ਗੁਣ ਹੈ, ਉਹ ਸਿਆਸੀ ਬਾਜੀ ਮਾਰ ਜਾਂਦਾ ਹੈ।

# ਦਲਿਤਾਂ ਦੇ ਦਾਅਵੇ ਅਤੇ ਜਦੋਜਹਿਦ ਦੀ ਅਮੁੱਕ ਕਹਾਣੀ



ਰਾਜਾ ਸ਼ੇਖਰ ਵੁੰਦਰੂ

ਸਾਲ 1931 ਦੀ ਮਰਦਮਸ਼ੁਮਾਰੀ ਹੋਣ ਵਾਲੀ ਸੀ ਕਿ ਸੰਖਿਆਕਾਰਾਂ ਸਾਹਮਣੇ ਅਛੂਤ ਮੰਨੀਆਂ ਜਾਂਦੀਆਂ ਬਰਾਦਰੀਆਂ ਵਿਚਲੀਆਂ ਨਵੀਆਂ ਜਾਤਾਂ ਦਾ ਮਸਲਾ ਆਣ ਖੜ੍ਹਿਆ। ਪੰਜਾਬ ਵਿਚ ਜਦੋਂ ਇਨ੍ਹਾਂ ਲੋਕਾਂ (ਜਿਨ੍ਹਾਂ ਨੂੰ ਮਗਰੋਂ ਦਲਿਤ ਕਿਹਾ ਜਾਣ ਲੱਗਾ) ਤੋਂ ਉਨ੍ਹਾਂ ਦੀ ਜਾਤ ਪੁੱਛੀ ਗਈ ਤਾਂ ਅਚਨਚੇਤ ਉਹ ਆਪਣੇ ਆਪ ਨੂੰ ਆਦਿ-ਧਰਮੀ ਅਖਵਾਉਣ ਲੱਗ ਪਏ। ਆਦਿ-ਧਰਮੀ ਲਹਿਰ ਜਿਸ ਦੀ ਸ਼ੁਰੂਆਤ ਆਰੀਆ ਸਮਾਜ ਤੋਂ ਵੱਖ ਹੋਏ ਮੰਗੂ ਰਾਮ ਨੇ ਕੀਤੀ ਸੀ, ਨੇ ਅਛੂਤ ਜਾਤੀਆਂ ਨੂੰ ਨਵਾਂ ਨਾਮ ਦਿੱਤਾ ਕਿਉਂਕਿ ਉਨ੍ਹਾਂ ਦੀ ਜਾਤ ਦੇ ਨਾਮ ਤਿਰਸਕਾਰ ਅਤੇ ਅਪਮਾਨ ਭਰੇ ਢੰਗ ਨਾਲ ਲਏ ਜਾਂਦੇ ਸਨ।

ਪੰਜਾਬ ਦੇ ਅਛੂਤਾਂ ਨੇ 1926 ਵਿਚ ਆਪਣੇ ਆਪ ਨੂੰ ਵੱਖਰਾ ਤਬਕਾ ਐਲਾਨ ਦਿੱਤਾ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਆਦਿ-ਧਰਮ ਮੰਡਲ ਕਾਇਮ ਕਰ ਲਿਆ। ਅਛੂਤ ਜਾਤੀਆਂ ਦੀ ਵੱਖਰੀ ਪਛਾਣ ਦੀ ਲਹਿਰ ਜ਼ੋਰ ਫੜ ਗਈ ਅਤੇ 1931 ਦੀ ਮਰਦਮਸ਼ੁਮਾਰੀ ਵਿਚ ਕਰੀਬ 5 ਲੱਖ ਅਛੂਤਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਲਿਖਵਾਇਆ। ਦੁਆਬਾ ਖ਼ਿੱਤੇ ਦੇ ਆਦਿ ਧਰਮੀ ਹੁਣ ਬਰਤਾਨੀਆ ਵਿਚ ਪਰਵਾਸੀ ਭਾਈਚਾਰੇ ਦੀ ਇੱਕਲੇ, ਸਭ ਤੋਂ ਵੱਡਾ ਹਿੱਸਾ ਬਣ ਗਏ ਹਨ।

ਉਨੀਵੀਂ ਸਦੀ ਦੇ ਆਰੰਭ ਵਿਚ ਗ਼ੈਰ-ਆਰਿਆਈ ਧਾਰਨਾ ਜੜ੍ਹਾਂ ਫੜਨ ਲੱਗ ਪਈ ਜਿਸ ਦਾ ਲਬੋ-ਲਬਾਬ ਇਹ ਸੀ ਕਿ ਆਰੀਅਨਾਂ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਸੀ ਅਤੇ ਵਰਣ ਵਿਵਸਥਾ ਦੀ ਸ਼ੁਰੂਆਤ ਕੀਤੀ ਸੀ। ਦੱਖਣ ਦੇ ਅਛੂਤ ਦ੍ਰਾਵਿੜ ਅੰਦੋਲਨ ਨਾਲ ਜੁੜ ਗਏ ਅਤੇ ਆਪਣੇ ਆਪ ਨੂੰ ਆਦਿ-ਦ੍ਰਾਵਿੜ, ਆਦਿ-ਆਂਧਰਾ ਤੇ ਆਦਿ-ਕਰਨਾਟਕ ਅਖਵਾਉਣ ਲੱਗ ਪਏ। ਆਦਿ ਤੋਂ ਭਾਵ ਹੈ, ਇਸ ਮੁਲਕ ਦੇ ਮੂਲ ਵਾਸੀ। ਇਸ ਅੰਦੋਲਨ ਤੋਂ ਪਹਿਲਾਂ ਅਛੂਤਾਂ ਨੂੰ ਚਤੁਰ ਵਰਣ (ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ) ਤੋਂ ਬਾਅਦ ਪੰਜਵਾਂ ਵਰਣ, ਭਾਵ ਪੰਚਮ ਕਿਹਾ ਜਾਂਦਾ ਸੀ।

1917 ਵਿਚ ਆਂਧਰਾ ਪ੍ਰਦੇਸ਼ ਦੇ ਸ਼ਹਿਰ ਵਿਜੈਵਾੜਾ ਵਿਚ ਹੋਈ ਪਹਿਲੀ ਪੰਚਮ ਮਹਾਜਨ ਸਭਾ ਦਾ ਨਾਮਕਰਨ ਪਹਿਲੀ ਆਦਿ-ਆਂਧਰਾ ਮਹਾਜਨ ਸਭਾ ਵਜੋਂ ਕੀਤਾ ਗਿਆ। ਆਦਿ-ਆਂਧਰਾ ਅੰਦੋਲਨ ਜ਼ੋਰ-ਸ਼ੋਰ ਨਾਲ ਚੱਲ ਰਿਹਾ ਸੀ ਅਤੇ 1931 ਦੀ ਮਰਦਮਸ਼ੁਮਾਰੀ ਵਿਚ ਆਂਧਰਾ ਪ੍ਰਦੇਸ਼ ਦੇ 665000 ਮਲ (ਤੇ ਕੁਝ ਕੁ ਮਡੀਗਾ ਲੋਕਾਂ) ਜਾਤਾਂ ਨੇ ਆਪਣੇ ਆਪ ਨੂੰ ਆਦਿ-ਆਂਧਰਾ ਅਖਵਾਉਣਾ ਸ਼ੁਰੂ ਕਰ ਦਿੱਤਾ। 1912 ਤੋਂ ਇਹ ਫ਼ਿਕਰਾ ਕਾਨਫਰੰਸਾਂ ਵਿਚ ਪ੍ਰਚੱਲਿਤ ਹੋਣ ਅਤੇ 1924 ਵਿਚ ਆਦਿ-ਹਿੰਦੂ ਸੋਸ਼ਲ ਸਰਵਿਸ ਲੀਗ ਦੀ ਸਥਾਪਨਾ ਹੋਣ ਤੋਂ ਬਾਅਦ ਭਾਗਿਆ ਰੈਡੀ ਵਰਮਾ ਨੇ ਨਿਜ਼ਾਮ ਦੇ ਹੈਦਰਾਬਾਦ (ਮੌਜੂਦਾ ਤਿਲੰਗਾਨਾ) ਅੰਦਰ ਆਦਿ-ਹਿੰਦੂ ਲਹਿਰ ਸ਼ੁਰੂ ਕੀਤੀ ਸੀ। 1922 ਵਿਚ ਯੂਨਾਈਟਡ ਪ੍ਰੋਵਿੰਜ਼ (ਮੌਜੂਦਾ ਉੱਤਰ ਪ੍ਰਦੇਸ਼) ਵਿਚ ਆਰੀਆ ਸਮਾਜ ਤੋਂ ਵੱਖ ਹੋ ਕੇ ਸਵਾਮੀ ਅਛੂਤਾਨੰਦ ਦੀ ਅਗਵਾਈ ਹੇਠ ਦਲਿਤ ਜਾਤੀਆਂ ਨੇ ਆਦਿ-ਹਿੰਦੂ ਅੰਦੋਲਨ ਦੀ ਸ਼ੁਰੂਆਤ ਕੀਤੀ ਅਤੇ 1930 ਵਿਚ ਅਲਾਹਾਬਾਦ ਕਾਨਫਰੰਸ ਵਿਚ ਐਲਾਨ ਕੀਤਾ ਕਿ ਆਦਿ-ਹਿੰਦੂ ਹੀ ਹਿੰਦੁਸਤਾਨ ਦੇ ਮੂਲ ਵਾਸੀ ਹਨ ਜੋ ਆਰੀਅਨਾਂ ਦੇ ਆਉਣ ਤੋਂ ਪਹਿਲਾਂ ਇਸ ਮੁਲਕ ਦੇ ਹਾਕਮ ਅਤੇ ਮਾਲਕ ਸਨ।



1935 ਵਿਚ ਗੌਰਮਿੰਟ ਆਫ ਇੰਡੀਆ ਐਕਟ ਤਹਿਤ ਪਹਿਲੀ ਵਾਰ ਸਾਰੀਆਂ ਅਛੂਤ ਜਾਤੀਆਂ ਨੂੰ ਸਰਕਾਰੀ ਤੌਰ 'ਤੇ ਅਨੁਸੂਚਿਤ ਜਾਤੀਆਂ ਕਰਾਰ ਦੇ ਦਿੱਤਾ ਗਿਆ। ਆਦਿ-ਆਂਧਰਾ, ਆਦਿ-ਧਰਮੀ, ਆਦਿ-ਦ੍ਰਾਵਿੜ, ਆਦਿ-ਕਰਨਾਟਕ ਜਿਹੀਆਂ ਸਾਰੀਆਂ ਜਾਤੀਆਂ ਨੂੰ ਅਨੁਸੂਚਿਤ ਜਾਤੀਆਂ ਵਿਚ ਸ਼ਾਮਲ ਕਰ ਦਿੱਤਾ ਗਿਆ। ਉਂਜ, 1933 ਵਿਚ ਸਵਾਮੀ ਅਛੂਤਾਨੰਦ ਦੀ ਅਚਨਚੇਤ ਮੌਤ ਹੋਣ ਕਰ ਕੇ ਆਦਿ-ਹਿੰਦੂ ਫ਼ਿਕਰੇ ਨੂੰ ਅਨੁਸੂਚਿਤ ਜਾਤੀਆਂ ਦੀ ਸੂਚੀ ਵਿਚ ਜਗ੍ਹਾ ਨਾ ਮਿਲ ਸਕੀ। ਇਸ ਤੋਂ ਬਾਅਦ ਆਦਿ-ਹਿੰਦੂ ਲਹਿਰ ਖਿੰਡ-ਪੁੰਡ ਜਾਣ ਕਾਰਨ ਉੱਤਰ ਪ੍ਰਦੇਸ਼ ਦੇ ਦਲਿਤਾਂ ਨੇ ਵੱਡੇ ਪੱਧਰ 'ਤੇ ਖ਼ੁਦ ਨੂੰ ਜਾਟਵ ਅਖਵਾਉਣਾ ਸ਼ੁਰੂ ਕਰ ਦਿੱਤਾ। ਅਨੁਸੂਚਿਤ ਜਾਤੀਆਂ ਦੀ 1935 ਵਿਚ ਬਣੀ ਸੂਚੀ 1950 ਵਿਚ ਲਾਗੂ ਹੋਏ ਭਾਰਤੀ ਸੰਵਿਧਾਨ ਵਿਚ ਹੂ-ਬ-ਹੂ ਸ਼ੁਮਾਰ ਕਰ ਲਈ ਗਈ ਅਤੇ ਸਰਕਾਰੀ ਤੌਰ 'ਤੇ ਇਨ੍ਹਾਂ ਨੂੰ ਅਨੁਸੂਚਿਤ ਜਾਤੀਆਂ ਕਿਹਾ ਜਾਣ ਲੱਗ ਪਿਆ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਅਛੂਤਾਂ ਦੀ ਪਛਾਣ ਜਿਸ ਕਦਰ ਤੇਜ਼ੀ ਨਾਲ ਬਦਲੀ, ਉਸ ਲਿਹਾਜ਼ ਤੋਂ ਅਛੂਤਾਂ ਦੇ ਇਤਿਹਾਸ ਦੇ ਤਿੰਨ ਪੜਾਅ ਹਨ। ਪਹਿਲਾ ਪੜਾਅ ਧਰਮ ਗ੍ਰੰਥਾਂ ਦਾ ਹੈ ਜਿਨ੍ਹਾਂ ਵਿਚ ਅਛੂਤਾਂ ਨੂੰ ਚੰਡਾਲ, ਸ਼ਵਪਾਚਕ, ਅੰਤਿਆਜੇ ਕਿਹਾ ਜਾਂਦਾ ਸੀ ਅਤੇ ਬਾਅਦ ਵਿਚ ਪੰਚਮ, ਮਲ, ਮਡੀਗਾ, ਮਹਾਰ, ਪਰੀਹਾ ਆਦਿ ਜਾਤੀ ਨਾਵਾਂ ਨਾਲ ਪੁਕਾਰਿਆ ਜਾਣ ਲੱਗ ਪਿਆ। ਅਛੂਤਾਂ ਨੇ ਘ੍ਰਿਣਤ ਤੇ ਅਪਮਾਨਜਨਕ ਜਾਤੀ ਨਾਵਾਂ ਦੇ ਇਸ ਦਾਗ਼ ਤੋਂ ਬਚਣ ਦੀ ਕੋਸ਼ਿਸ਼ ਕੀਤੀ। ਉੱਤਰ ਦੇ ਦਲਿਤ ਭਗਤੀ ਲਹਿਰ ਦੇ ਸੰਤਾਂ ਨਾਲ ਜੁੜਨ ਲੱਗ ਪਏ ਅਤੇ ਉਹ ਆਪਣੇ ਆਪ ਨੂੰ ਰਵੀਦਾਸੀਏ, ਕਬੀਰਪੰਥੀ ਕਹਾਉਣ ਲੱਗ ਪਏ ਅਤੇ ਭੰਗੀ ਜਾਤਾਂ ਖ਼ੁਦ ਨੂੰ ਬਾਲਮੀਕੀ ਕਹਾਉਣ ਲੱਗ ਪਈਆਂ, ਫਿਰ ਵੀ ਇਸ ਵਰਣ ਨੇ ਉਨ੍ਹਾਂ ਦਾ ਖਹਿੜਾ ਨਾ ਛੱਡਿਆ ਅਤੇ ਦਮਨ ਲਗਾਤਾਰ ਜਾਰੀ ਰਿਹਾ।

ਇਸ ਦਾ ਦੂਜਾ ਪੜਾਅ ਉਦੋਂ ਸ਼ੁਰੂ ਹੋਇਆ ਜਦੋਂ ਆਦਿ-ਲਹਿਰਾਂ ਆਰੰਭ ਹੋਣ ਲੱਗੀਆਂ ਅਤੇ ਅਛੂਤ ਲੋਕ ਇਨ੍ਹਾਂ ਨਾਲ ਜੁੜਨ ਲੱਗੇ। ਮਦਰਾਸ ਦੇ ਪਰੀਹਾ ਲੋਕਾਂ ਨੇ ਆਪਣੇ ਆਪ ਨੂੰ ਦ੍ਰਾਵਿੜ ਕਹਾਉਣਾ ਸ਼ੁਰੂ ਕਰ ਦਿੱਤਾ ਅਤੇ ਦੱਖਣ ਦੇ ਹੋਰਨੀਂ ਥਾਈਂ ਆਦਿ-ਜਾਤੀਆਂ ਦਾ ਪਸਾਰ ਹੋਣ ਲੱਗਿਆ। ਦਰਅਸਲ, ਆਦਿ-ਲਹਿਰ ਦਲਿਤਾਂ ਦੇ ਦਾਅਵੇ ਦੀ ਸ਼ੁਰੂਆਤ ਸੀ ਕਿ ਅਛੂਤ ਇਸ ਮੁਲਕ ਦੇ ਮੂਲ ਨਿਵਾਸੀ ਹਨ ਅਤੇ ਅਖੌਤੀ ਉਚ ਜਾਤੀਆਂ ਹੋਰ ਕੋਈ ਨਹੀਂ ਸਗੋਂ ਬਾਹਰੋਂ ਆਏ ਆਰਿਆਈ ਹਨ।

ਤੀਜਾ ਪੜਾਅ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਮਹਾਤਮਾ ਗਾਂਧੀ ਇਨ੍ਹਾਂ ਲੋਕਾਂ ਲਈ ਹਰੀਜਨ ਸ਼ਬਦ ਘੜਦੇ ਹਨ। ਉਹ ਪਹਿਲੀ ਵਾਰ ਇਹ ਸ਼ਬਦ ਇਸ ਐਲਾਨ ਨਾਲ ਕਰਦੇ ਹਨ ਕਿ ਅਛੂਤ ਹਿੰਦੂਮਤ ਦਾ ਅੰਗ ਹਨ। ਉਨ੍ਹਾਂ ਹਰੀਜਨ ਦੇ ਨਾਂ ਹੇਠ ਹਫ਼ਤਾਵਾਰੀ ਪਰਚਾ ਵੀ ਸ਼ੁਰੂ ਕੀਤਾ ਜੋ ਉਨ੍ਹਾਂ ਦੀ ਮੌਤ ਤਕ ਪ੍ਰਕਾਸ਼ਿਤ ਹੁੰਦਾ ਰਿਹਾ। ਡਾ. ਭੀਮ ਰਾਓ ਅੰਬੇਡਕਰ ਨੇ ਕਿਹਾ ਕਿ ਹਰੀਜਨ ਸ਼ਬਦ ਵਿਚੋਂ ਅਪਮਾਨ ਝਲਕਦਾ ਹੈ ਅਤੇ ਉਨ੍ਹਾਂ ਇਸ ਦਾ ਡਟ ਕੇ ਵਿਰੋਧ ਕੀਤਾ। ਅੰਬੇਡਕਰਵਾਦੀ ਲਹਿਰ ਨੇ ਆਖ਼ਿਰਕਾਰ ਸਰਕਾਰੀ ਤੌਰ 'ਤੇ ਹਰੀਜਨ ਸ਼ਬਦ ਦੀ ਵਰਤੋਂ ਬੰਦ ਕਰਵਾਈ। ਭਾਰਤ ਵਿਚ ਅੰਬੇਡਕਰਵਾਦੀ ਲਹਿਰ ਮਜ਼ਬੂਤ ਹੋਣ ਨਾਲ ਦਲਿਤ ਸ਼ਬਦ ਜ਼ੁਬਾਨ 'ਤੇ ਚੜ੍ਹਨ ਲੱਗ ਪਿਆ। ਇਹ ਸ਼ਬਦ ਜਿੱਥੇ ਯਕਲਖ਼ਤ ਦਮਨ ਦਾ ਆਭਾਸ ਕਰਾਉਂਦਾ ਹੈ, ਉਥੇ ਦਮਨ ਦੇ ਖ਼ਿਲਾਫ਼ ਦ੍ਰਿੜ੍ਹਤਾ ਅਤੇ ਵੰਗਾਰ ਦੀ ਪ੍ਰਚੰਡ ਪਛਾਣ ਵੀ ਸਿਰਜਦਾ ਹੈ। ਅੰਬੇਡਕਰਵਾਦੀ ਲਹਿਰ ਹੀ ਅੱਗੇ ਚੱਲ ਕੇ ਦਲਿਤ ਪੈਂਥਰ (ਜੋ ਅਮਰੀਕਾ ਦੀ ਬਲੈਕ ਪੈਂਥਰ ਲਹਿਰ ਨਾਲ ਮੇਲ ਖਾਂਦੀ ਸੀ) ਅਤੇ ਦਲਿਤ ਸਾਹਿਤ ਦੇ ਰੂਪ ਵਿਚ ਪ੍ਰਵਾਨ ਚੜ੍ਹੀ। ਐਲੀਨਰ ਜ਼ੇਲੀਅਟ ਵਰਗੇ ਵਿਦਵਾਨ ਲੇਖਕਾਂ ਨੇ 'ਫਰੌਮ ਅਨਟੱਚੇਬਲ ਟੂ ਦਲਿਤ' (1992), ਗੇਅਲ ਓਮਵੈਟ ਨੇ 1994 ਵਿਚ 'ਦਲਿਤਸ ਐਂਡ ਡੈਮੋਕਰੈਟਿਕ ਰੈਵੋਲੂਸ਼ਨ ਜਿਹੀਆਂ ਲਿਖਤਾਂ ਨਾਲ ਅਕਾਦਮਿਕ ਖੇਤਰ ਵਿਚ ਸ਼ਬਦ ਦਲਿਤ ਸਥਾਪਤ ਕਰ ਦਿੱਤਾ। ਦਲਿਤ ਸਾਹਿਤ ਹੁਣ ਲੇਖਣੀ ਦੀ ਪ੍ਰਵਾਨਿਤ ਵੰਨਗੀ ਬਣ ਗਈ ਹੈ।

ਐਲੀਨਰ ਨੇ ਦਲਿਤ ਸ਼ਬਦ ਦੀ ਵਰਤੋਂ 'ਤੇ ਜ਼ੋਰ ਦਿੱਤਾ ਅਤੇ ਆਖਿਆ ਕਿ "ਦਲਿਤ ਸ਼ਬਦ ਅਜਿਹੇ ਖ਼ਿਆਲ ਵੱਲ ਸੰਕੇਤ ਕਰਦਾ ਹੈ ਕਿ ਭਾਰਤ ਦੇ ਅਛੂਤਾਂ ਨੇ ਆਪਣੇ ਲਈ ਨਵੀਂ ਪਛਾਣ ਘੜੀ ਹੈ ਜੋ ਭਿੱਟ ਨੂੰ ਨਹੀਂ ਮੰਨਦੀ ਅਤੇ ਜੋ ਇਹ ਸਮਝਦੇ ਹਨ ਕਿ ਉਨ੍ਹਾਂ ਦੀ ਇਹ ਹਾਲਤ ਜਾਤੀ ਵਿਵਸਥਾ ਦੇ ਨੁਕਸ ਕਰ ਕੇ ਹੈ। ਧਾਰਮਿਕ, ਸਮਾਜਿਕ ਅਤੇ ਆਰਥਿਕ ਤੌਰ 'ਤੇ ਦੱਬੇ-ਕੁਚਲੇ ਸਭ ਲੋਕ ਅੰਬੇਡਕਰਵਾਦੀ ਲਹਿਰ ਦਾ ਹਿੱਸਾ ਹਨ।" ਦਲਿਤ ਸ਼ਬਦ ਉਨ੍ਹਾਂ ਸਾਰੇ ਲੋਕਾਂ ਵਿਚ ਹੁਣ ਆਮ ਪ੍ਰਚੱਲਤ ਹੈ ਜੋ ਇਸ ਧਾਰਨਾ ਦੇ ਹਾਮੀ ਹਨ। ਬਰਾਬਰੀ ਦੀ ਤਲਬ ਦੇ ਇਸ ਸਫ਼ਰ ਦੌਰਾਨ ਦਲਿਤ ਆਪਣੇ ਸੰਘਰਸ਼ਾਂ ਅਤੇ ਉਨ੍ਹਾਂ ਨੂੰ ਪੁਕਾਰੇ ਜਾਣ ਵਾਲੇ ਸ਼ਬਦਾਂ ਦੇ ਸਭ ਤੋਂ ਕਰੜੇ ਪੜਾਵਾਂ 'ਚੋਂ ਗੁਜ਼ਰੇ ਹਨ। 1970ਵਿਆਂ ਤੋਂ ਸ਼ੁਰੂ ਹੋ ਕੇ 20ਵੀਂ ਸਦੀ ਦੇ ਅਖ਼ੀਰ ਤੱਕ ਦਲਿਤ ਦਾਅਵਾ ਸਿਰ ਚੜ੍ਹ ਕੇ ਬੋਲਣ ਲੱਗ ਪਿਆ ਸੀ ਅਤੇ ਅਛੂਤਾਂ ਦੀ ਪ੍ਰਚੰਡ ਪਛਾਣ ਜੰਗਲ ਦੀ ਅੱਗ ਵਾਂਗ ਫੈਲ ਗਈ ਤੇ ਲੋਕ ਚੇਤਨਾ ਦਾ ਹਿੱਸਾ ਬਣਨ ਲੱਗ ਪਈ। ਹੁਣ ਜਾਪਦਾ ਹੈ ਕਿ ਕੋਈ ਵੀ ਇਸ ਨੂੰ ਪੁੱਠਾ ਗੇੜਾ ਨਹੀਂ ਦੇ ਸਕੇਗਾ। ਸ਼ਬਦ ਦਲਿਤ ਹੁਣ ਕਾਇਮ-ਦਾਇਮ ਰਹੇਗਾ ਅਤੇ ਇਹ ਇਸ ਮੁਲਕ ਅਤੇ ਦੁਨੀਆਂ ਦੇ ਸ਼ਬਦਕੋਸ਼ਾਂ ਦਾ ਅਨਿੱਖੜ ਅੰਗ ਬਣ ਗਿਆ ਹੈ।

*ਲੇਖਕ ਆਈਏਐਸ ਅਫ਼ਸਰ ਹੈ ਅਤੇ 'ਅੰਬੇਡਕਰ, ਗਾਂਧੀ ਐਂਡ ਪਟੇਲ: ਮੇਕਿੰਗ ਆਫ ਇੰਡੀਆ'ਜ਼ ਇਲੈਕਟੋਰਲ ਸਿਸਟਮ' ਕਿਤਾਬ ਦਾ ਲੇਖਕ ਹੈ।

*(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ)*




# Thinking of Buying or Selling Houses or Businesses within Sacramento to Bay Area?

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




2 bdrm, 2.0 full bath
1,116 sq ft
Lot size: 436
Current Rent: $1450.00
Listing Price: $149,000




3 bdrm, 1.0 full bath
1,000 sq ft
Lot size: 5,998
Listing Price: $259,000




4 bdrm, 2.0 full bath
1,596 sq ft
Lot size: 6,098
Listing Price: $289,900




3-4 bdrm, 2.0 full bath
1,492 sq ft
Lot size: 6,469
Listing Price: $299,000




5 bdrm, 2.5 full bath
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




4 Bedroom, 2 Bathroom
1,659 sq ft
2 Car Garage,
Listing Price: $389,900




3 Bedroom, 2 Bathroom
1,629 sq ft
2 Car Garage
Listing Price: $345,000




4 Bedroom, 2 Bathroom
2,070 sq ft
2 Car Garage
Listing Price: $409,000




4 Bedroom, 2 Bathroom
2,191 sq ft
3 Car Garage
Listing Price: $462,900




BERKSHIRE HATHAWAY Home Services

# Buying or Selling Hotels and Gas Stations? Call Now- 916-271-5404

# OFFICE: 7412 ELSIE AVE., SACRAMENTO, CA 95828

# UNITED SPORTS CLUB CALIFORNIA, AMERICA

# 14TH WORLD KABADDI CUP

## 16 SEPTEMBER 2018, SUNDAY

(09:00am - 06pm)

(James Logan High School

1800 H Street, Union City, California 94587)



Amolak Singh Gakhal
Chief Patron, United Sports Club

Chief Guest



Sant Sewa Singh Ji
Khadoor Sahib Wale




Makhan Singh Bains, Chairman · Iqbal Singh Gakhal, Vice Chairman · Balvir Singh Bhatia, President · Palwinder Singh Gakhal, Director · Jugraj Singh Sahota, Vice President · S. Ashok Bhaura, Gen. Sec & Media Incharge · Pinki Atwal, Director · Sadhu Singh Khlaur, Advisor · Narinder Singh Sahota, Treasurer · Makhan Singh Dhaliwal, Director

Dalwinder Padda, Director · Natha Singh Gakhal, Advisor · Debi Sohal Sidhwan Dona, Director · Inderjit Thind · Bakhtawar Singh Gakhal, Director · Gurpreet Singh Gakhal, Director · Giani Ravinder Singh, Director · Baljinder Singh Gakhal, Director · Gulwiner Singh Gakhal, Director · Harjinder Ladhar, Director · Arundeep Singh

### Honor With Gold Medals

Major Gakhal · Kindu Ramidi · Lakha Gazipuria

### Opening

Surjit Singh Tutt · Mike Boparai · Jaspreet Singh Attorney · Major Singh Bains · Harduman Singh (Billa Sanghera)

### Sponsor of 1st Prize

DIAMOND TRANSPORTATION

Gulwinder Gakhal, Pinki Atwal & Neki Atwal of Diamond Trucking

### Sponsor of 2nd Prize

Jugraj Singh Sahota & Narinder Singh Sahota of Sahota Family

(Dedicated to Sweet Memory of Late. Kashmir Singh Sahota)

### Sponsor of Under-25 First Prize

Sponsored byTakhar faimly in memory of late santokh s Takhar Apna punjab& Northern California club

### Guest Of Honor

Jagir Singh Sabzi Mandi · Jaswant Dass Gill · Mani Grewal · Tarlochan S Lasher (Team Owner) · Shaba Thiara (Team Owner) · Baljit S sandhu (Team Owner) · Vicky Sammipuria (Team Owner) · Tari (Team Owner) · Pamna Deol (Team Owner) · Sewa Singh Randhawa (Team Owner) · Kulwant Singh Nijjar

Kulwant Singh Khaira · Randhir Singh Nijjar · Balwinder S Virk · Rana Dhillon · Sewa S Sidhu · Amarjit Samra · Sarabjit Deol · Dr. Baljinder Singh Grewal · Balwinder walia · Jaswant singh Hothi · Gurdip Singh Gakhal · Nirmal Singh Sahota

### StarKabaddi Players who will participate in World Kabaddi Cup

Mangi Bagga Pind · Pala Jalalapur · Sandip Ludhar · Sukha Bhandal · Dulla Bagga Pind · Khushi Duggan · Pehlwan Kahlwan · Kamal Nawan Pind · Yaad Kotli · Rubi Harkhowal · Jairo · Arsh Chohla · Arshi Preetam · Yadha Surkhpur · Channa Bhetan · Lakha Cheema · Pali Chhanna

Gurlal Ghanaur · Sultan · Sandeep Surkhpur · Deesha Aalowal · Gagan Jogewal · Bana Dhaliwal · Sattu Khadoor Sahib · Hasoos · Sandeep Nangal Ambian · Taja Kala Sanghian · Gurpreet Burj Hari · Johny Gill · Daljit Saunspur · Sethi Harkhowal · Jagga Randhawa · Navi Johal

### Kabaddi Clubs will participate

1. Sher-E-Punjab Sports Club, Loss Bennis (Lachhar Bro)
2. Royal Kings U.S.A (Shabba Thiara)
3. Mid West Kabaddi team (Viky Samipuria & Tari)
4. Bay Area Sports Club (Baljit Sandhu)
5. Canada Kabaddi Team (Pamma Deol & Sewa Singh Randhawa)

### Under-25 Teams

1. United Sports Club
2. Yuba Brothers
3 Khalsa Sports Club, Yuba City
4. Shaheed Baba Deep Singh Sports Club, SA

With Support of United Sports Club, Raja Sweets, Gurdwara Fremont, San Jose, Stockton and Singh Sabha Milpitas will served tea Pakoura and Guru Ke Langar

Media In charge World Kabaddi Cup
**S. Ashok Bhaura**
Phone: 510 415 3315, Email: ashokbhaura@gmail.com

COMENTATORS
* Asha Sharma *Iqbal Galib
* Makhan Ali *Surjit Kakrari

All Kabaddi Lovers openly Inivited

Spectators have to reach at James Logan High School, International Law of Kabaddi will apply., United Sports Club has reserve the right for last decisions